# ਸੰਦੇਸ਼

ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ, ਸਮਾਜ ਜਿਸ ਤਰ੍ਹਾਂ ਦਾ ਹੋਵੇਗਾ ਉਹ ਉਸੇ ਤਰ੍ਹਾਂ ਹੀ ਸਾਹਿਤ ਵਿਚ ਪ੍ਰਤਿਬਿੰਬਿਤ ਰਹਿੰਦਾ ਹੈ । ਸਮਾਜ ਦੇ ਰੂਪ-ਰੰਗ, ਵ੍ਰਿਧੀ-ਹ੍ਰਾਸ ਤਥਾ ਉੱਥਾਨ-ਪਤਨ ਦੇ ਨਿਸ਼ਚਿਤ ਗਿਆਨ ਦਾ ਪ੍ਰਧਾਨ ਸਾਧਨ ਤਤਕਾਲੀਨ ਸਾਹਿਤ ਹੀ ਹੁੰਦਾ ਹੈ । ਸੰਸਕ੍ਰਿਤੀ ਦੇ ਪ੍ਰਚਾਰ-ਪ੍ਰਸਾਰ ਦਾ ਸਰਵ-ਉਤਕ੍ਰਿਸ਼ਟ ਸਾਧਨ ਸਾਹਿਤ ਹੀ ਹੈ । "ਸ਼੍ਰੀਮਦ੍ਭਗਵਦ੍ਗੀਤਾ" ਭਾਰਤੀ ਸਮਾਜ, ਸਭਿਅਤਾ, ਸੰਸਕ੍ਰਿਤੀ, ਸਾਹਿਤ ਅਤੇ ਆਧਿਆਤਮਿਕ ਦਾ ਸਰਵ ਸ਼੍ਰੇਸ਼ਟ ਇਕ ਅਨੂਪਮ ਗ੍ਰੰਥ ਹੈ । ਇਸ ਵਿਚ ਕਰਮ, ਭਗਤੀ ਤਥਾ ਗਿਆਨ ਦੀ ਤ੍ਰਿਵੇਣੀ ਹੈ । ਕਰਮਸ਼ੀਲ ਵਿਅਕਤੀ ਇਸ ਨੂੰ ਕਰਮ-ਪ੍ਰਧਾਨ, ਭਗਤ ਇਸ ਨੂੰ ਭਗਤੀ-ਪ੍ਰਧਾਨ ਅਤੇ ਗਿਆਨ-ਮਾਰਗੀ ਇਸ ਨੂੰ ਗਿਆਨ-ਪ੍ਰਧਾਨ ਮੰਨਦੇ ਹਨ ।

ਗੀਤਾ ਦਾ ਸ਼ੰਖ-ਨਾਦ ਇਸ ਗੱਲ ਨੂੰ ਪੂਰਨ-ਰੂਪ ਵਿਚ ਸਪਸ਼ਟ ਕਰਦਾ ਹੈ ਕਿ ਪ੍ਰਾਣੀ-ਮਾਤ੍ਰ ਵਿਚ ਇਕ ਹੀ ਬ੍ਰਹਮ-ਸੱਤਾ ਵਿਆਪਕ ਹੈ । ਇਸ ਵਾਸਤੇ ਗੀਤਾ ਕਿਸੇ ਜਾਤੀ, ਧਰਮ, ਵਰਣ ਤਥਾ ਸਮੁਦਾਇ ਆਦਿਕ ਦਾ ਭੇਦ ਨਹੀ ਮੰਨਦੀ । ਗੀਤਾ ਇਕ ਐਸੇ ਮਾਨਵੀ-ਧਰਮ ਵੱਲ ਸੰਕੇਤ ਕਰਦੀ ਹੈ ਜੋ ਦੇਸ਼-ਕਾਲ, ਧਰਮ, ਸਮਾਜ ਅਤੇ ਸੰਸਕ੍ਰਿਤੀ ਦੀਆਂ ਸੀਮਾਵਾਂ ਤੋਂ ਪਰੇ ਹੈ । ਐਸੇ ਪਰਮ-ਭਾਗਵਤ ਧਰਮ ਦੀ ਸਥਾਪਨਾ ਅਤੇ ਸੰਵਰਧਨ ਵਾਸਤੇ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਹੋਇਆ, ਉਨ੍ਹਾਂ ਨੇ ਸੰਸਾਰ ਦੀ ਮਨੁੱਖ ਜਾਤੀ ਵਿਚੋਂ ਮਾਨਵਤਾ ਦੇ ਸਿਧਾਂਤ ਨਾਲ ਸਰੋਬਾਰ ਖਾਲਸਾ (ਪੂਰਨ ਮਨੁੱਖ) ਬਣਾਇਆ । ਪੂਰਨ ਮਨੁੱਖ ਹੀ ਮਨੁੱਖਤਾ ਨੂੰ ਪਹਿਚਾਣ ਕੇ ਸਭ ਦੇ ਲਈ ਸੁੰਦਰ ਜੀਵਨ ਜਿਊਂਣ ਦੀ ਕਲਾ ਸਿਖਾ ਸਕਦਾ ਹੈ ।

ਗੁਰੂ ਸਾਹਿਬ ਜੀ ਨੇ ਖਾਲਸਾ ਤਿਆਰ ਕਰਕੇ ਪੰਜ ਤਖਤ ਸਾਹਿਬਾਨ ਦੀ ਪ੍ਰਭੂਤਾ ਕਾਇਮ ਕੀਤੀ । ਪੰਜ ਪਿਆਰਿਆਂ ਦਾ ਵਿਧਾਨ ਹੀ ਲੋਕਤੰਤ੍ਰ ਦੀ ਸਭ ਤੋਂ ਸਾਰਥਿਕ ਕਾਨੂੰਨੀ ਵਿਧਾ ਹੈ । ਲੋਕਤੰਤ੍ਰ ਦਾ ਨਿਯਮ ਹੈ ਆਪ ਸੁਖੀ ਹੋਣਾ ਅਤੇ ਦੂਸਰਿਆਂ ਨੂੰ ਸੁਖੀ ਰਹਿਣ ਦੀ ਤਾਲੀਮ ਦੇਣਾ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਅਰਦਾਸ ਦੀ ਸੰਪੂਰਨਤਾ ਹੀ "ਤੇਰੇ ਭਾਣੇ ਸਰਬਤ ਦਾ ਭਲਾ" ਉਪਰ ਕੀਤੀ ਹੈ । ਜੋ ਪ੍ਰਭੂ ਪ੍ਰਾਪਤੀ ਦਾ ਜਿਗਿਆਸੂ ਹੈ, ਉਸ ਲਈ ਜਰੂਰੀ ਹੈ ਕਿ ਉਹ ਲੋਕਾਈ ਅੰਦਰ ਬਰਾਬਰਤਾ ਨੂੰ ਸਮਝ ਕੇ ਕਾਰਜ ਕਰੇ । ਇਥੇ ਬਰਾਬਰਤਾ ਦਾ ਅਰਥ ਹੈ ਸੁਖੀ ਜੀਵਨ ਦਾ ਢਾਂਚਾ । ਸੁਖੀ ਜੀਵਨ ਦੀ ਪਹਿਚਾਣ ਹੁੰਦੀ ਹੈ, ਕਾਨੂੰਨ ਦੀ ਪਾਲਨਾ ਕਰਨਾ । ਮਨੁੱਖ ਤੋਂ ਮਨੁੱਖ ਨੂੰ ਸੁਖੀ ਵਿਧਾਨਿਕ ਢੰਗ ਦੀ ਵਿਆਖਿਆ ਹੀ ਕਾਨੂੰਨ ਹੁੰਦਾ ਹੈ । ਕਾਨੂੰਨ, ਨਿਯਮ ਅਤੇ ਮ੍ਰਯਾਦਾ ਇਕੋ ਹੀ ਵਿਚਾਰਧਾਰਾ ਦੇ ਭਾਵਨਾ ਅਨੁਸਾਰ ਵੱਖੋ ਵੱਖਰੇ ਨਾਮ ਹਨ ।

ਸਮਾਜ ਨੂੰ ਸੁਧਾਰਨ ਲਈ ਵਿਚਾਰਧਾਰਿਕ ਗ੍ਰੰਥ ਹੀ ਸਾਰਥਿਕ ਹੁੰਦੇ ਹਨ । ਜਿਨ੍ਹਾਂ ਵਿਚ ਮਿਥਿਹਾਸਿਕ ਅਤੇ ਇਤਿਹਾਸਿਕ ਸ਼ਬਦ, ਕਾਨੂੰਨ ਮਰਜਾਦਾ ਅਤੇ ਨਿਯਮ ਦੀ ਵਿਆਖਿਆ ਕਰਦੇ ਹਨ । ਨਿਯਮ ਨੂੰ ਮਿਥ ਜਾਂ ਕਲਪਨਾ ਦੁਆਰਾ ਸਿਧ ਕਰਨ ਵਾਲਾ ਢੰਗ ਮਿਥਿਹਾਸਿਕ ਅਤੇ ਸ਼ਾਰੀਰਿਕ ਪ੍ਰਵਿਰਤੀਆਂ ਨੂੰ ਸਮਝ ਕੇ ਨਿਯਮ ਲਈ ਸਥਾਪਿਤ ਕੀਤੀ ਗਈ ਵਿਵਸਥਾ ਨੂੰ ਇਤਿਹਾਸਿਕ ਕਿਹਾ ਜਾਂਦਾ ਹੈ । ਦੋਨਾਂ ਦਾ ਮਕਸਦ ਸਮਾਜ ਦੇ ਅੰਦਰ ਚੰਗੀ ਵਿਵਸਥਾ ਸਥਾਪਿਤ ਕਰਨਾ ਹੀ ਹੁੰਦਾਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਮਾਮ ਗਿਆਨ-ਮਈ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਕਰਵਾਇਆ । ੫੨ ਕਵੀਆਂ ਦਾ ਗੁਰੂ ਜੀ ਦੇ ਪਾਸ ਨਿਵਾਸ ਰਖਣਾ, ਇਸ ਗੱਲ ਦਾ ਸਾਕਸ਼ੀ ਹੈ । ਬਹੁਤ ਸਾਰੇ ਗ੍ਰੰਥਾਂ ਦਾ ਪੰਜਾਬੀ ਅਨੁਵਾਦ ਬਾਲਾ ਪ੍ਰੀਤਮ ਗੁਰੂ ਜੀ ਦਾ ਮਹਾਨ

ਪਰੋਪਕਾਰ ਹੈ । ਸ਼੍ਰੀ ਗੁਰੂ ਜੀ ਗਿਆਨ ਦੇ ਕਦਰਦਾਨ ਸਨ । ਉਹ ਸੰਕੀਰਣਤਾ ਤੋਂ ਉਪਰ ਉਠੇ ਹੋਏ ਸਨ । ਗਿਆਨ ਦਾ ਨਾ ਤਾਂ ਕੋਈ ਰੰਗ ਹੁੰਦਾ ਹੈ ਅਤੇ ਨਾ ਹੀ ਅੰਤ ।

ਸਨਾਤਨ ਗ੍ਰੰਥਾਂ ਦੀ ਲੜੀ ਵਿਚ ''ਸ਼੍ਰੀਮਦ ਭਗਵਦ੍ ਗੀਤਾ'' ਇਕ ਵਿਚਾਰਾਤਮਿਕ ਗ੍ਰੰਥ ਹੈ । ਸ਼੍ਰੀ ਗੁਰੂ ਸਾਹਿਬ ਜੀ ਨੇ ਇਸ ਉਪਰ ''ਗੋਬਿੰਦ ਗੀਤਾ'' ਦੇ ਰੂਪ ਵਿਚ ਮਹਾਨ ਸਿਧਾਂਤ ਉਜਾਗਰ ਕੀਤੇ । ਮਨੁੱਖ ਦੀਆਂ ਪਰਿਵਾਰਿਕ, ਰਾਜਨੈਤਿਕ, ਸਾਮਾਜਿਕ ਤਥਾ ਲੋਕ–ਪਰਲੋਕ ਦੀਆਂ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਅਸੀਂ ਇਸ ਗ੍ਰੰਥ ਦੇ ਚਿੰਤਨ ਦੁਆਰਾ ਸਹਜ ਹੀ ਲੱਭ ਸਕਦੇ ਹਾਂ । ਸ਼੍ਰੀ ਗੁਰਦੇਵ ਜੀ ਕਹਿੰਦੇ ਹਨ ਕਿ ਹਰੇਕ ਮਨੁੱਖ ਅਰਜੁਨ ਹੈ ਅਤੇ ਹਰੇਕ ਕਾਰਜ–ਖੇਤਰ ਕੁਰੂਕਸ਼ੇਤ੍ਰ ਹੈ । ਛਿਣ–ਛਿਣ ਵਿਚ ਉਹ ਅਰਜੁਨ ਦੀ ਤਰ੍ਹਾਂ ਕਰਤਬ ਤੋਂ ਨਿਰਾਸ਼, ਮੋਹ–ਗ੍ਰਸਿਤ, ਉਪਰਾਮ, ਭੈ–ਭੀਤ ਅਤੇ ਬੇਵਸ ਹੋ ਕੇ ਅਪਨੇ ਅੰਤਰ ਆਤਮੇ ਉਸ ਸੱਚਿਦਾਨੰਦ ਪਰਮਾਤਮਾ ਨੂੰ ਇਕ ਅਬੋਧ ਅਤੇ ਵਿਆਕੁਲ ਬੱਚੇ ਦੀ ਤਰ੍ਹਾਂ ਸ਼ਰਣਾਗਤ ਹੋ ਕੇ ਜਦੋਂ ਇਸ ਤਰ੍ਹਾਂ ਪੁਕਾਰਦਾ ਹੈ**ਅਬ ਹਮ ਕਛੁ ਨ ਸਮਝ ਹੌ  ਸਭ ਬੁਧਿ ਦਈ ਤਿਆਗ ॥  ਸਰਨ ਤੁਮਾਰੀ ਮੈਂ ਪੜਾ  ਚਰਨ ਕਮਲ ਸੋ ਲਾਗ ॥ ਜਿਸਮੌ ਮੁਝ ਕਲਿਆਨ ਹੋ  ਸੋਈ ਬਤਾਵਹੁ ਮੋਹਿ ॥ ਕ੍ਰਿਪਾ ਕਰਕੈ ਪ੍ਰਭ ਕਹੋ  ਅਬ ਮੈ ਸਿਖ ਹੌ ਤੋਹਿ ॥**  ਤਦੋਂ ਹੀ ਪ੍ਰਭੂ ਉਸ ਨੂੰ ਧੀਰਜ ਦਿੰਦੇ ਹੋਏ ਨਾ ਕੇਵਲ ਤਾੜਦੇ ਹਨ ਬਲਕਿ ਉਸ ਦਾ ਮਾਰਗ ਦਰਸ਼ਨ ਕਰਦੇ ਹੋਏ ਅਪਣੇ ਕਰਤਬ ਲਈ ਉਤਸ਼ਾਹਿਤ ਵੀ ਕਰਦੇ ਹਨ । ਯਥਾ–**ਕਬਿੱਤ ॥ ਪਰਮ ਆਤਮ ਹੈ ਏਕ ਪੁਰਖ ਅੰਤਰ ਸਭ ਦੇਹੋ ਕੇ  ਸੋਈ ਅਬਿਨਾਸੀ ਕੂਟਸਤ ਤਿਸ ਰੂਪ ਹੈ ॥ ਦੇਹ ਸਭ ਅਨਿਤ ਉਪਜ ਬਿਨਸੇ ਹੈ ਸਰਬ ਕਾਲ  ਆਤਮ ਅਦ੍ਵੈਤ ਅਕਾਲ ਅਉ ਅਨੂਪ ਹੈ ॥ ਸਦਾ ਰਹੈਨਿਰਾਹਾਰ ਖਾਏ ਪੀਏ ਕਛੂ ਨਾਹਿ ਅਖੰਡ ਅਰ ਅਚਲ ਅਰ ਅਪਰ ਤਿਸ ਰੂਪ ਹੈ ॥ ਤਾਂਤੇ ਯਹਿ ਬਾਤ**

**ਸਮਝ ਪਾਰਥ ਉਠ ਜੁਧ ਕਰਿ  ਆਤਮ ਏਕ ਸਾਚ ਅਉਰ ਰੰਕ ਹੈ ਨ ਭੂਪ ਹੈ ॥**

ਜਿਵੇਂ ਭਾਵਨਾ ਵਾਲੇ ਵਿਦ੍ਵਾਨ, ਸ਼੍ਰੀ ਕ੍ਰਿਸ਼ਨ ਜੀ ਦ੍ਵਾਰਾ ਉੱਚਰਿਤ ਗੀਤਾ ਦੀ ਵਿਆਖਿਆ ਬਹੁਤ ਭਾਵਨਾ ਨਾਲ ਕਰਦੇ ਹੋਏ ਮਨੁੱਖ ਮਾਤ੍ਰ ਦੇ ਕਲਿਆਣ ਵਾਸਤੇ ਸਮਝਾਉਣ ਦਾ ਪ੍ਰਯਤਨ ਕਰਦੇ ਹਨ। ਹੂ–ਬ–ਹੂ ''ਗੋਬਿੰਦ ਗੀਤਾ'' ਵੀ ਮਾਨਵਤਾ ਦੇ ਕਲਿਆਣਕਾਰੀ ਸਿਧਾਂਤ ਨੂੰ ਸਥਾਪਿਤ ਰੱਖਣ ਲਈ ਗੁਰੂ ਸਿਧਾਂਤ ਦੀ ਪਹਿਰੇਦਾਰੀ ਕਰਦੇ ਸਿਖ ਨੂੰ ਅਰਜੁਨ ਦੀ ਤਰ੍ਹਾਂ ਬਹੁ–ਅਰਥੀ ਜੀਵਨ ਦੀ ਮਹਾਨਤਾ ਪੇਸ਼ ਕਰਦੀ ਹੈ। ''ਮਹਾਨ ਕੋਸ਼'' ਵਿਚ ਅਰਜੁਨ ਸ਼ਬਦ ਦੇ ਅਰਥ ''ਉੱਜਵਲ, ਦ੍ਵਾਪਰ ਦਾ ਅਰਜੁਨ, ਇੰਦ੍ਰ, ਕਮਾਉਂਣਾ ਅਤੇ ਖੱਟਣਾ ਆਦਿਕ ਕੀਤੇ ਹਨ।

ਗੁਰੂ–ਪ੍ਰੇਮੀਆਂ  ਨੂੰ ''ਅਰਜੁਨ'' ਭਾਵ ''ਉੱਜ੍ਵਲ ਜੀਵਨ'' ਪ੍ਰਪੱਕਤਾ ਨਾਲ ਧਾਰਨ ਕਰਨਾ ਪਵੇਗਾ। ਉੱਜ੍ਵਲ ਜੀਵਨ ਵਾਲੇ ਗੁਰਮੁਖ ਖਾਲਸੇ ਦੀ ਚੜ੍ਹਦੀ–ਕਲਾ ਲਈ ''ਗੋਬਿੰਦ ਗੀਤਾ'' ਅਨਮੋਲ ਖ਼ਜਾਨਾ ਹੈ। ਜੋ ਦੱਸਦਾ ਹੈ, ਕਿ ਹੇ ਭਾਈ ! ਆਪਣੇ ''ਗੁਰੂ ਪਰਮਾਤਮਾ'' ਵਿਚ ਪੂਰਨ ਵਿਸ਼ਵਾਸ ਧਾਰਣ ਕਰ। ਪੁਰਾਤਨ ਖਜ਼ਾਨੇ ਵਿਚੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਮ੍ਰਯਾਦਾ ਦੀ ਪ੍ਰਪੱਕਤਾ ਲਈ ਸ਼੍ਰੀ ਕ੍ਰਿਸ਼ਨ ਅਰਜੁਨ ਸੰਵਾਦ ਦੀ ਰੂਪ–ਰੇਖਾ ਵਾਂਗ ''ਗੋਬਿੰਦ ਗੀਤਾ'' ਦੀ ਰਚਨਾ ਕੀਤੀ ਹੈ। ਜਿਸ ਨੂੰ ਪੜ੍ਹਨ ਨਾਲ ਗੁਰੂ ਸਿਖ ਦੀ ਸੰਵਾਦ ਰੂਪ ਮਹਾਨਤਾ ਦਾ ਪਤਾ ਲਗਦਾ ਹੈ।

ਨਿਰਮਲ ਸੰਪ੍ਰਦਾਇ ਦੇ ਮਹਾਨ ਵਿਦ੍ਵਾਨ ਸ਼੍ਰੀਮਾਨ ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ ਅਤੇ ਸ਼੍ਰੀਮਾਨ ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ, ਕਾਸ਼ੀ (ਬਨਾਰਸ) ਵਾਲਿਆਂ ਨੇ ਇਸ ਮਹਾਨ ਗ੍ਰੰਥ ਦੇ ਪੁਨਹ ਪ੍ਰਕਾਸ਼ਨ ਵਾਸਤੇ ਪੰਜਾਬੀ ਅਤੇ ਹਿੰਦੀ ਭਾਸ਼ਾ ਵਿਚ ਲਿਪੀ ਰੂਪਾਂਤਰ ਕਰਕੇ ਸੰਸ਼ੋਧਨ ਕਰਨ ਦੀ ਮਹਾਨ ਸੇਵਾ ਕੀਤੀ ਹੈ। ਉਹਨਾਂ ਦਾ ਇਹ

ਪ੍ਰਯਤਨ ਅਤਿਅੰਤ ਸ਼ਲਾਘਾਯੋਗ ਹੈ । ਜਿਸ ਸਦਕਾ ਬਾਲਾ ਪ੍ਰੀਤਮ ਜੀ ਦੇ ੩੫੦ਵੇਂ ਪ੍ਰਕਾਸ਼ ਪੁਰਬ ਸਮੇਂ "ਗੋਬਿੰਦ ਗੀਤਾ" ਦਾ ਇਹ ਸੰਸਕਰਣ ਗੁਰੂ-ਪ੍ਰੇਮੀ ਭਗਤਾਂ ਦੇ ਹੱਥਾਂ ਵਿਚ ਆਇਆ ਹੈ । ਕਲਗੀਧਰ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸੇ ਤਰ੍ਹਾਂ ਪੰਥ ਉਪਰ ਆਪਣੀ ਕ੍ਰਿਪਾ ਸਦਾ ਹੀ ਬਣਾਈ ਰੱਖਣ ਤਾ ਕਿ ਪੰਥਕ ਭਾਵਨਾ ਵਾਲੇ ਗੁਰਮੁਖ ਪਿਆਰੇ ਕਲਮ ਦੁਆਰਾ ਪੰਥ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣ ।

ਗੁਰੂ ਪੰਥ ਦਾ ਦਾਸ

ਗਿਆਨੀ ਇਕਬਾਲ ਸਿੰਘ

ਜੱਥੇਦਾਰ- ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ

# ਸੰਦੇਸ਼

ਜਦੋਂ ਭਾਰਤੀ ਸੰਸਕ੍ਰਿਤੀ, ਸਭਿਅਤਾ, ਕਲਾ ਅਤੇ ਅਰਥ ਚਿੰਤਨ ਮੱਧਕਾਲੀਨ ਯੁਗ ਵਿਚ ਮੁਗਲਾਂ ਦੇ ਅਤਿਆਚਾਰ ਦੇ ਕਾਰਣ ਸਮਾਪਤ ਹੋਣ ਦੀ ਕਗਾਰ ਤੇ ਪਹੁੰਚ ਚੁੱਕੇ ਸਨ । ਉਸੇ ਸਮੇਂ ਈਸ਼ਵਰੀ ਅਵਤਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਟਨਾ ਸਾਹਿਬ ਵਿਚ ਆਗਮਨ ਹੋਇਆ । ਆਪ ਜੀ ਦੀ ਦੂਰਗਾਮੀ ਸੋਚ ਅਤੇ ਮਹਾਨ ਵਿਅਕਤਿਤ੍ਵ ਦੇ ਕਾਰਣ ਜੋ ਭਾਰਤੀ ਸੰਸਕ੍ਰਿਤੀ, ਸਭਿਅਤਾ, ਕਲਾ ਅਤੇ ਅਰਥ ਚਿੰਤਨ ਸਮਾਪਤੀ ਵੱਲ ਵਧ ਰਿਹਾ ਸੀ ਉਸ ਤੇ ਵਿਰਾਮ ਲੱਗ ਗਿਆ । ਆਪ ਜੀ ਨੇ ਯੁੱਧ ਕਲਾ ਤੋਂ ਪਹਿਲਾਂ ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਨੂੰ ਬਚਾਉਣ ਦਾ ਮਹਾਨ ਕਾਰਜ ਕੀਤਾ । ਬਹੁਤ ਸਾਰੀਆਂ ਪੌਰਾਣਿਕ ਰਚਨਾਵਾਂ ਜੋ ਸਮੇਂ ਸਮੇਂ ਤੇ ਸਾਮਾਜਿਕ ਵਿਕਾਸ ਦੇ ਕੰਮ ਆ ਸਕਦੀਆਂ ਸਨ, ਉਹਨਾ ਦਾ ਵਿਦ੍ਵਾਨ ਪੁਰਸ਼ਾਂ ਦ੍ਵਾਰਾ ਅਨੁਵਾਦ ਕਰਵਾਇਆ ਤਥਾ ਕੁਝ ਅਨਮੋਲ ਗ੍ਰੰਥ, ਜਿੰਨ੍ਹਾਂ ਦਾ ਅਨੁਵਾਦ ਆਪ ਜੀ ਨੇ ਸ੍ਵਯੰ ਕਰਨਾ ਜ਼ਰੂਰੀ ਸਮਝਿਆ, ਉਸੇ ਕੜੀ ਵਿਚ ਇਕ ਕਾਵ੍ਯ ਰਚਨਾ ਆਈ ਜਿਸ ਨੂੰ ਅਸੀਂ "ਗੋਬਿੰਦ ਗੀਤਾ" ਦੇ ਨਾਮ ਨਾਲ ਜਾਣਦੇ ਹਾਂ ।

ਜਦੋਂ ਪਹਿਲੀ ਵਾਰ ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ ਅਤੇ ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ ਨਿਰਮਲ ਸੰਪ੍ਰਦਾਇ ਬਨਾਰਸ ਵਾਲਿਆ ਨੇ ਇਸ ਮਹਾਨ ਕਾਵ੍ਯ ਰਚਨਾ "ਗੋਬਿੰਦ ਗੀਤਾ" ਦੀ ਮੇਰੇ ਨਾਲ ਚਰਚਾ ਕੀਤੀ ਤਾਂ ਮੇਰੀ ਵੀ ਜਿਗਿਆਸਾ ਇਸ ਰਚਨਾ ਨੂੰ ਪੜ੍ਹਨ ਦੀ ਹੋਈ । ਆਪ ਜੀ ਨੇ ਮੈਨੂੰ ਇਸ ਦੀ ਇਕ ਪ੍ਰਤਿਲਿਪੀ ਪ੍ਰਾਪਤ ਕਰਵਾਈ ਅਤੇ ਇਹ ਵੀ ਦਸਿਆ ਕਿ ਇਹ ਸਾਰੀ ਪ੍ਰੇਰਣਾ, ਸਿੰਘ ਸਾਹਿਬ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਪਟਨਾ ਸਾਹਿਬ ਵਾਲਿਆਂ ਦੀ ਹੈ । ਗੋਬਿੰਦ ਗੀਤਾ ਪੜ੍ਹਨ ਤੋਂ ਬਾਅਦ ਮੈਂ ਐਨਾ ਹੈਰਾਨ ਸੀ ਕਿ ਮੇਰੇ ਕੋਲ ਗੁਰੂ ਸਾਹਿਬ ਜੀ ਦੀ ਉਸਤਤਿ

ਕਰਨ ਵਾਸਤੇ ਕੋਈ ਸ਼ਬਦ ਹੀ ਨਹੀ ਸਨ ਬਸ ਅੱਖਾਂ ਸ਼ਰਧਾ ਨਾਲ ਨਮ ਹੋ ਰਹੀਆਂ ਸਨ । ਇਸ ਰਚਨਾ ਦੇ ਪੰਜਵੇਂ ਅਧਿਆਇ ਦੀ ਸਮਾਪਤੀ ਪਰ ਗੁਰੂ ਸਾਹਿਬ ਜੀ ਟੀਕਾਕਾਰ ਦੇ ਰੂਪ ਵਿਚ ਉੱਚਾਰਣ ਕਰਦੇ ਹਨ ।

**ਚੌਪਈ ॥**
**ਪੰਚਮ ਧਿਆਇ ਜੋ ਕਹਿਆ ਸੁਨਾਇ ॥**
**ਸੰਨਿਆਸ ਕਰਮ ਜੋਗ ਮਨ ਲਾਇ ॥**
**ਜੋ ਠਾਕੁਰ ਅਰਜਨ ਪ੍ਰਤਿ ਭਾਖਿਓ ॥**
**ਖਾਲਸੇ ਕੌ ਸਭ ਹੀ ਮੈ ਆਖਿਓ ॥**

ਮੈਂ ਸਿੰਘ ਸਾਹਿਬ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੂੰ ਸਨਿਮਰ ਬੇਨਤੀ ਕੀਤੀ ਕਿ ਇਸ ਕਾਵਯ ਰਚਨਾ ''ਗੋਬਿੰਦ ਗੀਤਾ'' ਨੂੰ ਪ੍ਰਕਾਸ਼ਿਤ ਕਰਨ ਦੀ ਸੇਵਾ ਅਸਾਡੀ GURUBANI RESEARCH FOUNDATION ਨੂੰ ਦਿੱਤੀ ਜਾਵੇ ਕਿਉਂਕਿ ਅਸਾਡੀGURUBANI RESEARCH FOUNDATION ਦਾ ਉੱਦੇਸ਼ ਵੀ ਪੁਰਾਤਨ ਦੁਰਲਭ ਗ੍ਰੰਥਾਂ ਨੂੰ ਪ੍ਰਕਾਸ਼ਿਤ ਕਰਕੇ ਸਮਾਜ ਦੇ ਸਾਮਣੇ ਲਿਆਉਣਾ ਹੀ ਹੈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੇ ਅਸਾਨੂੰ ਇਸ ਕਾਵਯ ਰਚਨਾ ਨੂੰ ਪ੍ਰਕਾਸ਼ਿਤ ਕਰਨ ਦੀ ਅਨੁਮਤੀ ਦੇ ਦਿੱਤੀ । ਹੁਣ ਸਤਿਗੁਰੂ ਜੀ ਦੀ ਮਿਹਰ ਸਦਕਾ ਇਹ ਪਵਿਤ੍ਰ ਰਚਨਾ ਛਪ ਕੇ ਗੁਰੂ–ਸੰਗਤਾਂ ਦੇ ਪੜ੍ਹਨ ਲਈ ਉਪਲਬਧ ਹੈ । ਆਸ਼ਾ ਕਰਦੇ ਹਾਂ ਕਿ ਇਸ ਮਹਾਨ ਰਚਨਾ ਨੂੰ ਪੜ੍ਹ ਕੇ ਅਸਾਡੇ ਗਿਆਨ–ਨੇਤ੍ਰ ਹੋਰ ਜਿਆਦਾ ਪ੍ਰਕਾਸ਼ਿਤ ਹੋਣਗੇ । ਅਸੀਂ ਹਿਰਦੇ ਦੀਆਂ ਗਹਿਰਾਈਆਂ ਵਿਚੋਂ ਸਿੰਘ ਸਾਹਿਬ ਜੱਥੇਦਾਰ ਗਿਆਨੀ ਇਕਬਾਲ ਸਿੰਘ ਜੀ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ ਅਤੇ ਉਹਨਾਂ ਸਾਰੇ ਮਹਾਨੁਭਾਵਾਂ

ਦਾ ਧੰਨਵਾਦ ਕਰਦੇ ਹਾਂ ਜਿੰਨ੍ਹਾਂ ਨੇ ਇਸ ਪ੍ਰਕਾਸ਼ਨ ਵਿਚ ਅਸਾਡੀ ਤਨ ਮਨ ਧੰਨ ਨਾਲ ਮਦਦ ਕੀਤੀ । ਆਸ਼ਾ ਕਰਦੇ ਹਾਂ ਕਿ ਭਵਿੱਖ ਵਿਚ ਵੀ ਅਸਾਨੂੰ ਆਪ ਜੀ ਦਾ ਸਹਿਯੋਗ ਇਸੇ ਪ੍ਰਕਾਰ ਮਿਲਦਾ ਰਹੇਗਾ ।

GURUBANI
Research Foundation

ਧੰਨਵਾਦ ਸਹਿਤ
ਗੁਰੂ ਘਰ ਦਾ ਸੇਵਕ
ਪਰਮਜੀਤ ਸਿੰਘ ਦਿੱਲੀ
+91-9811048821

# ੧ਓ ਸਤਿਗੁਰ ਪ੍ਰਸਾਦਿ

## ਭੂਮਿਕਾ

ਭਾਰਤੀ ਆਧਿਆਤਮਿਕ ਅਤੇ ਧਾਰਮਿਕ ਗ੍ਰੰਥਾਂ ਦੀ ਪਰੰਪਰਾ ਬੜੀ ਪੁਰਾਤਨ ਅਤੇ ਅਮੀਰ ਹੈ । ਲਗਭਗ ਪੰਜ ਹਜ਼ਾਰ ਵਰਸ਼ਾਂ ਤੋਂ ਰਿਸ਼ੀਆਂ–ਮੁਨੀਆਂ, ਤੱਤ੍ਵ–ਗਿਆਨੀਆਂ, ਸਿੱਧਾਂ–ਨਾਥਾਂ, ਸੂਫ਼ੀ ਸੰਤਾਂ ਅਤੇ ਗੁਰੂਆਂ ਪੀਰਾਂ ਨੇ ਇਸ ਸ਼੍ਰਿੰਖਲਾ ਨੂੰ ਨਿਰੰਤਰ ਜਾਰੀ ਰੱਖਿਆ । ਜਿੱਥੇ ਇਨ੍ਹਾਂ ਮਹਾਤਮਾਵਾਂ ਨੇ ਆਪਣੇ ਅਨੁਭਵ ਅਤੇ ਸਮੇਂ ਦੀ ਸ਼ੈਲੀ ਅਨੁਸਾਰ ਪਰਮਤੱਤ੍ਵ ਦਾ ਵਿਵੇਚਨ ਕੀਤਾ, ਉੱਥੇ ਨਾਲ–ਨਾਲ ਮਨੁੱਖ ਵਾਸਤੇ ਆਚਾਰ–ਸੰਹਿਤਾ ਦਾ ਵਿਧਾਨ ਸਿਰਜ ਕੇ ਮਾਨਵ ਸੰਸਕ੍ਰਿਤੀ ਦਾ ਮਾਰਗ ਦਰਸ਼ਨ ਵੀ ਕੀਤਾ ਹੈ ।

ਇਸ ਆਧਿਆਤਮਿਕ ਪੱਧਤਿ ਦੇ ਸੰਰਕਸ਼ਣ ਤਥਾ ਸੰਵਰਧਨ ਹੇਤੂ, ਗਿਆਨ ਦੇ ਸਾਗਰ, ਕਲਗੀਧਰ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੫੨ ਵਿਭਿੰਨ ਭਾਸ਼ੀ ਵਿਦ੍ਵਾਨ ਕਵੀਆਂ ਨੂੰ ਆਪਣੇ ਪਾਸ ਰੱਖ ਕੇ ਪੁਰਾਤਨ ਭਾਰਤੀ ਸਾਹਿਤ ਦੇ ਕਈ ਆਧਿਆਤਮਿਕ, ਧਾਰਮਿਕ ਅਤੇ ਇਤਿਹਾਸਿਕ ਗ੍ਰੰਥਾਂ ਦੇ ਅਨੁਵਾਦ ਤਥਾ ਸੁਤੰਤ੍ਰ ਰਚਨਾਵਾਂ ਵੀ ਕਰਵਾਈਆਂ ਅਤੇ ਆਪ ਨੇ ਸ੍ਵਯੰ ਵੀ ਦੁਰਲਭ ਸਾਹਿਤਿਕ ਖਜ਼ਾਨੇ ਦੀ ਰਚਨਾ ਕੀਤੀ । ਉਸੇ ਖਜ਼ਾਨੇ ਦਾ ਹੀ ਇਕ ਅਮੋਲਕ ਰਤਨ ਹੈ "ਗੋਬਿੰਦ ਗੀਤਾ" ਜੋ ਆਪਦੇ ਸਾਮ੍ਹਣੇ ਪ੍ਰਸਤੁਤ ਹੈ । ਜਿਸਦਾ ਮੂਲ ਹੈ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਸ਼੍ਰੀਮੁਖ ਤੋਂ ਉੱਚਰਿਤ "ਸ਼੍ਰੀਮਦ–ਭਗਵਦ–ਗੀਤਾ"। ਸ਼੍ਰੀ ਦਾ ਅਰਥ ਹੈ ਸ਼੍ਰੇਯ ਅਰਥਾਤ ਕਲਿਆਣ; ਭਗਵਤ ਦਾ ਅਰਥ ਹੈ ਸਰਵ ਐਸ਼੍ਵਰਯ ਸੰਪੰਨ ਭਗਵਾਨ; ਗੀਤਾ ਦਾ ਅਰਥ ਹੈ "ਗੀਯਤੇ ਇਤਿ ਗੀਤਾ" ਅਰਥਾਤ ਜੋ ਗਾਇਆ ਜਾਏ । ਇਥੇ ਅਰਜੁਨ ਦਾ ਪ੍ਰਸ਼ਨ ਅਤੇ ਭਗਵਾਨ ਦਾ ਸਮਾਧਾਨ ਸ਼੍ਰੇਯ ਯਾਨੀ ਕਲਿਆਣ ਦੇ ਵਿਸ਼ੇ ਵਿਚ ਹੈ । ਇਸ ਕਰਕੇ

ਕਲਿਆਣ ਦੇ ਮਾਰਗ ਸਬੰਧੀ ਸਰਵ–ਐਸ਼੍ਵਰਯ–ਸੰਪੰਨ ਭਗਵਾਨ ਨੇ ਜੋ ਗਾਯਾ ਹੈ, ਉਸ ਦਾ ਨਾਮ ਹੈ ਸ਼੍ਰੀਮਦ–ਭਗਵਤ ਗੀਤਾ ।
ਸਾਕਸ਼ਾਤ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਮੁਖਾਰਬਿੰਦ ਤੋਂ ਨਿਰਝਰਿਤ ਤਥਾ ਮਹਾ–ਰਿਸ਼ੀ ਵੇਦ–ਬਿਆਸ ਦ੍ਵਾਰਾ ਅਠਾਰਾਂ ਅਧਿਆਇ ਰੂਪੀ ਪੁਸ਼ਪ–ਵੇਲਾਂ ਵਿਚ ਪ੍ਰੋਈ ਹੋਈ ਦਿਬਯ ਗੀਤਾ ਮਾਲਾ ਨੇ ਅਰਜੁਨ ਆਦਿ ਅਸੰਖ ਭਗਤਾਂ, ਵਿਦ੍ਵਾਨਾਂ ਦੇ ਹਿਰਦੇ ਨੂੰ ਸੁਸ਼ੋਭਿਤ ਕੀਤਾ ਹੈ । ਸੰਤ ਰੂਪੀ ਸਮੀਰਾਂ ਨੇ ਇਸਦੀ ਉਤਕਟ ਸੁਗੰਧ ਨੂੰ ਫੈਲਾ ਕਰ ਮਾਇਆ ਕ੍ਰਿਤ ਮਲੀਨਤਾ ਤੋਂ ਮਾਨਵ ਹਿਰਦੇ ਨੂੰ ਨਿਰਮਲ ਬਣਾਕੇ ਉਸਨੂੰ ਆਤਮ–ਦਰਸ਼ਨ ਦੇ ਯੋਗ ਬਨਾਉਣ ਦਾ ਮਹਾਨ ਪ੍ਰਯਤਨ ਜਾਰੀ ਰਖਿਆ ਹੈ ।
ਸ਼੍ਰੀ ਗੀਤਾ ਜੀ ਦਾ ਸ਼ੁਭ ਸੰਦੇਸ਼ ਕਿਸੇ ਜਾਤੀ ਜਾਂ ਦੇਸ਼ ਵਿਸ਼ੇਸ਼ ਵਾਸਤੇ ਨਹੀ, ਬਲਕਿ ਇਸਦਾ ਮਹਾਨ ਉਪਦੇਸ਼ ਸਾਰਵਭੌਮ ਹੈ ।ਗੀਤਾ ਕਿਸੇ ਪ੍ਰਕਾਰ ਦੇ ਵਾਦ ਨੂੰ ਲੈ ਕੇ ਨਹੀ ਚਲੀ ਹੈ ਅਰਥਾਤ– ਦ੍ਵੈਤ, ਅਦ੍ਵੈਤ, ਵਿਸ਼ਿਸ਼੍ਟਾਦ੍ਵੈਤ, ਦ੍ਵੈਤਾਦ੍ਵੈਤ, ਵਿਸ਼ੁੱਧਾਦ੍ਵੈਤ ਆਦਿਕ ਕਿਸੇ ਵੀ ਵਾਦ ਨੂੰ ਭਾਵ ਕਿਸੇ ਇਕ ਸੰਪ੍ਰਦਾਇ ਦੇ ਕਿਸੇ ਇਕ ਸਿੱਧਾਂਤ ਨੂੰ ਲੈ ਕੇ ਨਹੀ ਚਲੀ ਹੈ । ਗੀਤਾ ਦਾ ਮੁੱਖ ਪ੍ਰਯੋਜਨ ਇਹ ਹੈ ਕਿ ਮਨੁੱਖ ਕਿਸੇ ਵੀ ਮਤ ਜਾਂ ਸਿੱਧਾਂਤ ਨੂੰ ਮੰਨਣ ਵਾਲਾ ਕਿਉਂ ਨਾ ਹੋਵੇ, ਉਸਦਾ ਹਰੇਕ ਪਰਿਸਥਿਤੀ ਵਿਚ ਕਲਿਆਣ ਹੋ ਜਾਵੇ, ਉਹ ਕਿਸੇ ਵੀ ਪਰਿਸਥਿਤੀ ਵਿਚ ਪਰਮਾਤਮਾਂ ਦੀ ਪ੍ਰਾਪਤੀ ਤੋਂ ਵਂਚਿਤ ਨਾ ਰਹੇ; ਕਿਉਂਕਿ ਜੀਵ ਮਾਤ੍ਰ ਦਾ ਮਨੁੱਖ ਜੂਨੀ ਵਿਚ ਜਨਮ ਕੇਵਲ ਆਪਣੇ ਕਲਿਆਣ ਵਾਸਤੇ ਹੀ ਹੋਇਆ ਹੈ । ਗੀਤਾ ਦੇ ਇਸ ਪ੍ਰਯੋਜਨ ਦੀ ਪ੍ਰੌੜ੍ਹਤਾ "ਸ਼੍ਰੀ ਗੁਰੂ ਗ੍ਰੰਥ ਸਾਹਿਬ" ਜੀ ਵਿਚ ਵੀ ਕਈ ਜਗਹ ਮਿਲਦੀ ਹੈ । ਜੈਸੇ ਭਗਤ ਨਾਮਦੇਵ ਜੀ ਗੋਂਡ ਰਾਗ ਵਿਚ ਕਹਿੰਦੇ ਹਨ

**ਯਥਾ–ਗੁਰਮਤਿ ਰਾਮਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥**

ਸ਼੍ਰੀ ਗੁਰੂ ਅਰਜੁਨਦੇਵ ਜੀ ਮਹਾਰਾਜ ਵੀ ਮਾਰੂ ਰਾਗ ਵਿਚ ਰਾਮ–ਨਾਮ ਦੀ ਮਹਿਮਾ ਦਾ ਗੁਣਾਨੁਵਾਦ ਗੀਤਾ ਜੀ ਦੇ ਉਦਾਹਰਣ ਦੁਆਰਾ ਇਸ ਪ੍ਰਕਾਰ ਕਰਦੇ ਹਨ ।

**ਯਥਾ– ਅੰਮ੍ਰਿਤ ਨਾਮ ਦਾਨੁ ਨਾਨਕ ਕਉ, ਗੁਣ ਗੀਤਾ ਨਿਤ ਵਖਾਣੀਆ ॥**

ਇਸ ਕਰਕੇ ਇਸ ਸ਼ਾਸਤ੍ਰ ਵਿਚ ਮਨੁੱਖ ਮਾਤ੍ਰ ਦਾ ਅਧਿਕਾਰ ਹੈ, ਚਾਹੇ ਉਹ ਕਿਸੇ ਵੀ ਦੇਸ਼, ਭੇਸ, ਸਮੁਦਾਇ ਅਤੇ ਕਿਸੇ ਵੀ ਵਰਣ–ਆਸ਼੍ਰਮ ਦਾ ਕੋਈ ਵੀ ਵਿਅਕਤੀ ਕਿਉਂ ਨਾ ਹੋਵੇ, ਪਰੰਤੂ ਪਰਮਾਤਮਾ ਦਾ ਸ਼੍ਰਧਾਲੂ ਅਤੇ ਭਗਤੀ ਜੁਗਤ ਅਵੱਸ਼ ਹੋਣਾ ਚਾਹੀਦਾ ਹੈ, ਕਿਉਂਕਿ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਸੂਯੰ ਕਿਹਾ ਹੈ ਕਿ ਇਸਤ੍ਰੀ, ਵੈਸ਼, ਸ਼ੂਦ੍ਰ ਤਥਾ ਪਾਪ–ਯੋਨੀ ਪ੍ਰਾਣੀ ਵੀ ਭਗਵਾਨ ਦੇ ਪਰਾਇਣ ਹੋ ਕਰਕੇ ਪਰਮਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ ।

**यथा– मां हि पार्थ व्यपाश्रित्य येऽपि स्युः पापयोनयः ।**
**स्त्रियो वैश्यास्तथा शूद्रास्तेऽपि यान्ति परां गतिम् ॥९॥३२॥**

ਇਨ੍ਹਾ ਸਾਰੀਆ ਗੱਲਾਂ ਦਾ ਵਿਚਾਰ ਕਰਨ ਨਾਲ ਇਹੋ ਸਿੱਧ ਹੁੰਦਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਦਾ ਅਧਿਕਾਰ ਪ੍ਰਾਣੀ ਮਾਤ੍ਰ ਨੂੰ ਹੈ ।

ਪਰੰਤੂ ਉਪਰੋਕਤ ਵਿਸ਼ੇ ਦੇ ਮਰਮ ਨੂੰ ਨਾ ਸਮ੍ਝਣ ਦੇ ਕਾਰਣ ਬਹੁਤ ਲੋਕ, ਜਿਨ੍ਹਾ ਨੇ ਸ਼੍ਰੀ ਗੀਤਾ ਜੀ ਦਾ ਕੇਵਲ ਨਾਮ ਮਾਤ੍ਰ ਹੀ ਸੁਣਿਆ ਹੈ, ਉਹ ਕਹਦਿਆ ਕਰਦੇ ਹਨ, ਕਿ ਗੀਤਾ ਤਾਂ ਕੇਵਲ ਸੰਨਿਆਸੀਆਂ ਵਾਸਤੇ ਹੀ ਹੈ । ਉਹ ਆਪਣੇ ਬਾਲਕਾਂ ਨੂੰ ਵੀ ਇਸੇ ਡਰ ਕਰਕੇ ਸ਼੍ਰੀ ਗੀਤਾ ਜੀ ਦਾ ਅਭਿਆਸ ਨਹੀ ਕਰਵਾਉਂਦੇ ਕਿ ਗੀਤਾ ਦੇ ਗਿਆਨ ਦੁਆਰਾ ਕਿਤੇ ਲੜਕਾ ਘਰ ਛੱਡ ਕੇ ਸੰਨਿਆਸੀ ਹੀ ਨਾ ਹੋ ਜਾਏ । ਕਿੰਤੂ ਉਨ੍ਹਾ ਨੂੰ ਵਿਚਾਰ ਕਰਨਾ ਚਾਹੀਦਾ ਕਿ ਮੋਹ ਦੇ ਕਾਰਣ ਛੱਤ੍ਰੀ–ਧਰਮ ਤੋਂ ਬੇਮੁਖ ਹੋ ਕੇ ਭਿੱਖਿਆ ਦੇ ਅੰਨ ਨਾਲ ਨਿਰਵਾਹ ਕਰਨ ਲਈ ਤਿਆਰ ਹੋਏ ਅਰਜਨ ਨੇ ਜਿਸ ਪਰਮ ਰਹੱਸਮਈ ਗੀਤਾ ਦੇ

ਉਪਦੇਸ਼ ਦੁਆਰਾ ਜੀਵਨ ਪ੍ਰਯੰਤ ਗ੍ਰਿਹਸਤ ਵਿਚ ਰਹਿ ਕੇ ਆਪਣੇ ਕਰਤਬ ਦਾ ਪਾਲਣ ਕੀਤਾ, ਉਸ ਗੀਤਾ ਸ਼ਾਸਤ੍ਰ ਦਾ ਇਹ ਉਲਟਾ ਪਰਿਣਾਮ ਕਿਸ ਤਰ੍ਹਾਂ ਹੋ ਸਕਦਾ ਹੈ ।

ਇਸ ਕਰਕੇ ਕਲਿਆਣ ਦੀ ਇੱਛਾ ਵਾਲੇ ਮਨੁੱਖਾਂ ਨੂੰ ਉਚਿਤ ਹੈ ਕਿ ਮੋਹ ਦਾ ਤਿਆਗ ਕਰਕੇ ਅਤਿਸ਼ਯ ਸ਼ਰਧਾ-ਭਗਤੀ ਪੂਰਵਕ ਸ਼੍ਰੀ ਗੀਤਾ ਜੀ ਦਾ ਅਧਿਆਇਨ-ਅਧਿਆਪਨ ਅਤੇ ਮੰਨਣ-ਚਿੰਤਨ ਕਰਦੇ ਹੋਏ ਭਗਵਤ ਪ੍ਰਾਪਤੀ ਵਿਚ ਤਤਪਰ ਹੋ ਜਾਣ ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸਮੇਂ ਦੇ ਇਕ ਬਹੁਤ ਵੱਡੇ ਕ੍ਰਾਂਤੀਕਾਰੀ, ਸੂਰਵੀਰ, ਦਾਨਵੀਰ, ਤੱਤ੍ਵਦਰਸ਼ੀ, ਦਾਰਸ਼ਨਿਕ ਅਤੇ ਮਹਾਨ ਪ੍ਰਤਿਭਾਸ਼ਾਲੀ ਵਿਦ੍ਵਾਨ ਪੁਰਸ਼ ਸਨ । ਆਪ ਜੀ ਦਾ ਸੰਸਕ੍ਰਿਤ, ਫਾਰਸੀ, ਅਰਬੀ, ਵ੍ਰਿਜੀ, ਡਿੰਗਲ, ਰੇਖਤਾ ਅਤੇ ਪੰਜਾਬੀ ਆਦਿ ਕਈ ਭਾਸ਼ਾਂ ਉਪਰ ਪੂਰਣ ਅਧਿਕਾਰ ਸੀ । ਆਪ ਜੀ ਨੂੰ ਪ੍ਰਾਚੀਨ ਭਾਰਤੀਯ ਸਾਹਿਤ ਅਤੇ ਉਸਦੇ ਸ਼੍ਰੋਤਾਂ ਬਾਰੇ ਵੀ ਪੂਰਣ ਗਿਆਨ ਸੀ ।

ਇਸ ਭਾਰਤ ਦੇਸ਼ ਵਿਚ ਕਈ ਸ਼ਤਾਬਦੀਆਂ ਦੇ ਲੰਬੇ ਸਮੇਂ ਤੋਂ ਬਾਅਦ ਸ਼ਾਇਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰਥਮ ਮਹਾਨ ਸ਼ਖ਼ਸ਼ੀਅਤ ਸਨ, ਜਿਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਇੱਥੋਂ ਦੀ ਪ੍ਰਾਚੀਨ ਸੰਸਕ੍ਰਿਤੀ ਦਾ ਜਿਸ ਤਰ੍ਹਾਂ ਹਰਾਸ ਹੋ ਰਿਹਾ ਹੈ । ਜੇਕਰ ਐਸਾ ਰਿਹਾ ਤਾਂ ਇਥੋਂ ਦੇ ਲੋਕ ਬਹੁਤ ਵੱਡੀ ਪੁਰਾਤਨ ਤਥਾ ਅਮੀਰ ਸਾਂਸਕ੍ਰਿਤਿਕ ਵਿਰਾਸਤ ਨਾਲੋਂ ਟੁੱਟ ਜਾਣਗੇ ।

ਇਸ ਸੰਕਲਪ ਨੂੰ ਧਿਆਨ ਵਿਚ ਰਖਦੇ ਹੋਏ ਆਪ ਜੀ ਨੇ ਕਿਸੇ ਬੜੀ ਮਹਾਨ ਸਾਹਿਤਿਕ ਯੋਜਨਾ ਦੀ ਕਲਪਨਾ ਨੂੰ ਸਾਕਾਰ ਕਰਨ ਵਾਸਤੇ ਆਪਣੇ ਮੁਖਾਰਬਿੰਦ ਤੋਂ ਅਮ੍ਰਿਤਮਈ-ਬਾਣੀ ਸ਼੍ਰੀ ਜਾਪ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ਸ਼ਸਤ੍ਰ-ਨਾਮਮਾਲਾ ਅਤੇ ਚੌਬੀਸ ਅਵਤਾਰ ਆਦਿਕ ਸਾਹਿਤ ਨੂੰ ਰੂਪਮਾਨ ਕੀਤਾ । ਆਪ ਜੀ ਦੀ ਸਾਹਿਤਿਕ ਯੋਜਨਾ ਦਾ ਇਕ ਪੱਖ ਭਾਰਤੀ

ਆਧਿਆਤਮਿਕ, ਧਾਰਮਿਕ, ਸਭਿਆਚਾਰਿਕ ਅਤੇ ਅਮਲੀ ਜੀਵਨ ਵਿਚ ਸੱਚ ਦੀ ਸਥਾਪਨਾ ਲਈ ਸੰਘਰਸ਼ਕ ਭਾਵਨਾਵਾਂ ਦੀ ਵਿਆਖਿਆ ਸੀ। ਆਪ ਜੀ ਨੇ ਸੰਪੂਰਣ ਭਾਰਤੀ ਸਾਹਿਤ ਦੀ ਨਵੀਨ ਤੇ ਨਰੋਈ ਵਿਆਖਿਆ ਕੀਤੀ ਅਤੇ ਉਸ ਨੂੰ ਮੁੜ ਸਥਾਪਿਤ ਕੀਤਾ। ਆਪਣੇ ਵਿਰਸੇ ਦੇ ਗੌਰਵ ਨੂੰ ਜਗਾ ਕੇ ਕੌਮੀ ਏਕਤਾ ਨੂੰ ਦ੍ਰਿੜ੍ਹਤਾ ਤੇ ਬਲ ਦਿਤਾ। ਮਨੁੱਖਤਾ ਦੇ ਕਲਿਆਣ ਲਈ ਨਰੋਏ ਉੱਦੇਸ਼ ਸਾਮ੍ਹਣੇ ਰਖੇ। ਆਪ ਜੀ ਨੇ ਇਕ ਤਰ੍ਹਾਂ ਇਕ ਮਹਾਨ ਸੰਪਾਦਕ ਅਤੇ ਟੀਕਾਕਾਰ ਦਾ ਕੰਮ ਵੀ ਕੀਤਾ ਹੈ। ਇਹ ਵੀ ਆਪ ਜੀ ਦੀ ਯੋਜਨਾ ਦਾ ਹੀ ਇਕ ਭਾਗ ਸੀ। ਆਪ ਜੀ ਦਾ ਸਮੁੱਚਾ ਮੰਤਵ ਭਾਰਤੀ ਮਾਨਵ ਨੂੰ ਜਾਗ੍ਰਿਤ ਕਰਨਾ ਅਤੇ ਇਸ ਜਾਗ੍ਰਿਤੀ ਵਿਚ ਭਾਰਤੀ ਆਧਿਆਤਮਿਕ ਤਥਾ ਸਭਿਆਚਾਰਿਕ ਵਿਰਸੇ ਤੋਂ ਭਾਰਤੀਆਂ ਨੂੰ ਜਾਣੂ ਕਰਾਉਣਾ ਵੀ ਜਰੂਰੀ ਮੰਤਵ ਸੀ। ਕਿਉਂਕਿ ਪੁਰਾਤਨ ਸਾਹਿਤ ਅਧਿਆਤਮ ਅਤੇ ਸਭਿਆਚਾਰ ਕਾ ਪ੍ਰਤੀਨਿਧੀ ਹੈ। ਇਸ ਲਈ ਗੁਰੂ ਜੀ ਨੇ ਵੇਦਾਂ, ਸ਼ਾਸਤ੍ਰਾਂ, ਸਿੰਮ੍ਰਤੀਆਂ ਅਤੇ ਪੁਰਾਣਾਂ ਦੇ ਨਾਲ–ਨਾਲ ਪੰਚ–ਤੰਤ੍ਰ ਅਤੇ ਅਰਥ–ਸ਼ਾਸਤ੍ਰ ਆਦਿਕ ਅਨੇਕ ਭਾਰਤੀ ਗ੍ਰੰਥਾਂ ਨੂੰ ਸਾਰਾਂਸ਼ ਰੂਪ ਵਿਚ ਪੇਸ਼ ਕੀਤਾ।

ਇਸੇ ਸਾਹਿਤ ਦੇ ਅੰਤਰਗਤ ਹੈ ਆਪ ਜੀ ਦੀ ਅਮੁਲਜ ਰਚਨਾ "ਗੋਬਿੰਦ ਗੀਤਾ" ਜਿਸ ਨੂੰ "ਭਗਵੰਤ ਗੀਤਾ" ਵੀ ਕਿਹਾ ਜਾਂਦਾ ਹੈ। ਆਪ ਜੀ ਦੀ ਇਹ ਰਚਨਾ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਸ੍ਰੀਮੁਖ ਤੋਂ ਉੱਚਰਿਤ "ਸ਼੍ਰੀਮਦ–ਭਗਵਦ–ਗੀਤਾ" ਦਾ ਕਾਬਜ ਰੂਪ ਵਿਚ ਪੰਜਾਬੀ ਅਨੁਵਾਦ ਹੈ। ਜਿਸਦੀ ਰਚਨਾ ਆਪ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਨਿਵਾਸ ਦੌਰਾਨ "ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ" ਦੇ ਪਾਵਨ ਪ੍ਰਾਂਗਣ ਵਿਚ ਕੀਤੀ। ਇਸ ਬਾਰੇ ਸਤਿਗੁਰੂ ਜੀ ਗੋਬਿੰਦ ਗੀਤਾ ਵਿਚ ਸ੍ਰੂਯੰ ਫੁਰਮਾਉਂਦੇ ਹਨ।

ਦੋਹਰਾ ॥
ਗੀਤਾ ਸਰੂਪ ਕੀ ਭਾਖਿਆ ਅਨੰਦਗੜ੍ਹ ਮੈਂ ਕੀਨ ॥
ਖਾਲਸੇ ਕੇ ਉਪਦੇਸ ਕੋ ਕਹੀ ਕ੍ਰਿਸਨ ਪ੍ਰਬੀਨ ॥ ੧੮-੧੪੭॥

ਗੁਰੂ ਜੀ ਦੀ ਇਹ ਰਚਨਾ ਛੰਦਾਬੰਦੀ ਦੀ ਦ੍ਰਿਸ਼ਟੀਂ ਤੋ ਤਾਂ ਇਕ ਮਹਾਕਾਬਯ ਹੈ ਤਥਾ ਮੂਲ ਗ੍ਰੰਥ ਦੇ ਗੂੜ੍ਹ ਤੱਤਾਂ ਦੇ ਭਾਵਾਰਥ ਨੂੰ ਸਰਲ ਸ਼ਬਦਾਵਲੀ ਵਿਚ ਪ੍ਰਤਿਪਾਦਨ ਕਰਨ ਕਰਕੇ ਇਕ ਟੀਕਾ ਰੂਪ ਵੀ ਹੈ। ਇਸ ਬਾਤ ਦਾ ਸੰਕੇਤ ਮਹਾਰਾਜ ਜੀ ਨੇ ਆਪਣੀ ਮੁਖਵਾਕ-ਬਾਣੀ "ਸ੍ਰੀ ਸਰਬਲੋਹ ਪ੍ਰਕਾਸ਼" ਵਿਚ ਖਾਲਸਾ ਮਹਿਮਾ ਦੇ ਅੰਤਰਗਤ ਇਸ ਪ੍ਰਕਾਰ ਕੀਤਾ ਹੈ।

ਯਥਾ- ਗੀਤਾ ਮਹਿ ਅਰਜੁਨ ਪ੍ਰਤਿ ਭਾਖਤਿ , ਸ੍ਰੀਮਤਿ ਭਗਤ ਮਹਾਤਮ ॥ ਭਗਤਿ ਗਯਾਨਿ ਰੂਪ ਨਿਜ ਬਰਨਾਂ, ਪ੍ਰਾਪਤਿ ਜਾਕਹੁ ਆਤਮ ॥ਟੀਕਾਕਾਰ ਹੂੰ ਮਹਿਮਾ ਭਗਤਿਨ, ਖਾਲਸਹਿ ਪ੍ਰਤਿ ਹੈ ਭਾਖੀ ॥ਖਾਲਸ ਪਦਕਹੁ ਊਚ ਮਹਾਤਮ, ਸਭਹਿ ਸ੍ਰੇਸ਼ਟਿਨ ਆਖੀ ॥

ਇਸ ਗ੍ਰੰਥ ਦਾ ਅਧਿਐਨ ਕਰਨ ਤੋਂ ਐਸਾ ਪ੍ਰਤੀਤ ਹੁੰਦਾ ਹੈ, ਕਿ ਜਿਸ ਤਰ੍ਹਾਂ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਮਹਾਭਾਰਤ ਦੇ ਯੁੱਧ ਸਮੇਂ ਕੁਰੂਕਸ਼ੇਤ੍ਰ ਦੀ ਯੁੱਧ-ਭੂਮੀ ਵਿਚ ਅਰਜਨ ਨੂੰ ਨਿਮਿੱਤ ਬਣਾ ਕੇ "ਸ੍ਵਧਰਮੇ ਨਿਧਨੰ ਸ਼੍ਰੇਯ:" ਦਾ ਉਪਦੇਸ਼ ਪੂਰੀ ਮਾਨਵਤਾ ਵਾਸਤੇ ਪ੍ਰਦਾਨ ਕੀਤਾ। ਉਸੇ ਤਰ੍ਹਾਂ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼੍ਰੀ ਆਨੰਦਪੁਰ ਸਾਹਿਬ ਦੇ ਯੁੱਧ ਸਮੇਂ ਇਹ ਪਾਵਨ ਉਪਦੇਸ਼ ਖਾਲਸੇ ਨੂੰ ਪ੍ਰਦਾਨ ਕੀਤਾ।

ਯਥਾ- ਜੋ ਠਾਕੁਰ ਅਰਜਨ ਪ੍ਰਤਿ ਭਾਖਿਓ ॥
ਖਾਲਸੇ ਕੋ ਸਭ ਹੀ ਮੈ ਆਖਿਓ ॥੫-੭੨॥
ਗੀਤਾ ਉਪਦੇਸ ਖਾਲਸੇ ਮਾਹਿ ॥
ਸੋ ਖਾਲਸਾ ਇਸ ਮੈਂ ਵਰਤਾਹਿ ॥
ਤਿਆਗੇ ਸਰਬ ਧਰਮ ਕੋ ਭਾਈ ॥

ਏਕ ਅਕਾਲ ਕੀ ਜਬ ਸਰਨਾਈ ॥
ਸਭ ਕਛੁ ਜਾਨੈ ਏਕ ਅਕਾਲ ॥
ਐਸੇ ਜਾਨ ਕੇ ਹੋਇ ਨਿਹਾਲ ॥
ਜਿਨ ਪ੍ਰਭ ਸੰਸਕ੍ਰਿਤ ਮੈ ਭਾਖਿਓ ॥
ਫੇਰ ਤਿਸੀ ਭਾਖਾ ਮੈਂ ਆਖਿਓ ॥੧੮– ੧੪੦॥

ਖਾਲਸੇ ਪ੍ਰਤੀ ਗੀਤਾ ਉਪਦੇਸ਼ ਦੇਣ ਦਾ ਪ੍ਰਸੰਗ ਗੁਰ ਇਤਿਹਾਸਿਕ ਗ੍ਰੰਥ "ਸ਼੍ਰੀ ਗੁਰ–ਪਦ ਪ੍ਰੇਮ ਪ੍ਰਕਾਸ਼"ਵਿਚੋਂ ਵੀ ਮਿਲਦਾ ਹੈ। ਜਿਸ ਦੇ ਕਰਤਾ ਹਨ ਸ਼੍ਰੀ ਮਾਨ ਸੰਤ ਬਾਬਾ ਸੁਮੇਰ ਸਿੰਘ ਜੀ, ਜੋ ਕਿ ਤਖਤ ਸ਼੍ਰੀ ਪਟਨਾ ਸਾਹਿਬ ਜੀ ਦੇ ਮਹੰਤ ਵੀ ਰਹੇ ਹਨ। ਉਹਨਾਂ ਨੇ ਇਸ ਗ੍ਰੰਥ ਦੇ ੨੪ਵੇਂ ਅਧਿਆਇ ਵਿਚ ਇਸ ਸਾਖੀ ਦਾ ਜਿਕਰ ਜਿਸ ਤਰ੍ਹਾਂ ਕੀਤਾ ਹੈ। ਉਸ ਵਿਚੋਂ ਟੂਕ ਮਾਤ੍ਰ ਇਥੇ ਦਿੰਦੇ ਹਾਂ–

ਯਥਾ– ਗੋਬਿੰਦ ਗੀਤਾ ਤਹਾ ਸੁਨਾਈ ॥ ਕਰੀ ਖਾਲਸਾ ਮੱਧਯ ਬਡਾਈ ॥ ਸਿੰਘਨ ਕੇ ਸੰਦੇਹ ਮਿਟਾਏ ॥ ਜੁਧ ਧਰਮ ਸਭ ਭਾਂਤਿ ਦ੍ਰਿਢਾਏ ॥ ਇਸ ਪ੍ਰਕਾਰ ਆਪ ਜੀ ਨੇ ਖਾਲਸੇ ਨੂੰ ਮੁਖ਼ਾਤਬ ਕਰਕੇ ਮਾਨਵ ਮਾਤ੍ਰ ਨੂੰ ਕਰਮ–ਯੋਗ, ਭਗਤੀ–ਯੋਗ, ਗਿਆਨ–ਯੋਗ, ਰਾਜ–ਯੋਗ ਅਤੇ ਸ੍ਵ–ਅਭਿਮਾਨਤਾ, ਸਹਨਸ਼ੀਲਤਾ, ਈਸ਼੍ਵਰ–ਪਾਰਾਇਣਤਾ ਤਥਾ ਧਰਮ–ਪ੍ਰਪੱਕਤਾ ਆਦਿ ਸ਼ੁਭਗੁਣਾਂ ਨੂੰ ਦ੍ਰਿੜ੍ਹ ਕਰਨ ਅਤੇ ਕਾਇਰਤਾ, ਨਪੁੰਸਕਤਾ, ਈਰਖਾ, ਰਾਗ–ਦ੍ਵੈਸ਼ ਆਦਿਕ ਤਥਾ ਕਾਮ, ਕ੍ਰੋਧ ਆਦਿਕ ਦੁਰਗੁਣਾਂ ਨੂੰ ਤਿਆਗਣ ਦਾ ਸਦ ਉਪਦੇਸ਼ ਦ੍ਰਿੜ੍ਹ ਕਰਵਾਇਆ।

ਸ਼੍ਰੀ ਗੀਤਾ ਜੀ ਉੱਪਰ ਪਹਿਲਾਂ ਅਨੇਕ ਭਾਸ਼ਜ ਤਥਾ ਟੀਕਾਵਾਂ ਹੋਈਆਂ ਹਨ ਅਤੇ ਹੁਣ ਵੀ ਉਸਦੇ ਵਿਵੇਚਨ ਵਿਚ ਜੋ ਸਾਹਿਤ ਬਣ ਰਿਹਾ ਹੈ, ਉਹ ਵੀ ਤਿਆਗਣ ਯੋਗ ਨਹੀਂ ਹੈ। ਪਰੰਤੂ ਗੀਤਾ ਦਾ ਅਧਿਐਨ ਸ੍ਵਤੰਤ੍ਰ ਰੂਪ ਵਿਚ ਬਹੁਤ ਘਟ ਹੋਇਆ ਹੈ। ਸਿੱਧਾਂਤ ਪ੍ਰਤਿਪਾਦਨ ਅਤੇ ਸਾਂਪ੍ਰਦਾਇਕ ਦ੍ਰਿਸ਼ਟੀ ਦ੍ਵਾਰਾ ਹੀ ਉਸ ਉੱਪਰ

ਅਧਿਕ ਵਿਚਾਰ ਹੋਇਆ ਹੈ । ਉਸਦਾ ਪਰਿਣਾਮ ਇਹ ਹੋਇਆ ਹੈ ਕਿ ਗੀਤਾ ਦਾ ਵਾਸਤਵਿਕ ਅਰਥ ਬੜ੍ਹੀ ਕਠਿਨਤਾ ਨਾਲ ਸਮਝ ਵਿਚ ਆਉਂਦਾ ਹੈ । ਪ੍ਰਤਿਭਾਸ਼ਾਲੀ ਆਚਾਰੀਆਂ ਤੇ ਟੀਕਾਕਾਰਾਂ ਦੇ ਮਤ–ਵਿਭਿੰਨਤਾ ਕਾਰਣ ਸਾਧਾਰਣ ਬੁੱਧੀ ਵਾਲੇ ਲੋਕ ਘਬਰਾ ਜਾਂਦੇ ਹਨ ।

ਪਰੰਤੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਐਸੇ ਮਹਾਨ ਪ੍ਰਤਿਭਾਸ਼ਾਲੀ ਕਵੀ ਸਮ੍ਰਾਟ ਹਨ, ਕਿ ਜਿਨ੍ਹਾਂ ਦੇ ਵਿਸ਼ਾਲ ਹਿਰਦੇ ਚੋਂ ਨਿਕਲੀ ਹੋਈ ਬਾਣੀ–ਰੂਪੀ ਅੰਮ੍ਰਿਤ–ਧਾਰਾ ਸਾਧਾਰਣ ਤੋਂ ਸਾਧਾਰਣ ਮਨੁੱਖ ਦੇ ਹਿਰਦੇ ਨੂੰ ਵੀ ਸੀਤਲ ਤਥਾ ਪਵਿਤ੍ਰ ਕਰ ਦੇਂਦੀ ਹੈ । ਸ਼੍ਰੀ ਗੀਤਾ ਉੱਪਰ ਸੰਸਕ੍ਰਿਤ, ਹਿੰਦੀ ਆਦਿਕ ਹੋਰ ਭਾਸ਼ਾਂ ਵਿਚ ਤਾਂ ਬਹੁਤ ਸਾਰੀਆ ਟੀਕਾਵਾਂ ਸਮੇਂ–ਸਮੇਂ ਪਰ ਹੁੰਦੀਆਂ ਰਹੀਆਂ ਹਨ; ਕਿੰਤੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰਥਮ ਐਸੇ ਕਵੀ ਹਨ ਜਿਨ੍ਹਾਂ ਨੇ ਗੀਤਾ ਨੂੰ ਕਾਬਯਰੂਪ ਵਿਚ ਪੰਜਾਬੀ ਭਾਸ਼ਾ ਵਿਚ ਲਿੱਪੀ–ਬੱਧ ਕੀਤਾ ਹੈ । ਆਪ ਜੀ ਦੀ ਇਹ ਰਚਨਾ ਪੰਜਾਬੀ ਸਾਹਿਤ ਲਈ ਇਕ ਅਦੁਤੀ ਯੋਗਦਾਨ ਹੈ, ਤਥਾ ਭਾਰਤੀ ਸੰਸਕ੍ਰਿਤੀ ਦੇ ਸੰਰਕਸ਼ਣ ਦਾ ਵੀ ਇਕ ਅਭਿੰਨ ਅੰਗ ਹੈ ।

ਇਸ ਰਚਨਾ ਦਾ ਮੂਲ ਜੋ ਸ਼੍ਰੀਮਦ–ਭਗਵਦ–ਗੀਤਾ ਹੈ ਉਸ ਦੇ ਅਠਾਰਾਂ ਅਧਿਆਇ ਅਤੇ ੭੦੦ ਸਲੋਕ ਹਨ; ਜਿਨ੍ਹਾਂ ਦਾ ਅਨੁਵਾਦ ਸਤਿਗੁਰੂ ਜੀ ਨੇ ੧੮ ਅਧਿਆਇ ਅਤੇ ੧੮੦੧ ਛੰਦਾਂ ਵਿਚ ਅੰਕਿਤ ਕੀਤਾ ਹੈ । ਇਨ੍ਹਾਂ ਵਿਚ ਜ਼ਿਆਦਾਤਰ ਤਾਂ ਦੋਹਰਾ, ਚੌਪਈ ਤੇ ਸੋਰਠੇ ਦਾ ਹੀ ਪ੍ਰਯੋਗ ਹੈ ਪਰੰਤੂ ਕਿਤੇ–ਕਿਤੇ ਪ੍ਰਸੰਗ ਸੰਗਤੀ ਅਨੁਸਾਰ ਕਬਿੱਤ, ਸ੍ਵੈਯਾ, ਅੜਿੱਲ ਅਤੇ ਛਪਯ ਆਦਿਕ ਛੰਦਾਂ ਦੀ ਵੀ ਵਰਤੋਂ ਕੀਤੀ ਹੈ । ਇਸ ਵਿਚ ਵਿਸ਼ੇਸ਼ਤਾ ਇਹ ਹੈ ਕਿ ਮੂਲ ਸਲੋਕਾਂ ਦੇ ਅਨੁਵਾਦ ਦੇ ਨਾਲ–ਨਾਲ ਕਿਤੇ–ਕਿਤੇ ਗੂੜ੍ਹ ਵਿਸ਼ੇ ਸੰਬੰਧੀ ਅਰਥ ਨੂੰ ਵੀ ਗੁਰਮਤਿ–ਸਿੱਧਾਂਤ ਅਨੁਸਾਰ ਟੀਕਾ–ਰੂਪ ਵਿਚ ਸਲੋਕ ਬੱਧ ਕੀਤਾ ਹੈ ॥

ਯਥਾ– ਟੀਕਾਕਾਰਵਾਚ

ਖਾਲਸੇ ਮਾਹਿ ਕਹਿਓ ਉਪਦੇਸ ॥ ਜੋ ਅਰਜਨ ਕੋ ਕਹੀ ਸੁਰੇਸ ॥ ਏਕ ਅਕਾਲ ਸਭੀ ਕਛੁ ਜਾਨੋਂ ॥ ਸੰਸਾਰ ਆਪ ਇਕ ਗੋਬਿੰਦ ਮਾਨੋਂ ॥ਵਰਨ ਆਸ੍ਰਮ ਤੁਮ ਸਗਲ ਤਿਆਗੋ ॥ ਬ੍ਰਹਮ ਗਿਆਂਨ ਮੈ ਨਿਸਦਿਨ ਲਾਗੋ ॥ ਜਾਨੋ ਸਭ ਕਛੁ ਏਕ ਅਕਾਲ ॥ ਜੋ ਦੇਖੋ ਏਕ ਗੋਬਿੰਦ ਦਇਆਲ ॥੧੪–੬੩–੬੪॥

ਪਰਮ ਕ੍ਰਿਪਾਲੂ ਸਤਿਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਅਨੁਵਾਦ ਵਿਚ ਆਪਣੀ ਸੁਭਾਵਿਕ ਕਵਿਤ੍ਵ–ਸ਼ੈਲੀ ਤੋਂ ਹਟ ਕਰਕੇ ਬਿਲਕੁਲ ਸਾਧਾਰਣ ਕਵਿਤਾ ਅਤੇ ਸਰਲ ਸ਼ਬਦਾਵਲੀ ਦਾ ਹੀ ਪ੍ਰਯੋਗ ਕੀਤਾ ਹੈ । ਕਿਉਂਕਿ ਉਨ੍ਹਾਂ ਨੇ ਇਹ ਅਨੁਵਾਦ ਕਿਸੇ ਦਾਰਸ਼ਨਿਕ ਵਿਚਾਰ ਦੀ ਦ੍ਰਿਸ਼ਟੀ ਨਾਲ ਅਥਵਾ ਵਿਦ੍ਵਤਾ ਦਾ ਪ੍ਰਦਰਸ਼ਨ ਕਰਨ ਵਾਸਤੇ ਨਹੀ ਕੀਤਾ ਹੈ, ਬਲਕਿ ਸਾਧਕਾਂ ਦਾ ਹਿਤ ਕਿਸ ਤਰ੍ਹਾਂ ਹੋਵੇ ਇਸ ਦ੍ਰਿਸ਼ਟੀ ਨਾਲ ਕੀਤਾ ਹੈ । ਪਰਮ ਸ਼ਾਂਤੀ ਦੀ ਪ੍ਰਾਪਤੀ ਚਾਹੁਣ ਵਾਲੇ ਪ੍ਰਤੇਕ ਸਾਧਕ ਵਾਸਤੇ, ਚਾਹੇ ਉਹ ਕਿਸੇ ਭੀ ਦੇਸ਼, ਵੇਸ਼, ਭਾਸ਼ਾ, ਮਤ ਅਤੇ ਸੰਪ੍ਰਦਾਇ ਆਦਿਕ ਦਾ ਕਿਉਂ ਨਾ ਹੋਵੇ, ਇਹ ਅਨੁਵਾਦ ਸੰਜੀਵਨੀ ਬੂਟੀ ਦੇ ਸਮਾਨ ਹੈ । ਇਸ ਦਾ ਅਧਿਐਨ ਕਰਨ ਨਾਲ ਸਿੱਖ, ਹਿੰਦੂ, ਬੋਧ, ਜੈਨ, ਪਾਰਸੀ, ਈਸਾਈ ਅਤੇ ਮੁਸਲਮਾਨ ਆਦਿਕ ਸਾਰੇ ਧਰਮਾਂ ਦੇ ਅਨੁਯਾਈਆਂ ਨੂੰ ਆਪਣੇ ਆਪਣੇ ਮਤ ਦੇ ਅਨੁਸਾਰ ਹੀ ਉੱਧਾਰ ਦੇ ਉਪਾਏ ਮਿਲ ਜਾਣਗੇ । ਇਸ ਗ੍ਰੰਥ ਵਿਚੋਂ ਸਾਧਕਾਂ ਨੂੰ ਆਪਣੇ ਉੱਦੇਸ਼ ਦੀ ਸਿੱਧੀ ਵਾਸਤੇ ਪੂਰੀ ਸਾਮਗ੍ਰੀ ਮਿਲੇਗੀ ।

ਗੁਰੂ ਜੀ ਦੀ ਇਹ ਅੰਮ੍ਰਿਤਮਈ ਰਚਨਾ ਗੋਬਿੰਦ ਗੀਤਾ ਸ਼੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਹੀ ਇਕ ਅਭਿੰਨ ਅੰਗ ਹੈ; ਜੋ ਕਿ ''ਤਖਤ ਸ਼੍ਰੀ ਹਰਿਮੰਦਿਰ ਜੀ'' ਪਟਨਾ ਸਾਹਿਬ ਵਿਖੇ ਸੁਭਾਇਮਾਨ ਪੁਰਾਤਨ ਹੱਥ–ਲਿਖਿਤ ''ਸ਼੍ਰੀ ਦਸਮ ਗ੍ਰੰਥ ਸਾਹਿਬ'' ਵਿਚ ਅੰਕਿਤ ਹੈ । ਜਿਸ ਸੁਰੂਪ

ਨੂੰ ਤਖਤ ਸ਼੍ਰੀ ਪਟਨਾ ਸਾਹਿਬ ਵਿਖੇ ਗੋਬਿੰਦ ਗੀਤਾ ਵਾਲਾ ਸੁਰੂਪ ਕਹਿ ਕੇ ਸਨਮਾਨ ਦਿਤਾ ਜਾਂਦਾ ਹੈ । ਇਸ ਤੋਂ ਅਤਿਰਿਕਤ ਇਸ ਬਾਣੀ ਦੇ ਉਤਾਰੇ ਹੋਰ ਵੀ ਕਈ ਪੁਰਾਤਨ ਹੱਥ-ਲਿਖਿਤ ਪੋਥੀਆਂ ਵਿਚ ਮਿਲਦੇ ਹਨ, ਜਿਨ੍ਹਾਂ ਦਾ ਅਸੀਂ ਕਈ ਜਗਾ ਦਰਸ਼ਨ ਵੀ ਕੀਤਾ ਹੈ । ਇਸ ਗੋਬਿੰਦ ਗੀਤਾ ਦੀ ਪ੍ਰੈਸ ਦੁਾਰਾ ਛਪੀ ਹੋਈ ਵੀ ਇਕ ਪੋਥੀ ਕਿਤੇ-ਕਿਤੇ ਉਪਲਬਧ ਹੈ, ਜੋ ਕਿ ਬਹੁਤ ਸਮਾਂ ਪਹਿਲੇ ਭਾਈ ਗੇਲਾ ਰਾਮ ਐਂਡ ਸੰਨਜ਼, ਮਾਲਕ ਸ਼੍ਰੀ ਭਾਰਤੀ ਭੰਡਾਰ ਪੁਸਤਕਾਲਯ ਮੁਲਤਾਨ ਤੋਂ ਪ੍ਰਕਾਸ਼ਿਤ ਹੋਈ ਸੀ ।

ਸੋ ਹੁਣ ਬਹੁਤ ਹੀ ਹਰਸ਼ ਦਾ ਵਿਸ਼ੇ ਹੈ, ਜੋ ਕਿ ਸਤਿਗੁਰੂ ਜੀ ਦੀ ਇਹ ਰਚਨਾ ਉਨ੍ਹਾਂ ਦੇ ਹੀ ੩੫੦ਵੇਂ ਪ੍ਰਕਾਸ਼ ਪੁਰਬ ਸਮੇਂ ਪੁਨਹ ਪ੍ਰਕਾਸ਼ਿਤ ਹੋਣ ਜਾ ਰਹੀ ਹੈ, ਕਿਉਂਕਿ ਪ੍ਰਾਚੀਨ ਸਾਹਿਤ ਦੀ ਸੰਭਾਲ ਸਮੇਂ ਦੀ ਜਰੂਰੀ ਮੰਗ ਹੈ, ਇਸ ਤੋਂ ਬਿਨਾਂ ਅਸੀਂ ਆਪਣੇ ਸਾਹਿਤ, ਇਤਿਹਾਸ ਅਤੇ ਵਿਰਸੇ ਦੀ ਸਹੀ ਪਹਿਚਾਣ ਨਹੀ ਕਰ ਸਕਦੇ । ਖੋਜੀ ਸੱਜਣ ਜਾਣਦੇ ਹਨ ਕਿ ਅਜੇ ਤਕ ਸਿਖ ਸਾਹਿਤ ਦੀਆਂ ਅਨੇਕਾਂ ਪੁਰਾਤਨ ਰਚਨਾਵਾਂ, ਹੱਥ-ਲਿਖਿਤ ਰੂਪ ਵਿਚ ਹੀ ਇਧਰ-ਉਧਰ ਪਈਆਂ ਹਨ, ਜਿਨ੍ਹਾਂ ਨੂੰ ਹੁਣ ਤਕ ਛਾਪੇਖਾਨੇ ਦੇ ਦਰਸ਼ਨ ਨਸੀਬ ਨਹੀਂ ਹੋਏ । ਬਹੁਤ ਸਾਰੀਆਂ ਰਚਨਾਵਾਂ ਤਾਂ ਕਾਗ਼ਜ਼-ਕੀਟਾਣੂਆਂ ਦੀ ਖ਼ੁਰਾਕ ਬਣਕੇ ਅਸਾਡੇ ਤੋਂ ਹਮੇਸ਼ਾ ਵਾਸਤੇ ਲੋਪ ਹੋ ਗਈਆਂ ਹਨ ਅਤੇ ਕਿਤਨਾ ਹੀ ਅਮੋਲਕ ਖਜ਼ਾਨਾ ਪਠਾਣੀ ਹਮਲਿਆਂ ਦੇ ਸਮੇਂ ਲੁਟ-ਮਾਰ ਜਾਂ ਅਗਨਿ ਭੇਟ ਹੋ ਚੁਕਾ ਹੈ । ਅਸਾਡਾ ਪਹਿਲਾ ਫ਼ਰਜ਼ ਹੈ ਕਿ ਜੋ ਕੁਝ ਵੀ ਪ੍ਰਾਪਤ ਹੈ, ਉਸ ਦੀ ਤੁਰੰਤ ਸੰਭਾਲ ਕਰੀਏ । ਜਿਸ ਸੰਪ੍ਰਦਾਇ ਦੇ ਗੁਰੂਆਂ ਨੇ ਗ੍ਰੰਥ ਨੂੰ ਹੀ ਗੁਰੂ ਬਣਾਇਆ ਹੋਵੇ, ਉਸ ਸੰਪ੍ਰਦਾਇ ਨੂੰ ਆਪਣੇ ਗ੍ਰੰਥਾਂ ਦੀ ਅਣਦੇਖੀ ਨਹੀ ਕਰਨੀ ਚਾਹੀਦੀ ਬਲਕਿ ਸਦੈਵ ਉਨ੍ਹਾਂ ਦੇ ਸੰਰਕਸ਼ਣ ਅਤੇ ਪ੍ਰਚਾਰ-ਪ੍ਰਸਾਰ ਵੱਲ ਧਿਆਨ ਦੇਣਾ ਚਾਹੀਦਾ ਹੈ ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪ੍ਰੇਰਣਾ ਸਦਕਾ ਉਪਰੋਕਤ ਵਿਚਾਰ ਨੂੰ ਧਿਆਨ ਵਿਚ ਰਖਦੇ ਹੋਏ ਤਖਤ "ਸ਼੍ਰੀ ਹਰਿਮੰਦਿਰ ਜੀ" ਪਟਨਾ ਸਾਹਿਬ ਦੇ ਜੱਥੇਦਾਰ ਸਿਖ ਪੰਥ ਦੇ ਮਹਾਨ ਵਿਦ੍ਵਾਨ ਸਤਿਕਾਰ–ਯੋਗ, ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੇ ਸਿਖ ਪੰਥ ਦੀਆਂ ਕਈ ਵਿਦ੍ਵਾਨ ਸਖ਼ਸ਼ੀਅਤਾਂ ਨਾਲ ਵਿਚਾਰ–ਵਿਮਰਸ਼ ਕੀਤਾ ਕਿ **"ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ"** ਤਥਾ **"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ"**ਦੀ ਸਿੱਧਾਂਤ ਰੂਪੀ ਸੁਗੰਧੀ ਨੂੰ ਪ੍ਰਤੱਖ ਰੂਪ ਵਿਚ ਫੈਲਾਉਣ ਵਾਲੀ ਸਤਿਗੁਰੂ ਜੀ ਦੀ ਇਹ ਅਮੋਲਕ ਰਚਨਾ ਜਨ–ਜਨ ਤਕ ਪਹੁੰਚਨੀ ਚਾਹੀਦੀ ਹੈ । ਐਸਾ ਤਾਂ ਹੀ ਸੰਭਵ ਹੈ ਜੇਕਰ ਇਸਦਾ ਪੁਨਹ ਪ੍ਰਕਾਸ਼ਨ ਹੋਵੇ । ਇਸ ਵਿਚਾਰ ਸਦਕਾ ਉਨ੍ਹਾਂ ਦੇ ਮਨ ਵਿਚ ਉਤਸਾਹ ਹੋਇਆ ਕਿ ਪੰਜਾਬੀ ਦੇ ਨਾਲ–ਨਾਲ ਇਸ ਦਾ ਹਿੰਦੀ ਭਾਸ਼ਾ ਵਿਚ ਵੀ ਪ੍ਰਕਾਸ਼ਨ ਹੋਣਾ ਜਰੂਰੀ ਹੈ । ਜਿਸ ਦੇ ਫਲ–ਸ੍ਵਰੂਪ ਗੁਰੂ ਮਹਿਮਾ ਤੋਂ ਅਪਰਿਚਿਤ ਦੂਸਰੇ ਧਰਮਾ–ਵਲੰਬੀ ਲੋਕ ਵੀ ਗੁਰੂ ਸਿੱਧਾਂਤ ਦੀ ਵਿਸ਼ਾਲਤਾ ਨੂੰ ਦੇਖਕੇ ਗੁਰੂ–ਘਰ ਦੇ ਸ਼ਰਧਾਲੂ ਬਣ ਸਕਣ ।

ਇਸ ਸ਼ੁਭ ਵਿਚਾਰ ਨੂੰ ਸਾਕਾਰ ਕਰਨ ਲਈ ਸਿੰਘ ਸਾਹਿਬ ਜੀ ਨੇ ਇਸ ਪਾਵਨ ਗ੍ਰੰਥ ਦਾ ਹਿੰਦੀ–ਰੂਪਾਂਤਰ ਅਤੇ ਪੰਜਾਬੀ ਵਿਚ ਟਾਈਪ ਕਰਨ ਦੀ ਸੇਵਾ ਦਾ ਸੁਭਾਗ ਦਾਸਾਂ ਨੂੰ ਪ੍ਰਦਾਨ ਕੀਤਾ । ਸਤਿਗੁਰੁ ਜੀ ਦੇ ਆਸ਼ੀਰਵਾਦ ਨਾਲ ਦਾਸਾਂ ਨੇ ਤੁੱਛ–ਬੁੱਧੀ ਅਨੁਸਾਰ ਇਸ ਸੇਵਾ ਨੂੰ ਕਰਨ ਦਾ ਅਲਪ ਪ੍ਰਯਾਸ ਕੀਤਾ ਹੈ ।

ਇਸ ਗ੍ਰੰਥ ਦੇ ਪਾਠ ਦੀ ਪੂਰੀ ਟਾਈਪਿੰਗ ਸ਼੍ਰੀ ਪਟਨਾ ਸਾਹਿਬ ਵਾਲੇ ਹੱਥ–ਲਿਖਿਤ ਸੁਰੂਪ ਅਨੁਸਾਰ ਹੀ ਕੀਤੀ ਹੈ, ਪਰੰਤੂ ਕਿਤੇ–ਕਿਤੇ ਪ੍ਰਸੰਗ ਸੰਗਤੀ ਅਤੇ ਪਾਠਾਂਤਰ ਨੂੰ ਦੇਖ ਕੇ ਕਈ ਹੋਰ ਹੱਥ ਲਿਖਿਤ ਪੋਥੀਆਂ ਦੀ ਵੀ ਸਹਾਇਤਾ ਲਈ ਹੈ । ਹਿੰਦੀ ਕਰਨ ਸਮੇਂ ਗ੍ਰੰਥ ਦੀ ਮੂਲ ਲਿੱਪੀ ਜੋ ਗੁਰੁਮੁਖੀ, ਉਸਦਾ ਕੇਵਲ ਹਿੰਦੀ ਲਿੱਪੀ ਰੂਪਾਂਤਰ ਹੀ

ਕੀਤਾ ਹੈ; ਅੱਖਰ ਅਤੇ ਲਗਾਂ-ਮਾਤ੍ਰਾਂ ਨੂੰ ਭਾਸ਼ਾ ਦੀ ਛੰਦਾਬੰਦੀ ਦੇ ਨਿਯਮਾਂ ਅਨੁਸਾਰ ਜਿਉਂ ਦਾ ਤਿਉਂ ਰੱਖਣ ਦਾ ਪ੍ਰਯਤਨ ਕੀਤਾ ਹੈ। ਫਿਰ ਵੀ ਮਾਨਵ ਸੁਭਾਵ ਅਨੁਸਾਰ ਟਾਈਪਿੰਗ, ਰੂਪਾਂਤਰ, ਅਤੇ ਪਰੂਫ ਸੁਧਾਈ ਆਦਿਕ ਸੇਵਾ ਕਰਦਿਆਂ ਤ੍ਰੁਟੀਆਂ ਦਾ ਹੋਨਾ ਸੁਭਾਵਿਕ ਹੈ।

**यथा– गच्छतः स्खलनं क्वापि भवत्येव प्रमादतः।**
**हसन्ति दुर्जनास्तत्र समादधति साधवः॥**

ਇਸ ਕਰਕੇ ਵਿਦ੍ਵਤ-ਸੱਜਣ ਤੇ ਪਾਠਕ-ਜਨ ਤ੍ਰੁਟੀਆਂ ਦਾ ਨਿਰਾਕਰਣ ਕਰਕੇ ਭਾਵ-ਪੂਰਵਕ ਪੜ੍ਹਨ ਅਤੇ ਸੇਵਕਾਂ ਨੂੰ ਖਿਮਾਂ ਬਖ਼ਸ਼ ਕੇ ਆਸੀਸ ਪ੍ਰਦਾਨ ਕਰਨ।

**ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥**

**ਗੁਰੂ ਪੰਥ ਦੇ ਦਾਸ**
**ਸੰਤ ਦਰਸਨ ਸਿੰਘ ਸ਼ਾਸਤ੍ਰੀ**
**ਸੰਤ ਜਸਵਿੰਦਰ ਸਿੰਘ ਸ਼ਾਸਤ੍ਰੀ**
**ਨਿਰਮਲ ਸੰਪ੍ਰਦਾਇ, ਕਾਸ਼ੀ (ਬਨਾਰਸ)**

## ਸ੍ਰੀ ਗੋਬਿੰਦ ਗੀਤਾ ਦੇ ਅਧਿਆਵਾਂ ਦਾ ਤਤਕਰਾ


(੧) ਪਹਿਲਾ ਅਧਿਆਇ ਅਰਜੁਨ ਵਿਸ਼ਾਦਯੋਗ

(੨) ਦੂਸਰਾ ਅਧਿਆਇ ਸਾਂਖ੍ਯ ਯੋਗ

(੩) ਤੀਸਰਾ ਅਧਿਆਇ ਕਰਮਯੋਗ

(੪) ਚੌਥਾ ਅਧਿਆਇ ਗਿਆਨ ਕਰਮ ਸੰਨਿਆਸ ਯੋਗ

(੫) ਪੰਜਵਾਂ ਅਧਿਆਇ ਕਰਮ ਸੰਨਿਆਸ ਯੋਗ

(੬) ਛੇਵਾਂ ਅਧਿਆਇ ਧ੍ਯਾਨ ਯੋਗ (ਆਤਮ ਸੰਯਮ ਯੋਗ)

(੭) ਸਤਵਾਂ ਅਧਿਆਇ ਗਿਆਨ–ਵਿਗਿਆਨ ਯੋਗ

(੮) ਅਠਵਾਂ ਅਧਿਆਇ ਅੱਖਰ–ਬ੍ਰਹਮ ਯੋਗ

(੯) ਨੌਵਾਂ ਅਧਿਆਇ ਰਾਜਵਿਦ੍ਯਾ–ਰਾਜਗੁਹ੍ਯ ਯੋਗ

(੧੦) ਦਸਵਾਂ ਅਧਿਆਇ ਵਿਭੂਤੀ ਯੋਗ

(੧੧) ਗਿਆਰਵਾਂ ਅਧਿਆਇ ਵਿਸ਼੍ਵਰੂਪ–ਦਰਸ਼ਨ ਯੋਗ

(੧੨) ਬਾਰਵਾਂ ਅਧਿਆਇ ਭਗਤੀ ਯੋਗ

(੧੩) ਤੇਰਵਾਂ ਅਧਿਆਇ ਖੇਤ੍ਰ–ਖੇਤ੍ਰਗ੍ਯ ਵਿਭਾਗ ਯੋਗ

(੧੪) ਚੌਦਵਾਂ ਅਧਿਆਇ ਗੁਣਤ੍ਰਯ ਵਿਭਾਗ ਯੋਗ

(੧੫) ਪੰਦਰਵਾਂ ਅਧਿਆਇ ਪੁਰਸ਼ੋਤਮ ਯੋਗ

(੧੬) ਸੋਲਵਾਂ ਅਧਿਆਇ ਦੈਵਾਸੁਰ–ਸੰਪਦ ਵਿਭਾਗ ਯੋਗ

(੧੭) ਸਤਾਰਵਾਂ ਅਧਿਆਇ ਸ਼੍ਰਧਾ–ਤ੍ਰਯ ਵਿਭਾਗ ਯੋਗ

(੧੮) ਅਠਾਰਵਾਂ ਅਧਿਆਇਮੋਕਸ਼ ਸੰਨਿਆਸ ਯੋਗ

# ਗੋਬਿੰਦ ਗੀਤਾ

## ੧ਓ ਸਤਿਗੁਰ ਪ੍ਰਸਾਦਿ

### ਸ਼੍ਰੀ ਭਗਵਤ ਗੀਤਾ ਭਾਸ਼ਾ ਸ਼੍ਰੀ ਗੋਬਿੰਦ ਸਿੰਘ ਕ੍ਰਿਤ ॥

ਛੰਦ ॥ ਓਅੰ ਸੋਹੰ ਗੋਬਿੰਦ ਅਕ੍ਰੈ  ਨਿਰਾਕਾਰ ਅਨਾਮੁ ਨਿਰਬੰਧੁ ॥ ਸਰਬ ਨਿਵਾਸੀ ਸਭ ਮਹਿ ਰਵਿਆ  ਜਲਿ ਥਲਿ ਮਹੀਅਲਿ ਖੰਡ ਬ੍ਰਹਮੰਡ ॥ ਸਰਬੇ ਏਕੋ ਪੂਰਨ ਸੁਆਮੀ  ਅਚਲਿ ਅਗਾਧਿ ਸਭ ਵਹੀ ਪ੍ਰਚੰਡ ॥ ਜੋ ਦੀਸੈ ਅਰੁ ਜੋ ਕਿਛੁ ਸੁਣੀਐ  ਏਕ ਬ੍ਰਹਮ ਅਦ੍ਵੈਤ ਅਖੰਡ  ॥੧॥ ਚੌਪਈ ॥ ਨਮੋ ਪਰਮੇਸਰ ਰਾਮ ਹਮਾਰੇ ॥  ਹਮ ਤੁਮ ਹੋਇ ਕੇ ਖੇਲ ਪਸਾਰੇ ॥ ਹਮ ਤੁਮ ਏਕ ਅਕਾਲ ਸਰੂਪ ॥ ਅਲਖ ਬ੍ਰਹਮੰਡ ਗੋਬਿੰਦ ਕਾ ਰੂਪ ॥੨॥ ਨਾਨਾ ਭਾਂਤਿ ਹੋਇ ਪਸਰਿਓ ਸ੍ਵਾਮੀ ॥ ਘਟਿ ਘਟਿ ਕਾ ਹੈ ਅੰਤਰਿਜਾਮੀ ॥ ਨਾਮ ਜਾਤ ਸਭ ਰੂਪ ਤੁਮਾਰੇ ॥ ਤੁਧ ਬਿਨੁ ਕੋਈ ਨਾਹਿ ਪਿਆਰੇ ॥੩॥ ਜੋ ਦੀਸੈ ਸੋ ਕ੍ਰਿਸਨ ਮੁਰਾਰੀ ॥ ਜਿਨਿ ਏਹੁ ਸਗਲੀ ਖੇਲ ਪਸਾਰੀ ॥ ਬਾਲਕ ਨਿਆਈ ਖੇਲੁ ਸਭ ਖੇਲੇ ॥ ਖੇਲ ਰਹੇ ਤਬ ਆਪਿ ਸੰਗੁ ਮੇਲੇ ॥੪॥ ਬੋਲਨ ਸੁਨਨ ਦੇਖਨ ਸਭ ਸੁਪਨਾ ॥ ਅਦ੍ਵੈਤ ਬ੍ਰਹਮ ਮੈ ਜਾਪਨ ਜਪਨਾ ॥ ਸੁਪਨ ਮਾਹਿ ਏਕੁ ਬਾਜੀ ਰਾਚੀ ॥ ਜਿਨਿ ਜਾਨੀ ਸੋ ਗੋਬਿੰਦ ਸਾਚੀ ॥੫॥ ਵਹੀ ਸੁਪਨਾ ਇਕੁ ਜੁਗੁ ਕਹਾਇਓ ॥ ਦ੍ਵਾਪੁਰ ਨਾਮੁ ਬੇਦ ਕਹਿ ਗਾਇਓ ॥ ਤਹਾਂ ਕ੍ਰਿਸਨ ਹੋਏ ਕਉਤਕ ਕੀਨਾ ॥ ਬ੍ਰਹਮ ਗਿਆਨ ਸਭ ਹੀ ਕੋ ਦੀਨਾ ॥੬॥ ਜੋ ਦੇਖੈ ਸੋ ਕ੍ਰਿਸਨ ਪਿਆਰਾ ॥ ਜਿਨ ਇਹੁ ਜਾਪੁ ਅਦ੍ਵੈਤ ਉਚਾਰਾ ॥ ਖੇਲ ਸੰਕੋਚਨ ਪਰ ਜਬ ਆਇਆ ॥ ਭਾਰਥ ਕਾ ਤਬ ਜੁਧ ਰਚਾਇਆ ॥੭॥  ਪਾਂਡਵ ਕੈਰਵ ਸਭ ਦੇਹ ਬਨਾਏ ॥ ਬੀਚ ਸਰਬ ਕੇ ਗੋਬਿੰਦ ਰਾਏ ॥ ਜੋ ਕਿਛੁ ਭਾਵੈ ਸੋਈ ਕਰਾਵੇ ॥ ਕਰੇ ਕਰਾਵੇ ਮਗਨ ਹੋ ਜਾਵੇ ॥੮॥ ਸੁਪਨ ਮਾਹਿ ਜੁਧ ਜਬ ਥਾਪਿਆ ॥ ਤਬ ਦੋ ਦਲ ਕੈਰਵ ਪਾਂਡਵ ਜਾਪਿਆ ॥ ਜਬ ਦੋਨੋ ਦਲ ਜੁਧ ਕੋ ਚਲੇ ॥ ਸਭ ਹੀ ਕ੍ਰਿਸਨ ਮਾਹਿ ਜਾਇ ਰਲੇ ॥੯॥ ਦੋਹਰਾ ॥ ਜੁਧ ਸਿੰਗਾਰ ਬਣਾਇਕੈ

ਕੁਰਖੇਤ੍ਰ ਜਬ ਹੀ ਚਲੇ ॥ ਸੁਤ ਧ੍ਰਿਤਰਾਸ਼ਟ੍ਰ ਅਰੁ ਪੰਡਕੇ ਤਿਨ ਸਿਉ ਸਭ ਧਰਤੀ ਹਲੈ ॥੧੦॥ ਦੋਹਰਾ ॥ ਜਬਹਿ ਧ੍ਰਿਤਰਾਸ਼ਟ੍ਰ ਯਿਹ ਪੇਖਿਓ ਮੁਖਹੁ ਕਹੀ ਯਿਹ ਬਾਤ ॥ ਐਸੇ ਜੁਧ ਕੇ ਦੇਖਣੇ ਹਉ ਭੀ ਚਲਹੋ ਤਾਤ ॥੧੧॥ ਦੋਹਰਾ ॥ ਤਬ ਬਿਆਸ ਜੀ ਪਰਮ ਬ੍ਰਹਮ ਕਹਿਓ ਧ੍ਰਿਤਰਸ਼ਾਟ੍ਰ ਮਾਹਿ ॥ ਤੇਰੇ ਤੋ ਨੇਤ੍ਰ ਨਹੀ ਕਿਆ ਦੇਖੈਗਾ ਜਾਹਿ ॥ ੧੨ ॥ ਸੋਰਠਾ ॥ ਐਸਾ ਬਚਨ ਜਬ ਸੁਨਿਓ ਧ੍ਰਿਤਰਾਸ਼ਟ੍ਰ ਬਿਆਸ ਗੰਭੀਰ ਸਿਉ ॥ ਮੁਖ ਤੇ ਤਬ ਏਹੋ ਭਨਿਓ ਦੇਖੌਂ ਨਹੀ ਤੌ ਸੁਨੋਗਾ ॥ ੧੩ ॥ ਬਿਆਸ ਜੀ ਵਾਚ ॥ ਸੋਰਠਾ ॥ ਜਬ ਸੁਨਿ ਏਹ ਬਾਤ ਰਾਜਾ ਕੀ ਤਿਸ ਬਿਆਸ ਦੇਉ ॥ ਕਹੇ ਸੁਨੌ ਤੁਮ ਤਾਤ ਸੰਜੇ ਮੇਰਾ ਸਿਖ ਹੈ ॥ ੧੪ ॥ ਦੋਹਰਾ ॥ ਸੋ ਤੇਰਾ ਹੈ ਸਾਰਥੀ ਅਰੁ ਮਹਾਂ ਸੁਧੀ ਹੈ ਸਿਧ ॥ ਜੋ ਭਾਰਤ ਮੈਂ ਵਰਤਸੀ ਤੁਝੇ ਕਹੇ ਸਭ ਬਿਧ ॥ ੧੫ ॥

## ਸੰਜਿਓਵਾਚ ॥

ਦੋਹਰਾ ॥ ਤਬ ਸੰਜੇ ਪਰਨਾਮ ਕਰਿ ਕਹੈ ਬਿਆਸ ਜੀ ਮਾਹਿੰ ॥ ਤੁਮ ਜੋ ਕਹੋ ਰਾਜਾ ਪ੍ਰਤਿ ਸੰਜੇ ਕਹਿਹੈ ਤਾਹਿ ॥੧੬ ॥ ਦੋਹਰਾ ॥ ਹੇ ਪ੍ਰਭ ਜੁਧ ਕੁਰਖੇਤ੍ਰ ਮੈ ਅਰ ਇਹੁ ਹਸਨਾਪੁਰ ਮਾਹਿ ॥ ਅਇਤਨੇ ਮਾਰਗਿ ਕੀ ਬਾਤਿ ਕੋ ਕਿਉ ਕਰਿ ਕਹੋਗਾ ਤਾਹਿ ॥ ੧੭ ॥ ਰਿਖੋ ਵਾਚ ॥ ਦੋਹਰਾ ॥ ਤਬ ਰਿਖ ਜੀ ਨੇ ਇਉਂ ਕਹਾ ਸੁਣਹੋ ਸੰਜੇ ਸਿਖ ॥ ਜੋਗ ਧਿਆਨ ਤੇ ਜਾਨੀਐ ਵਰਤਮਾਨ ਭੂਤ ਭਵਿਖ ॥ ੧੮ ॥ ਦੋਹਰਾ ॥ ਦਸਵੇਂ ਪਵਨ ਚੜਾਏ ਕੈ ਸਭ ਜੁਧ ਦੇਖੋ ਮੀਤ ॥ ਦਿਸਟਿ ਦਿਬ ਤੁਝ ਕੋ ਦਈ ਤਿਸ ਪਰ ਕਰਿ ਪਰਤੀਤ ॥੧੯ ॥ ਦੋਹਰਾ ॥ ਜੋ ਕਿਛੁ ਦੇਖੇ ਸੋ ਕਹੋ ਰਾਜਾ ਕੇ ਵਿਦ ਮਾਹਿ ॥ ਦੋਨੋ ਦਲ ਕੁਰਖੇਤ੍ਰ ਮੈਂ ਦੇਖਹੁ ਜੁਧ ਕਰਾਹਿ ॥ ੨੦ ॥

## ਧਿਤਰਾਸ਼ਟ੍ਰੋਵਾਚ ॥

ਦੋਹਰਾ ॥ ਰਾਜਾ ਐਸੇ ਭਾਖਿਹੈ ਸੁਨਹੋ ਸੰਜੈ ਮੀਤ ॥ ਮੇਰੇ ਸੁਤ ਅਰੁ ਪੰਡਕੇ ਤਿਨ ਅਬ ਕਿਆ ਕਿਛੁ ਕੀਤੁ ॥੨੧॥

## ਸੰਜਿਓਵਾਚ ॥

ਚੌਪਈ ॥ ਸੰਜੈ ਆਖੇ ਰਾਜਾ ਮਾਹਿ ॥ ਕਉਤਕ ਜੁਧ ਕਹੋ ਅਬ ਤਾਹਿ ॥ ਸੈਨਾ ਦੋਊ ਦਲੋ ਕੀ ਮਾਹਿ ॥ ਜੋ ਕਿਛੁ ਕੀਈ ਕਹੋਂ ਪ੍ਰਗਟਾਹਿ ॥ ੨੨ ॥ ਸਾਤ ਖੂਹਣੀ ਪਾਂਡਵ ਕੀ ਗਨੀ ॥ ਯਾਰਹ ਖੂਹਣੀ ਕੈਰਵ ਕੀ ਬਨੀ ॥ ਜਬ ਦੁਰਜੋਧਨ ਸੈਨਾ ਦੇਖੀ ॥ ਫਉਜ ਪਾਂਡਵ ਕੀ ਨੀਕੀ ਪੇਖੀ ॥੨੩॥ ਦੇਖ ਚਲੇ ਅਚਾਰਜ ਪਾਸ ॥ ਦ੍ਰੋਣਾਚਾਰਜ ਮਹਾ ਪ੍ਰਕਾਸ਼ ॥ ਅਚਾਰਜ ਨਿਕਟਿ ਜਾਇ ਇਹ ਭਾਖਿਓ ॥ ਦੇਖ ਪਾਂਡਵ ਕਿਆ ਮੋਰਚਾ ਰਾਖਿਓ ॥੨੪॥ ਤੁਮਰਾ ਸਿਖ ਮਹਾਂ ਬੁਧਵਾਨ ॥ ਧ੍ਰਿਸਟਦੁਮਨ ਸੈਨਾਨੀ ਜਾਨ ॥ ਤਿਨ ਐਸੀ ਪੰਗਤ ਸੁਭ ਕੀਨੀ ॥ ਅਪਨੇ ਦਲ ਕੀ ਸੋਭਾ ਲੀਨੀ ॥੨੫॥ ਤਿਨ ਸੈਨਾ ਮੈ ਭਾਰੇ ਬੀਰ ॥ ਧਨਖ ਬਿਦਿਆ ਮੈਂ ਗੁਨੀ ਗਹੀਰ ॥ ਭੀਮ ਅਰਜਨ ਅਰੁ ਬੈਰਾਟ ॥ ਜਿਨ ਸਭ ਦਲ ਕਾ ਠਟਿਓ ਠਾਟ ॥੨੬॥ ਅਵਰ ਰਾਜਾ ਕਹਾ ਲਗ ਕਹੋਂ ॥ ਮਹਾਂਰਥੀ ਸੈਨਾ ਸਭ ਲਹੋਂ ॥ ਅਬ ਜੋ ਸੈਨਾ ਹਮਰੀ ਮੀਤਾ ॥ ਤਾਹਿ ਬਖਾਨੋ ਨਿਰਮਲ ਰੀਤਾ ॥੨੭॥ ਪ੍ਰਿਥਮੇ ਤੁਮ ਹੋ ਗੁਰ ਗੋਪਾਲ ॥ ਦ੍ਰੋਣਾਚਾਰਜ ਮਹਾਂ ਕ੍ਰਿਪਾਲ ॥ ਅਉਰ ਭੀਖਮ ਅਰੁ ਕ੍ਰਿਪਾਚਾਰਜ ॥ ਕਰਨ ਅਸੁਥਾਮਾ ਹੈਂ ਸੁਭ ਕਾਰਜ ॥੨੮॥ ਅਰ ਸੋਮਦਤ ਤੇ ਆਦਿ ਜੋ ਦੇਖੋ ॥ ਮੋ ਨਿਮਿਤ ਪ੍ਰਾਨ ਤਿਆਗੇ ਪੇਖੋ ॥ ਜੋ ਸਸਤ੍ਰ ਵਿਦਿਆ ਮਾਹਿ ਪ੍ਰਬੀਨ ॥ ਯਾਰਹ ਖੂਹਨੀ ਹਮ ਸੰਗ ਚੀਨ ॥੨੯॥ ਹਮਰਾ ਬਖਸੀ ਭੀਖਮ ਜਾਨੋ ॥ ਤਿਸਕੀ ਪ੍ਰੀਤ ਪਾਂਡ ਸੰਗ ਮਾਨੋ ॥ ਯਿਹ ਬਿਧ ਯਾਰਹ ਖੂਹਨੀ ਥੋਰੀ ॥ ਸਾਤ ਖੂਹਨੀ ਪਾਂਡਵ ਬਹੁ ਜੋਰੀ ॥੩੦॥ ਤਿਨਕਾ ਬਖਸੀ ਭੀਮ ਬਲੀ ਹੈ ॥ ਤਿਨ ਸੌ ਸਗਲੀ ਧਰਤਿ ਹਿਲੀ ਹੈ ॥ ਤਬ ਦੁਰਜੋਧਨ ਮੁਖੋ ਬਖਾਨਿਓ ॥ ਹਮਰੀ ਸੈਨਾ ਸਭ ਪਹਿਚਾਨੋ ॥ ੩੧॥ ਅਪਨੇ ਅਪਨੇ ਮੋਰਚਿਓ ਮਾਹੀ ॥ ਸਸਤ੍ਰ ਮਾਰਗ ਸਭ ਬੰਦ ਕਰਾਹੀ ॥ ਸਭ ਭੀਖਮ ਕੀ ਰਖਿਆ ਕਰੋ ॥ ਭੀਖਮ ਬਚਨ ਚਿਤ ਪਰ ਧਰੋ ॥੩੨॥ ਸਾਰੀ ਸੈਨਾ ਕਾ ਸਿਰਦਾਰ ॥ ਭੀਖਮ ਜੋਧਾ ਅਪਰ ਅਪਾਰ ॥

ਭੀਖਮ ਜਬ ਰਾਜਾ ਸਿਉ ਸੁਨਿਓ ॥ ਕੇਹਰ ਰੀਤਿ ਗਾਜ ਕੇ ਭਨਿਓ ॥੩੩॥ ਰਾਜਾ ਕੇ ਆਨੰਦ ਉਪਜਾਵਨ ॥ ਲਾਗਾ ਅਪਨਾ ਸੰਖ ਬਜਾਵਨ ॥ ਜਬ ਸੈਨਾ ਸੰਖ ਯਿਹ ਸੁਨਿਓ ॥ ਸਭਨੇ ਅਪਨੇ ਸੰਖ ਮੁਖ ਭਨਿਓ ॥੩੪॥ ਭੇਰੀ ਪਵਨਾ ਅਵਰ ਦਮਾਮੈ ॥ ਸਗਲੇ ਹੀ ਬਾਜੰਤ੍ਰ ਬਜਾਨੇਂ ॥ ਬਹੁਤ ਸਬਦ ਭਾਰੀ ਹੋ ਰਹਿਆ ॥ ਆਕਾਸ ਧਰਨ ਏਕ ਹੋਇ ਗਇਆ ॥ ਕੈਰਵ ਕਾ ਜਬ ਮਾਰੁ ਬਾਜਾ ॥ ਅਬ ਸੁਨ ਪਾਂਡਵ ਕੇ ਹੈਂ ਰਾਜਾ ॥੩੫॥ ਪਾਂਡਵ ਸੈਨਾ ਵਰਨਨੰ ॥ ਚੌਪਈ ॥ ਪਾਂਡਵ ਕੀ ਸੈਨਾ ਕੇ ਮਾਹਿ ॥ ਅਤਿ ਸੁੰਦਰ ਰਥਿ ਉਤਮ ਆਹਿ ॥ ਸ੍ਵੈਤ ਰੰਗ ਚਾਰ ਜਿਸ ਘੋੜੇ ॥ ਸਾਜ ਬਾਜ ਸਿਉ ਬਹੁ ਬਿਧ ਜੋੜੇ ॥੩੬॥ ਸਾਰਥੀ ਠਉਰ ਈਸ ਕਾ ਈਸਰ ॥ ਸ਼੍ਰੀ ਕ੍ਰਿਸਨ ਮਹਾ ਗਿਆਨੀਸਰ ॥ ਜੋਧਾ ਠਉਰ ਅਰਜਨ ਹਿਤਕਾਰੀ ॥ ਭਗਤ ਗੋਬਿੰਦ ਕੀ ਜਿਨ ਰਿਦ ਧਾਰੀ ॥੩੭॥ ਰਿਖੀਕੇਸ ਸ਼੍ਰੀ ਕ੍ਰਿਸਨ ਗੋਪਾਲ ॥ ਬਜਾਇਆ ਸੰਖ ਭਏ ਕਿਰਪਾਲ ॥ ਪਾਛੈ ਅਰਜਨ ਸੰਖ ਬਜਾਇਆ ॥ ਸਭ ਪਾਂਡਵ ਨੇ ਐਹੀ ਗਾਇਆ ॥੩੮॥ ਤਿਨ ਸੰਖੋਂ ਜੋ ਸਬਦ ਉਚਾਰੇ ॥ ਰਿਦੇ ਧਿਤਰਾਸ਼ਟ੍ਰ ਪੁਤ੍ਰਨ ਕੇ ਜਾਰੇ ॥ ਪ੍ਰਵਾਹ ਸਸਤ੍ਰ ਦਲ ਤੇ ਜਬ ਭਇਆ ॥ ਤਬ ਅਰਜਨ ਰਿਖੀਕੇਸ ਪਹਿ ਕਹਿਆ ॥੩੯॥ ਅੜਿਲ ॥ ਤਬ ਅਰਜਨ ਧਨਖ ਉਠਾਇ ਸਿਰ ਊਪਰਿ ਫੇਰਕੈ ॥ ਰਿਖੀਕੇਸ ਕੋ ਕਹੈ ਪ੍ਰਭੁ ਤ੍ਰਿਣ ਮੇਰਕੈ ॥ ਮੇਰੋ ਰਥ ਕਉ ਦੋਨੋ ਦਲੋਂ ਮਧ ਲੇ ਚਲੋ ॥ ਸਭ ਕੋ ਦੇਖੋ ਮੈਂ ਜੋ ਜੋਧਾ ਹੈ ਭਲੋ ॥੪੦॥ ਜੋ ਮੋ ਸੋ ਕਰਿਹੈ ਜੁਧ ਤਿਨੋ ਸੋ ਹਉ ਕਰੋਂ ॥ ਧਿਤਰਾਸ਼ਟ੍ਰ ਪੁਤ੍ਰ ਦੁਰਜੋਧਨ ਸੇ ਮੈ ਨਾ ਟਰੋਂ ॥ ਯਹੀ ਬਾਤ ਸੰਜੈ ਨੇ ਰਾਜਾ ਪੈ ਕਹੀ ॥ ਤਬ ਸ਼੍ਰੀ ਕ੍ਰਿਸਨ ਬਾਗ ਅਸੋਂ ਕੀ ਗਹੀ ॥੪੧॥ ਦੋ ਸੈਨਾ ਕੇ ਮਧਿ ਰਥ ਇਸ ਥਾਪਿਆ ॥ ਭੀਖਮ ਦ੍ਰੋਨਾ ਸਨਮੁਖ ਰਥ ਕੋ ਰਾਖਿਆ ॥ ਮੁਖ ਸੋ ਬਚਨ ਉਚਾਰੇ ਕੇਸਵ ਪਰਮ ਸਰੂਪ ॥ਸੁਨ ਅਰਜਨ ਪਰਬੀਨਿ ਨਿਰਮੈ ਤੁਝ ਸਰੂਪ ॥੪੨॥ ਦੋਨੋ ਦਲੋ ਕੇ ਮਾਹਿ ਰਥ ਤੁਮਰਾ ਧਰਾ

॥ ਜੋ ਤੁਮ ਸੋ ਕਰਿਹੈ ਜੁਧ  ਸੋ ਸਨਮੁਖ ਖੜਾ ॥ ਤਬ ਪਾਰਥ ਯਹਿ ਬਚਨ  ਸ੍ਰਵਨ ਕਰਿ ਪੇਖਿਆ ॥ ਸਤ੍ਰ ਸੈਨਾ ਕੇ ਮਾਹਿ  ਮੀਤ ਸਭ ਦੇਖਿਆ ॥੪੩॥

ਅਰਜਨੋਵਾਚ ॥

ਦੋਹਰਾ ॥ ਮੋਹ ਸੰਗ ਲਪਟਾਇਓ  ਅਰਜਨ ਜਿਉ ਕਹੈ ॥ ਹੇ ਰਿਖੀਕੇਸ ਮਧਸੂਦਨ  ਸਤ੍ਰ ਸਭ ਮਿਤ੍ਰ ਲਹੈ ॥੪੪॥ ਸ੍ਵੈਯਾ ॥ ਹੇ ਮਧਸੂਦਨ ਕਿਆ ਕਰੋ ਜੀ  ਇਹ ਸਭ ਦੇਖ ਮੈ ਭਇਆ ਹੈਰਾਨਾ ॥ ਪਿਤਾ ਪਿਤਾਮੇ ਅਰੁ ਗੁਰ ਦੇਖੈ  ਪੁਤ੍ਰ ਪੋਤ੍ਰੇ ਦੇਖ ਲੁਭਾਨਾ ॥ ਸਾਲੇ ਸਸੁਰੇ ਅਰੁ ਸਭ ਬਾਂਧਵ  ਯਹ ਦੇਖਤ ਮੈ ਭਇਆ ਦਿਵਾਨਾ ॥ ਥਰਹਰ ਕਾਂਪੋ ਜਲਉ ਸਰੀਰ ਮੈ  ਇਨ ਕੇ ਹਤੇ ਨ ਹੋਇ ਪ੍ਰਧਾਨਾ ॥੪੫॥ ਚੌਪਈ ॥ ਹੇ ਪ੍ਰਭ ਜੀ ਸਭ ਪੂਜਾ ਜੋਗਾ ॥ ਤਿਨਕੋ ਮਾਰੇ ਹੋਇ ਵਿਜੋਗਾ ॥ ਸਾਜਨ ਹਤੇ ਕਲਿਆਣ ਨ ਲਹੇ ॥ ਮਿਤ੍ਰੋ ਬੈਰ ਮਤ ਅਪਨੀ ਦਹੇ ॥ ੪੬ ॥ ਭੂਮ ਕਾ ਰਾਜ ਤੁਛ ਹੈ ਮਾਧੋ ॥ ਤ੍ਰਿਲੋਕ ਕਾ ਰਾਜ ਜੇ ਮੈ ਸਾਧੋ ॥ ਤੌ ਭੀ ਸਾਜਨ ਕੋ ਨਹੀ ਮਾਰੋਂ ॥ ਰਾਜ ਬਿਸਾਰੋ ਭੀਖ ਬੀਚਾਰੋ ॥੪੭॥ ਅਰੁ ਜੋ ਰਾਜ ਕੁਟੰਬ ਕੇ ਕਾਰਨ ਕੀਜੈ ॥ ਤਿਨ ਕੋ ਮਾਰ ਰਾਜ ਕਿਆ ਲੀਜੈ ॥ ਇਹ ਅਪਸਗਨ ਮਨ ਮਾਹਿ ਬਿਚਾਰੋ ॥ ਯਿਹੀ ਬਿਚਾਰੋ ਮਨ ਕੋ ਜਾਰੋ ॥੪੮॥ ਹੇ ਪ੍ਰਭ ਦੁਰਜੋਧਨ ਕੇ ਮਾਰੇ ॥ ਨਹੀ ਕਲਿਆਨ ਮੁਝ ਸੁਨੋ ਪਿਆਰੇ ॥ ਜੋ ਦੁਰਜੋਧਨ ਮਹਾ ਕਬੁਧੀ ॥ ਤਿਸੁ ਕੈ ਮਾਰੇ ਹਤਿਆ ਸੁਧੀ ॥ ਵਹੁ ਜਦਪ ਰਾਜ ਲੋਭ ਅੰਧ ਭਇਆ ॥ ਸਾਸਤ੍ਰ ਬਚਨ ਮੈ ਮਨ ਮੋ ਗਹਿਆ ॥੪੯॥  ਸ਼ਾਸਤ੍ਰ ਸਾਖ ॥ ਕੁਲ ਕਾ ਨਾਸੁ ਮਿਤ੍ਰ ਸੋ ਦ੍ਰੋਹੀ ॥ ਇਸ ਤੇ ਪਰੇ ਪਾਪ ਨਹੀ ਕੋਈ ॥੫੦॥ ਮੰਗਲ ਛੰਦ ॥  ਸੁਨ ਰਿਖੀਕੇਸ ਗੋਵਿੰਦ ॥ ਤੁਮ ਦੀਨ ਦਇਆਲ ਅਨੰਦ ॥ ਮੈਂ ਪਾਠ ਸਿੰਮ੍ਰਿਤ ਕੀਆ ॥ ਤਿਨ ਬਚਨ ਹਿਰਦੈ ਲੀਆ ॥੫੧॥ ਕੁਲ ਹਤਿਆ ਪਾਪ ਪ੍ਰਚੰਡ ॥ ਤਿਨ ਹਤੇ ਸਭ ਸੁਖ ਖੰਡ ॥ ਅਵਰ ਪਾਪ ਬਹੁ ਬਿਧ ਹੋਇ ॥ ਕੁਲ ਧਰਮ ਜਾਵੇ ਖੋਇ ੫੨॥। ਜਬ

ਧਰਮ ਨਾਸਤ ਭਇਆ ॥ ਤਬ ਅਧਰਮ ਇਸਥਿਰ ਰਹਿਆ ॥ ਅਧਰਮ ਐਸੇ ਹੋਇ ॥ ਕੁਲ ਇਸਤ੍ਰੀ ਸਭ ਜੋਇ ॥੫੩॥ ਵਿਭਚਾਰਣੀ ਹੋ ਰਹੈ ॥ ਪਰ ਪੁਰਖ ਕਾ ਸੰਗ ਗਹੈ ॥ ਤਿਸ ਸੌ ਜੋ ਸੰਤਤ ਹੋਇ ॥ ਸਭ ਵਰਨ ਸੰਕਰ ਸੋਇ ॥੫੪॥ ਜਬ ਵਰਨ ਸੰਕਰ ਭਇਆ ॥ ਪਿੰਡ ਪਿਤ੍ਰ ਪਹੁਚਨ  ਰਹਿਆ ॥ ਜਬ ਪਿੰਡ ਪਹੁਚੇ ਨਾਹਿ ॥ ਪਿਤ੍ਰ ਸ੍ਵਰਗ ਤੇ ਗਿਰ ਜਾਹਿ ॥੫੫॥ ਜਿਨਿ ਕੀਆ ਕੁਲ ਕਾ ਨਾਸ ॥ ਸਭ ਪਾਪ ਤਿਸੇ ਪਰਕਾਸ ॥ ਹੇ ਪ੍ਰਭੁ ਸਾਜਨ ਦੇਵ ॥ ਕੁਲ ਨਾਸ ਕਾ ਸੁਨ ਭੇਵ ॥੫੬॥ ਜੋ ਨਾਸ ਕੁਲ ਕਾ ਕਰੈ ॥ ਸੋ ਨਰਕ ਹੀ ਮੈ ਪਰੈ ॥ ਇਉ ਸੁਨਿਓ ਸਿੰਮ੍ਰਿਤ ਮਾਹਿ ॥ ਕੁਲ ਹਤਿਆ ਨਰਕੇ ਜਾਹਿ ॥੫੭॥ ਦੋਹਰਾ ॥ ਅਬ ਅਰਜਨ ਐਸੋ ਕਹੈ  ਦੇਖੋ ਹਮ ਕਿਆ ਕੀਨ ॥ ਜਬ ਇਹ ਉਦਮ ਹਮ ਕੀਓ  ਸ੍ਰਬ ਪਾਪ ਹਮ ਲੀਨ ॥੫੮॥ ਦੋਹਰਾ ॥  ਸਾਜਨ ਹਤੇ ਨ ਸੂਰਮਤ  ਸਨਮੁਖ ਹੋਵੋ ਨਾਹਿ ॥ ਸਸਤ੍ਰ ਹਾਥ ਨ ਪਕੜਹੋ ਜੇ ਕੈਰਵ ਹਤ ਜਾਹਿ ॥੫੯॥ ਦੋਹਰਾ ॥ ਮੁਝਕੋ ਜਬ ਇਹ ਹਤੇਗੇ ਤਬ ਮੇਰੀ ਕਲਿਆਨ ॥ ਇਹੁ ਸੰਗ੍ਰਾਮ ਮੈ ਨ ਕਰੌ  ਛੋਡ ਰਾਜ ਅਭਿਮਾਨ ॥੬੦॥

## ਸੰਜਿਓਵਾਚ ॥

ਸੋਰਠਾ ॥ ਧਿਤਰਾਸ਼ਟ੍ਰ ਕੈ ਪਾਸ  ਐਸੇ ਸੰਜੇ ਆਖ ਹੈ ॥ ਸੁਨੋ ਰਾਜਨ ਅਰਦਾਸ  ਪਾਂਡਵ ਕਹੈ ਜਿਉ ਕ੍ਰਿਸਨ ਪੈ ॥ ੬੧॥ ਸੋਰਠਾ ॥ ਪਾਂਡਵ ਬਹੁ ਦੁਖ ਸਾਥ  ਰੁਦਨ ਕਰੇ ਹੈ ਨੈਨ ਸੋ ॥ ਧਨਖ ਹਾਥ ਸੌ ਡਾਰ ਸੋਕ ਸਮੁੰਦ੍ਰ ਮੈ ਬਹ ਗਇਆ ॥੬੨॥ ਦੋਹਰਾ ॥ ਮੂਰਛ ਹੋ ਕਰਿ ਗਿੜ ਪੜਾ  ਅਰਜਨ ਰਥ ਕੇ ਮਾਹਿ ॥ ਆਗੈ ਮਧਸੂਦਨ ਕਹੈ ਸੁਨਹੋ ਰਾਜਾ ਤਾਹਿ ॥੬੩॥ ਟੀਕਾਕਾਰ ਵਾਚ ॥ ਚੌਪਈ ॥ ਗੀਤਾ ਮੁਕਤਿ ਸਰੂਪ ਕਾ ਧਿਆਉ ॥ ਅਰਜਨ ਬਿਖਿਆਦਿ ਨਾਮੁ ਚਿਤ ਲਾਉ ॥ ਜੋ ਕੋ ਸੁਨਹੈ ਇਹ ਸੰਵਾਦ ॥ ਬਰਨ ਆਸ੍ਰਮ ਤਿਸ ਆਵੈ ਸ੍ਵਾਦ ॥

ਦਇਆ ਕਰੇ ਸਭਹੂੰ ਕੇ ਮਾਹਿ ॥ ਜਗ ਮੈ ਸੋਭਾ ਅਤਿ ਹੀ ਤਾਹਿ ॥੬੪॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਕਰਮ ਯੋਗੋ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਅਰਜਨ ਵਿਸ਼ਾਦ ਯੋਗੋ ਨਾਮ ਪ੍ਰਥਮੋ ਧਿਆਇ॥੧॥੬੪॥

## ਆਗੇ ਧਿਆਇ ਦੂਸਰਾ ਚਲਿਆ ॥

### ਸੰਜਿਓ ਵਾਚ ॥

ਚੌਪਈ ॥ ਹੇ ਰਾਜਾ ਮਧਸੂਦਨ ਜਿਉ ਪੇਖੇ ॥ ਅਤ ਬਿਆਕਲ ਅਰਜਨ ਕੌ ਦੇਖੇ ॥ ਤਿਸ ਕੋ ਆਖੈ ਸ਼੍ਰੀ ਭਗਵਾਨ ॥ ਹੇ ਅਰਜਨ ਤੂੰ ਸਮਾ ਪਛਾਨ ॥ ੧ ॥

### ਸ਼੍ਰੀ ਭਗਵਾਨੋਵਾਚ ॥

ਚੌਪਈ ॥ ਹੇ ਅਰਜਨ ਇਸ ਬਿਖੜੀ ਠਉਰ ॥ ਮਨ ਕੋ ਸੋਗ ਮਹਾਂ ਮਤ ਜੋੜ ॥ ਅਰ ਜੋ ਨੀਚ ਬਾਤਿ ਤੂੰ ਕਹੈ ॥ ਤਿਸਤੇ ਸੂਰਗ ਮਾਰਗ ਨਹੀ ਲਹੇਂ ॥ ੨॥ ਸੰਸਾਰ ਮਾਂਹਿ ਭੀ ਕੀਰਤ ਨਾਂਹਿ ॥ ਹੀਜੋਂ ਕੀ ਬਾਤੈ ਮਤ ਗਾਹਿ ॥ ਤਤ ਬਾਤ ਤੂੰ ਸਮਝੇ ਨਾਂਹੀ ॥ ਤਾਂਤੇ ਤੂੰ ਇਸ ਭੈ ਕੋ ਪਾਹਿ ॥ ੩ ॥ ਨੀਚ ਪਰਕਿਰਤ ਕੌ ਬੇਗ ਤਿਆਗ ॥ ਸਮਾਂ ਪਹਿਚਾਨ ਜੁਧ ਸੌ ਲਾਗ ॥ ਜਗਤ ਤਿਆਗ ਤਬ ਪੂਰਨ ਹੋ ॥ ਜੈਸਾ ਕਹੇ ਕਰੇ ਹੈ ਸੋ ॥

### ਅਰਜਨੋਵਾਚ ॥

ਦੁਰਜੋਧਨ ਸੇ ਮੂਲ ਨ ਲੜੋਂ ॥ ਖੇਤ ਮਾਂਹਿ ਕੈਰਵ ਸੋਂ ਟਰੌਂ ॥ ੪ ॥ ਦੋਹਰਾ ॥ ਅਰਜਨ ਜਬ ਐਸੋ ਸੁਨਿਓ ਕਹਿਓ ਮਧਸੂਦਨ ਮਾਂਹਿ ॥ ਹੇ ਸਖੇ ਹੇ ਸਤ੍ਰੁਨਾਸ ਅਬ ਤੁਮ ਸੁਨਹੋ ਤਾਹਿ ॥ ੫ ॥ ਚੌਪਈ ॥ ਭੀਖਮ ਅਉਰ ਦ੍ਰੋਨਾਚਾਰਜ ॥ ਸਭ ਹੀ ਜਗ ਪੂਜਾ ਕੇ ਕਾਰਜ ॥ ਇਨ ਕੀ ਬਹੁ ਬਿਧ ਪੂਜਾ ਕੀਜੈ ॥ ਇਨ ਕੌ ਮਾਰ ਰਾਜ ਕਿਆ ਲੀਜੈ ॥ ੬ ॥ ਕਉਨ ਵੇਦ ਸ਼ਾਸਤ੍ਰ ਕੇ ਮਾਂਹਿ ॥ ਗੁਰ ਦਾਦਾ ਮਾਰਨ ਕਿਨ ਗਾਂਹਿ ॥ ਅਉਰ ਕੁਟੰਬ ਲੋਗ ਨਹਿ ਮਾਰੌਂ ॥ ਮਹਾ ਪਾਪ ਮੈ ਰਿਦੇ ਬਿਚਾਰੌਂ ॥ ੭॥ ਜੋ ਇਨ ਮਾਰ ਰਾਜ ਕੌ ਪਾਵੌਂ ॥ ਤਿਨ ਕਾ ਰੁਧ੍ਰ ਸਰਬਦਾ ਖਾਵੌਂ ॥ ਅਰ ਇਹ ਬਾਤ ਪਹਿਚਾਨੋ ਮੀਤ ॥ ਹਮ ਜੀਤੇਂ ਕੇ ਹਮ ਕੌ ਜੀਤ ॥ ਯਹੀ ਬਾਤ ਨਿਸਚੈ ਮੈਂ ਜਾਨੀ ॥ ਮਿਤ੍ਰ ਮਰਤ ਕਲਿਆਨ ਨ ਮਾਨੀ

॥੮॥ ਦੋਹਰਾ ॥ ਹੇ ਪ੍ਰਭ ਤੁਮ ਜੋ ਉਚਰਿਓ ਮੁਝ ਪ੍ਰਤਿ ਐਸੀ ਬਾਤ ॥ ਨੀਚ ਬੁਧਿ ਇਸ ਸਮੈ ਮੈ ਤੈਂ ਕਿਉ ਲੀਨੀ ਤਾਤ ॥੯॥ ਦੋਹਰਾ ॥ ਅਬ ਹਮ ਕਛੁ ਨ ਸਮਝ ਹੌ ਸਭ ਬੁਧਿ ਦਈ ਤਿਆਗ ॥ ਸਰਨ ਤੁਮਾਰੀ ਮੈਂ ਪੜਾ ਚਰਨ ਕਮਲ ਸੋ ਲਾਗ ॥੧੦॥ ਦੋਹਰਾ ॥ ਜਿਸਮੌ ਮੁਝ ਕਲਿਆਨ ਹੋ ਸੋਈ ਬਤਾਵਹੁ ਮੋਹਿ ॥ ਕ੍ਰਿਪਾ ਕਰਕੈ ਪ੍ਰਭ ਕਹੋ ਅਬ ਮੈ ਸਿਖ ਹੌ ਤੋਹਿ ॥੧੧॥ ਚੌਪਈ ॥ ਐਸੇ ਦੁਖ ਤੇ ਮੁਝੈ ਨਿਕਾਸੋ ॥ ਸੂਕੀ ਇੰਦ੍ਰੀ ਕਲਿਆਨ ਮੋ ਨਾ ਸੋ ॥ ਸੁਭ ਬਾਤ ਮੋਹਿ ਦਿਸਟਿ ਨ ਆਵੈ ॥ ਜਦਪ ਰਾਜ ਤ੍ਰਿਲੋਕੀ ਪਾਵੈ ॥੧੨॥ ਭੂਮ ਪਤਾਲ ਸ੍ਵਰਗ ਕਾ ਰਾਜ ॥ ਇਨ ਕੇ ਤੁਲਿ ਨਹੀ ਕੋ ਕਾਜ ॥ ਸਭ ਹੀ ਰਾਜ ਜਦਪ ਹਉ ਪਾਏ ॥ ਤਉ ਭੀ ਮੇਰਾ ਦੁਖ ਨਹੀ ਜਾਏ ॥ ਤੁਮਰੀ ਸਰਨਿ ਗਹੀ ਭਗਵਾਨ ॥ ਜੋ ਸੁਭ ਜਾਨੌ ਕਰੌ ਬਖਾਨ ॥੧੩॥

## ਸੰਜਿਓਵਾਚ ॥

ਦੋਹਰਾ ॥ ਸੰਜੇ ਕਹੇ ਧਿਤਰਾਸ਼ਟ੍ਰ ਪੈ ਸੁਨੌ ਰਾਜ ਕੇ ਧਨੀ ॥ ਅਰਜਨ ਜਬ ਇਹੁ ਬੇਨਤੀ ਰਿਖੀਕੇਸ ਪੈ ਭਨੀ ॥੧੪॥ ਸੋਰਠਾ ॥ ਅਰਜਨ ਕਹੇ ਇਹ ਬਾਤ ਸੁਣ ਬਾਸਦੇਵ ਪੂਰਨ ਪ੍ਰਭੂ ॥ ਸੰਗ੍ਰਾਮ ਨ ਕਰੋ ਇਨ ਸਾਥ ਕਿਸੀ ਬਿਧਿ ਯਹਿ ਕਹਤ ਹੋ ॥੧੫॥ ਸੋਰਠਾ ॥ ਜਬ ਇਹ ਸੁਨੀ ਗੋਪਾਲ ਤਬ ਮੁਖ ਤੇ ਬੋਲਤ ਭਏ ॥ ਸੁਣ ਅਰਜਨ ਬੇਹਾਲ ਸਾਂਖ ਸ਼ਾਸਤ੍ਰ ਤੁਝ ਕਹਤ ਹੌ ॥੧੬॥

## ਸ਼੍ਰੀ ਭਗਵਾਨੋਵਾਚ ॥

ਸ੍ਵੈਯਾ ॥ ਸੁਧੀ ਬਿਬੇਕੀ ਪੰਡਿਤ ਗਿਯਾਨੀ ਤਿਨ ਕੀ ਬਾਤ ਕਹੋਂ ਸੁਨ ਲੀਜੈ ॥ ਜਿਸ ਕੀ ਚਿੰਤਾ ਨਾਹੀ ਕਰਨੀ ਤਿਸ ਕੀ ਚਿੰਤਾ ਕਹੁ ਕਿਆ ਕੀਜੈ ॥ ਜੋ ਜਨਮੇਂ ਸੋ ਨਿਸਚੇ ਬਿਨਸੇ ਨਾਸਤ ਬਾਤ ਕਿਆ ਚਿਤ ਧਰੀਜੈ ॥ ਦੇਹ ਬਿਨਾਸੀ ਜੀਉ ਅਬਿਨਾਸੀ ਤਿਨ ਪੁਰਖੋ ਕੌ ਐਸੇ ਸੀਝੈ ॥੧੭॥ ਚੌਪਈ ॥ ਅਰਜਨ ਪ੍ਰਤਿ ਆਖੇ ਗੋਪਾਲ ॥ ਸੁਨ ਅਰਜਨ ਪਾਂਡੇ ਕੇ ਲਾਲ ॥ ਅਉਰ ਭਾਂਤਿ ਮੈ ਤੁਝ ਸਮਝਾਵੌਂ ॥ ਤੇਰੇ

ਮਨ ਕੀ ਤਪਤ ਬੁਝਾਵੌਂ ॥੧੮॥ ਇਹ ਜੋ ਸਨਮੁਖ ਰਾਜਾ ਠਾਢੇ ॥ ਤੇਰੀ ਸਕਤਿ ਨ ਜਾਵੈਂ ਬਾਂਧੇ ॥ ਤਿਨ ਕਾ ਨਾਸ ਨ ਤੇਰੈ ਹਾਥ ॥ ਕਰਮ ਚਿਤ੍ਰ ਨ ਜਾਨੇ ਗਾਥ ॥੧੯॥ ਜਗ ਮੈਂ ਆਵਾ ਗਵਨ ਬਨਾਈ ॥ ਜੋ ਆਵੈ ਸੋ ਥਿਰ ਨ ਰਹਾਈ ॥ ਇਹ ਰਾਜਾ ਸੁਨ ਕੈਸੇ ਆਂਹੀ ॥ ਆਗੇ ਭੀ ਥੇ ਹੁਣ ਹੀ ਨਾਂਹੀ ॥ ੨੦ ॥ ਪਾਛੇ ਹੋਤੇ ਆਇ ਸਾਰੇ ॥ ਹੁਣ ਭੀ ਹੈਂ ਸੁਣ ਪਾਰਥ ਪਿਆਰੇ ॥ ਆਗੈ ਭੀ ਹੋਵੇਂਗੇ ਮੀਤ ॥ ਆਵਾਗਵਨ ਦੇਹ ਕੀ ਰੀਤ ॥੨੧॥ ਪੁਦਗਲ ਕੀ ਅਬ ਬਾਤ ਸੁਨੋ ਤੁਮ ॥ ਬਾਲਕ ਤਰਨ ਬਿਰਧ ਹੈ ਜਿਮ ॥ ਚਤ੍ਰ ਅਵਸਥਾ ਮਿਰਤ ਤੁਮ ਜਾਨੋਂ ॥ ਯਹ ਸਭ ਧਰਮ ਦੇਹ ਕੇ ਮਾਨੋ ॥੨੨॥ ਬਿਬੇਕੀ ਯਹੀ ਚਿਤ ਮੈਂ ਜਾਨੈਂ ॥ ਮਰਨੇ ਕੀ ਚਿੰਤਾ ਨਹੀ ਮਾਨੈਂ ॥ ਜੀਉ ਹੈ ਬਾਸਦੇਵ ਕੀ ਅੰਸ ॥ ਵਹਿ ਅਕਾਲ ਜਾਨੋ ਸਰਬੰਸ ॥੨੩॥ ਅਵਰ ਯਹਿ ਤੁਝ ਇੰਦ੍ਰੀਆਂ ਕਾ ਗਿਆਨ ॥ ਉਤਪਤ ਭਇਆ ਤੂੰ ਨਿਸਚੇ ਜਾਨ ॥ ਹੇ ਸੁਤ ਕੁੰਤਾ ਕੇ ਤੂੰ ਅਬ ਸੁਨ ॥ ਇੰਦ੍ਰੀ ਗਿਆਨ ਕਹੋਂ ਤੁਝ ਫੁਨ ॥੨੪॥ ਸੀਤ ਉਸਨ ਸੁਖ ਅਰੁ ਦੁਖ ॥ ਤਿਹ ਤੇ ਪਾਵੈ ਸਦਾ ਮਾਨੁਖ ॥ ਇਕ ਪਲ ਸੁਖ ਦੂਜੇ ਪਲ ਦੁਖ ॥ ਤਿਸ ਅਨਿਤ ਤੇਂ ਕਿਆ ਹੈ ਸੁਖ ॥੨੫॥ ਆਗਮਪਾਇ ਇੰਦ੍ਰੀ ਸੁਖ ਸੋ ॥ ਤਿਸ ਤੇ ਗਿਆਨ ਮਤ ਪ੍ਰਾਪਤ ਹੋ ॥ ਸੁਖ ਦੁਖ ਇੰਦ੍ਰੀ ਕੇ ਸਹਿ ਰਹੋ ॥ ਭਿੰਨ ਜੀਉ ਦੇਹ ਤੇਂ ਲਹੋ ॥੨੬॥ ਅਰ ਜੋ ਪੁਰਖ ਸ੍ਰੇਸ਼ਟ ਆਹਿ ॥ ਉਹੁ ਸੁਖ ਦੁਖ ਇੰਦ੍ਰੀਓ ਕੇ ਨਹੀ ਮਾਹਿ ॥ ਸਦਾ ਰਹੈ ਸਮ ਨਿਰਮਲ ਰੀਤ ॥ ਅੰਮ੍ਰਿਤ ਗਿਆਨ ਪਾਨ ਤਿਨ ਕੀਤ ॥ ਗਿਆਂਨ ਪਾਂਨ ਤੇਂ ਨਿਰਮਲ ਹੋਵੈ ॥ ਇੰਦ੍ਰੀਓ ਕੀ ਬਿਖਿਆ ਸਭ ਖੋਵੈ ॥੨੭॥ ਦੋਹਰਾ । ਆਤਮ ਸਤ ਅਕਾਲ ਹੈ ਤਿਸ ਕਾ ਨਾਹੀ ਨਾਸ ॥ ਦੇਹ ਜੋ ਦ੍ਰਿਸਟੀ ਆਵ ਹੈਂ ਸੋ ਹੈ ਸਭੀ ਬਿਨਾਸ ॥੨੮॥ ਦੋਹਰਾ ॥ ਇਹ ਦੋ ਬਾਤੈਂ ਸਮਝ ਕੈ ਤਤਵੇਤਾ ਹੈ ਜੋ ॥ ਚਿੰਤਾ ਕੋਈ ਨਾ ਕਰੈ ਨਾਸ ਨ ਜਾਣੈ ਕੋ ॥੨੯॥

ਸ੍ਰੀ ਭਗਵਾਨੋਵਾਚ ॥

ਕਬਿੱਤ ॥ ਪਰਮ ਆਤਮ ਹੈ ਏਕ ਪੁਰਖ ਅੰਤਰ ਸਭ ਦੇਹੋ ਕੇ ਸੋਈ ਅਬਿਨਾਸੀ ਕੂਟਸਤ ਤਿਸ ਰੂਪ ਹੈ ॥ ਦੇਹ ਸਭ ਅਨਿਤ ਉਪਜ ਬਿਨਸੇ ਹੈ ਸਰਬ ਕਾਲ ਆਤਮ ਅਦ੍ਵੈਤ ਅਕਾਲ ਅਉ ਅਨੂਪ ਹੈ ॥ ਸਦਾ ਰਹੈ ਨਿਰਾਹਾਰ ਖਾਏ ਪੀਏ ਕਛੂ ਨਾਹਿ ਅਖੰਡ ਅਰ ਅਚਲ ਅਰ ਅਪਰ ਤਿਸ ਰੂਪ ਹੈ ॥ ਤਾਂਤੇ ਯਹਿ ਬਾਤ ਸਮਝ ਪਾਰਥ ਉਠ ਜੁਧ ਕਰਿ ਆਤਮ ਏਕ ਸਾਚ ਅਉਰ ਰੰਕ ਹੈ ਨ ਭੂਪ ਹੈ ॥੩੦॥

ਸ੍ਰੀ ਭਗਵਾਨੋਵਾਚ ॥

ਮੰਗਲਿ ਛੰਦੁ ॥ ਕੋ ਕਹੈ ਪਾਰਥ ਏਹ ॥ ਹਤ ਕੀਆ ਅਮਕਾ ਦੇਹ ॥ ਅਵਰ ਕਹੈ ਦੂਜਾ ਕੋਇ ॥ ਹਤ ਕਰੋ ਮੈ ਹੀ ਸੋਇ ॥੩੧॥ ਸੋ ਦੋਊ ਬਿਰਥੇ ਜਾਨ ॥ ਉਨ ਮਾਂਹਿ ਨਾਂਹੀ ਗਿਆਂਨ ॥ ਉਹ ਸਮਝਤੇ ਕਛੂ ਨਾਂਹਿ ॥ ਅਗਿਆਨ ਹੀ ਕੋ ਪਾਹਿ ॥੩੨॥ ਨਹੀ ਜੀਉ ਬ੍ਰਹਮੁ ਬਿਨਾਸ ॥ ਤਿਹ ਕਾ ਨ ਹੋਵੈ ਨਾਸ ॥ ਸੋ ਜੀਉ ਕੋ ਅਬ ਕਹੋਂ ॥ ਜੀਉ ਬ੍ਰਹਮ ਏਕੋ ਲਹੋ ॥੩੩॥ ਨਾਂ ਜਨਮਤ ਹੈ ਸੋ ॥ ਉਸ ਨਾਸ ਨਾਂਹੀ ਹੋ ॥ ਉਹੁ ਸਦਾ ਏਕ ਸਰੂਪ ॥ ਉਹੁ ਜਨਮ ਰਹਤ ਅਨੂਪ ॥੩੪॥ ਅਰ ਨਿਤ ਪੁਰਾਤਨ ਜੋ ॥ ਤਿਸ ਹਤ ਕਰੇ ਨਾ ਕੋ ॥ ਅਉਰ ਮਰਨ ਦੇਹ ਕਾ ਧਰਮ ॥ ਜਿਨ ਪਾਇਆ ਇਹ ਮਰਮ ॥੩੫॥ ਸੋ ਨਾ ਕਹੈ ਯਹਿ ਬਾਤ ॥ ਮੈ ਕੀਆ ਅਮਕਾ ਘਾਤ ॥ ਯਾ ਉਹੁ ਕਹੈ ਮੁਝ ਹਤ ॥ ਦੇਹ ਨਾਸ ਜਾਨੋ ਸਤ ॥੩੬॥ ਚੌਪਈ ॥ ਸੁਨਹੋ ਅਰਜਨ ਸਿਖ ਪ੍ਰਬੀਨ ॥ ਸੰਜੋਗ ਦੇਹ ਆਤਮ ਇਉ ਚੀਨ ॥ ਜੈਸੇ ਬਸਤ੍ਰ ਹੋਇ ਪੁਰਾਨਾ ॥ ਡਾਰ ਦੀਆ ਤਬ ਨਵਾ ਹੰਢਾਨਾਂ ॥ ੩੭॥ ਤਿਸੀ ਭਾਂਤਿ ਆਤਮ ਦੇਹ ਡਾਰੇ ॥ ਅਉਰ ਦੇਹ ਲੇਵੈ ਸੁਨ ਪਿਆਰੇ ॥ ਆਤਮ ਕੀ ਉਸਤਤਿ ਸੁਨ ਮੀਤ ॥ ਭਲੀ ਭਾਂਤਿ ਰਾਖੋ ਤੁਮ ਚੀਤ ॥੩੮॥ ਆਇਧ ਕਰਿ ਕਾਟਿਆ ਨਹੀ ਜਾਇ ॥ ਤਾਂ ਕੋ ਅਗਨਿ ਨਾ ਸਕੇ ਜਲਾਇ ॥ ਡੂਬੇ ਨਾਹੀ ਜਲ ਕੇ ਮਾਂਹਿ ॥ ਮਾਰੁਤ ਤਿਸੈ ਸੁਕਾਵੈ ਨਾਂਹਿ ॥੩੯॥ ਅਛੇਦ ਅਦਾਹ ਜੋ ਤਤ

ਪਦਾਰਥ ॥ ਸਭ ਕੇ ਅੰਤਰ ਜਾਨੋ ਪਾਰਥ ॥ ਥਾਂਭ ਰਹਿਆ ਸਭਹੂੰ ਕੋ ਆਪ ॥ ਤਿਸ ਤੇ ਨਿਸਚਲ ਉਸ ਕਾ ਜਾਪ ॥੪੦। ਪੁਰਾਤਨ ਅਉਰ ਸਨਾਤਨ ਕਹੀਐ ॥ ਅਬਗਤ ਅਦ੍ਰਿਸਟ ਅਗੋਚਰ ਲਹੀਐ ॥ ਚਿਤਵਨ ਕਰਿ ਚਿਤਵਿਆ ਨਹੀ ਜਾਇ ॥ ਐਸਾ ਅਕ੍ਰੈ ਕਹਿਆ ਸਮਝਾਇ ॥੪੧॥ ਜੋ ਕੋ ਐਸਾ ਆਤਮ ਜਾਨੇ ॥ ਸੋ ਚਿੰਤਾ ਕੋਊ ਨਹੀ ਮਾਨੇ ॥ ਜੈਸਾ ਆਤਮ ਤੈਸਾ ਮੁਝਿ ਕਹਿਆ ॥ ਜਿਸ ਨੇ ਮਨ ਮੋ ਐਸਾ ਲਹਿਆ ॥੪੨॥ ਕਰੇ ਕਿਸੀ ਕੀ ਚਿੰਤਾ ਨਾਂਹੀ ॥ ਉਹੁ ਜਾਨੈ ਏਕੋ ਬ੍ਰਹਮ ਹੀ ਆਹੀ ॥ ਹੇ ਪਾਰਥ ਤੁਝ ਹਉ ਸਮਝਾਵੌਂ ॥ ਬੋਲਨਹਾਰ ਕੀ ਬਾਤ ਸੁਨਾਵੌਂ ॥੪੩॥ ਦੋਹਰਾ ॥ ਜੋ ਜਾਨੇ ਤੂੰ ਬੋਲਤਾ ਜਨਮੇ ਮਰੇ ਨਿਤ ਸੋਇ ॥ ਯਹੀ ਬਾਤ ਬਿਚਾਰ ਕੇ ਚਿੰਤਾ ਮਤ ਕਰਿ ਕੋਇ ॥੪੪॥ ਜੋ ਕੋ ਜਨਮੇ ਸੋ ਮਰੇ ਆਖਿ ਪੇਖਿ ਸਭ ਜਾਹਿ ॥ ਜੋ ਨਿਸਚੇ ਕਰਿ ਬਿਨਸ ਹੈ ਚਿੰਤਾ ਤਿਸ ਕੀ ਨਾਂਹਿ ।੪੫॥ ਸੋਰਠਾ ॥ ਅਉਰ ਪਖ ਸੁਨ ਮੀਤ ਚਿੰਤਾ ਕੋਈ ਨਾ ਕਰੋ ॥ ਇਹ ਤੁਮ ਰਾਖੋ ਚੀਤ ਜੈਸੇ ਤੁਮ ਸੌ ਕਹਤ ਹੌ ॥੪੬॥ ਚੌਪਈ ॥ ਇਹ ਸਭ ਲੋਕ ਠਾਂਢੇ ਜੋ ਦੇਖੋ ॥ ਤਿਨ ਕੀ ਆਦਿ ਨਹੀ ਕਛੁ ਪੇਖੋ ॥ ਜੋ ਇਹ ਕਉਨ ਠਉਰ ਸੋ ਆਏ ॥ ਜਬ ਬਿਨਸੈ ਤਬ ਕਿਤ ਕੋ ਜਾਏ ॥੪੭॥ ਮਧ ਦੇਖਨੇ ਮਾਹਿ ਇਹ ਆਵੈ ॥ ਪੁਦਗਲ ਤਿਆਗ ਕਹਾ ਵੈ ਜਾਵੈ ॥ ਆਦਿ ਅੰਤ ਜਾਕੀ ਨਾ ਜਾਪੈ ॥ ਤਿਸ ਕੀ ਚਿੰਤਾ ਕਰੈ ਸੋ ਖਾਪੈ ॥੪੮॥ ਜਲ ਕੇ ਮਧਿ ਬੁਦਬੁਦੇ ਜੋਇ ॥ ਸੋ ਵਹਿ ਸਭ ਹੀ ਕੋ ਜਲ ਹੋਇ ॥ ਤੈਸੇ ਇਹ ਸਭ ਆਤਮ ਰੂਪ ॥ ਨਿਰਗੁਨ ਤੇ ਇਹ ਸਰਗੁਨ ਸਰੂਪ ॥ ਐਸੇ ਸਮਝ ਚਿੰਤਾ ਨਾ ਕਰੋ ॥ ਸਹਜ ਬਨੇ ਸੋਈ ਕਛੁ ਕਰੋ ॥੪੯॥ ਦੋਹਰਾ ॥ ਅਉਰ ਪਖਿ ਅਬ ਕਹਤ ਹੌ ਸੁਨ ਪਾਰਥ ਪਰਧਾਨ ॥ ਇਸ ਪਖਿ ਚਿੰਤਾ ਨਾ ਕਰੋ ਜੀਉ ਅਕਾਲ ਪਹਿਚਾਨ ॥੫੦॥ ਦੋਹਰਾ ॥ ਜੋ ਜਾਨੈ ਮੈ ਨਿਰਖ ਹੋ ਆਤਮ ਬੋਲਨਹਾਰ ॥ ਸੋ ਦੇਖੈ ਅਚਰਜ ਕਰਿ ਕਹੈ ਅਚਰਜ ਬੀਚਾਰ ॥੫੧॥ ਸ੍ਰਵਨ ਕਰੈ ਅਸਚਰਜ ਸੌ ਅਸਚਰਜ ਕਰੇ

ਅਭਿਆਸ ॥ ਯਹ ਸਭ ਹੀ ਅਸਚਰਜ ਹੈ ਆਤਮ ਸੁਤਹ ਪ੍ਰਕਾਸ ॥੫੨॥ ਸੋਰਠਾ ॥ ਜੋ ਅਸਚਰਜ ਕੀ ਬਾਤ ਤਿਸ ਕੀ ਚਿੰਤਾ ਨਾ ਕਰੋ ॥ ਆਤਮ ਗੋਬਿੰਦ ਸਾਤ ਏਕ ਅਦ੍ਵੈਤ ਮਨ ਮੋ ਧਰੋ ॥੫੩॥ ਚੌਪਈ ॥ ਪਾਰਥ ਆਤਮ ਤਤ ਬੀਚਾਰ ॥ ਆਇਧ ਕਰਿ ਤਿਸ ਨਾ ਸੰਖਾਰ ॥ ਸਭ ਦੇਹੋ ਕੇ ਅੰਤਰ ਏਕ ॥ ਤਿਸ ਹੀ ਕੇ ਇਹ ਦੇਹ ਅਨੇਕ ॥੫੪॥ ਤਿਸ ਤੇ ਚਿੰਤਾ ਕੋਈ ਨਾ ਕਰੋ ॥ ਸਹਜ ਬਨੇ ਨਿਹਕਾਮ ਹੋ ਲੜੋ ॥ ਅਰ ਆਤਮ ਸਭ ਦੇਹ ਬਨਾਏ ॥ ਦੇਹ ਬਨਾਇ ਧਰਮ ਵਰਤਾਏ ॥੫੫॥ ਖਤਰੀ ਦੇਹ ਜੁਧ ਹੈ ਧਰਮ ॥ ਤੇਰੀ ਦੇਹ ਕਾ ਏਹੋ ਕਰਮ ॥ ਧਰਮ ਬੀਚਾਰ ਸੁਕਚੀਓ ਮਤ ਪਿਆਰੇ ॥ ਤੇਰਾ ਕਲਿਆਣ ਹੈ ਇਸੇ ਬੀਚਾਰੇ ॥੫੬॥ ਖਤਰੀ ਦੇਹ ਕੋ ਇਹ ਜੁਧ ਹੈ ਭਾਈ ॥ ਦੁਲਭ ਪਰਾਪਤ ਹੋ ਪੰਡਰਾਈ ॥ ਅਪਨੀ ਇਛਿਆ ਸੋ ਸਭ ਰਾਜਾ ॥ ਜਿਨ ਇਹ ਸਗਲਾ ਭਾਰਥ ਸਾਜਾ ॥੫੭॥ ਸ੍ਵਰਗ ਦ੍ਵਾਰ ਤਿਨ ਕਾਰਨ ਖੁਲੇ ॥ ਜਬ ਜੂਝੈ ਤਬ ਸ੍ਵਰਗ ਕੋ ਚਲੇ ॥

ਟੀਕਾਕਾਰਵਾਚ ॥

ਸਰਗੁਨ ਨਿਰਗੁਨ ਏਕੋ ਰੂਪ ॥ ਦੇਹ ਛਾਡੇ ਤਬ ਵਹੀ ਸਰੂਪ ॥੫੮॥

ਸ੍ਰੀ ਭਗਵਾਨੋਵਾਚ ॥

ਅਰੁ ਜੋ ਤੂੰ ਕਾਇਰ ਹੋ ਜਾਵੈ ॥ ਧਰਮ ਜੁਧ ਤੇ ਆਪ ਬਚਾਵੈ ॥ ਤਾਤੇਂ ਦੇਹ ਧਰਮ ਤੁਧ ਜਾਵੈ ॥ ਸ੍ਵਰਗ ਭੰਗ ਤੇ ਅਤਿ ਦੁਖ ਪਾਵੈ ॥੫੯ ॥ ਪ੍ਰਿਥਮੇ ਦੇਹ ਧਰਮ ਤੁਧੁ ਜਾਇ ॥ ਦੁਤੀਐ ਅਪਜਸ ਤੁਧ ਸਭ ਗਾਇ ॥ ਤ੍ਰਿਤੀਐ ਪਾਪ ਭਾਰ ਤੁਝ ਹੋਵੈ ॥ ਦੇਹਿ ਅਨਿਤ ਮੈ ਪੁੰਨ ਤੂੰ ਖੋਵੈ ॥੬੦॥ ਜੇ ਕੋ ਤੇਰੀ ਕੀਰਤਿ ਗਾਵੈ ॥ ਸੋ ਸਭ ਤੁਝ ਕੋ ਕਾਇਰ ਪਾਵੈ ॥ ਜਿਸ ਕੀ ਜਗ ਮੈ ਨਿੰਦਿਆ ਹੋਇ ॥ ਧ੍ਰਿਗ ਜੀਵਨ ਤਿਸ ਕਾ ਹੈ ਸੋਇ ॥੬੧॥ ਜੋ ਜੋਧਾ ਤੁਝ ਜਾਨੈ ਸੂਰ ॥ ਸੋ ਤੁਝ ਜਾਨੈ ਕਾਇਰ ਮੂੜ ॥ ਬੁਰੇ ਬਚਨ ਕਹੇ ਤੁਝ ਮਾਹਿ ॥ ਇਸ ਨਿੰਦਿਆ ਤੇਂ ਤੂੰ ਦੁਖ ਪਾਂਹਿ ॥੬੨॥

ਟੀਕਾਕਾਰਵਾਚ ॥

ਦੇਹਿ ਬਿਨਾਸੀ ਸਭ ਬ੍ਰਹਮ ਹੋਇ ॥ ਜੋ ਅਬ ਜਾਨੈ ਤੈਸਾ ਹੈ ਸੋਇ ॥

ਸ਼੍ਰੀ ਭਗਵਾਨੋਵਾਚ ॥

ਜੋ ਤੂੰ ਜੁਧ ਬਿਖੈ ਲੜ ਮਰੈ ॥ ਰਾਜ ਸ੍ਵਰਗ ਲੋਕੋਂ ਕਾ ਕਰੈਂ ॥੬੩॥ ਅਰੁ ਜੋ ਜੀਤੇਂਗਾ ਸੰਗ੍ਰਾਮ ॥ ਰਾਜ ਮਾਹਿ ਕਰੇਂ ਆਰਾਮ ॥ ਰਾਜ ਭੂਮ ਕਾ ਬਹੁ ਬਿਧਿ ਭੋਗਹਿ ॥ ਜਸ ਤੇਰਾ ਹੋਵੈ ਵਿਚ ਲੋਗਹਿ ॥ ੬੪ ॥ ਹੇ ਕੁੰਤੀ ਸੁਤ ਜੁਧ ਕਰ ਮੀਤ ॥ ਏਸੀ ਭਾਂਤ ਜੁਧ ਕੀ ਰੀਤਿ ॥ ਸੁਖ ਦੁਖ ਸਮ ਜਾਨੌ ਜੁਧ ਕਰੋ ॥ ਹਾਰ ਜੀਤ ਮੈਂ ਚਿਤ ਨ ਧਰੋ ॥ ੬੫ ॥ ਤਿਸ ਕਾ ਲੇਪ ਨ ਲਾਗੈ ਤੋਹਿ ॥ ਸਾਂਖ ਬਚਨ ਇਹ ਮਨ ਮੈ ਪੋਹਿ ॥ ਸਾਂਖ ਬਚਨ ਸੰਪੂਰਨ ਕਹਿਆ ॥ ਜੋ ਵਹਿ ਤੁਝਿ ਮੈ ਜਾਤ ਨ ਲਹਿਆ ॥ ੬੬ ॥ ਅੰਤਾਕਰਨ ਜਿਸ ਹੋਇ ਮਲੀਨ ॥ ਸੋ ਇਹ ਸਾਂਖ ਬਚਨ ਨਹੀਂ ਚੀਨ ॥

ਟੀਕਾਕਾਰਵਾਚ ॥

ਚੌਪਈ ॥ ਤਿਸ ਕੋ ਕਰਮ ਜੋਗ ਪਰਵਾਨ ॥ ਜੈਸੀ ਭਾਖੀ ਸ਼੍ਰੀ ਭਗਵਾਨ ॥ ੬੭ ॥ ਕਰਮ ਕਰਤ ਅੰਤਰ ਸੁਧਿ ਹੋਵੈ ॥ ਤਬ ਵਹਿ ਭਗਤਿ ਮਾਹਿਂ ਚਿਤ ਪੋਵੈ ॥ ਭਗਤਿ ਕਰੈ ਤਬ ਪ੍ਰੇਮ ਹਰਿ ਪਾਵੈ ॥ ਪ੍ਰੇਮ ਕੀਐ ਗਿਆਨ ਕੌ ਗਾਵੈ ॥ ੬੮ ॥ ਗਿਆਨ ਤੇ ਜਾਨੈ ਅਪਨਾ ਰੂਪ ॥ ਚਿਰੰਕਾਲ ਵਹ ਬ੍ਰਹਮ ਸਰੁਪ ॥ ਜੋ ਅਬ ਹੀਏ ਗਿਆਨ ਕੋ ਧਾਰੈ ॥ ਇਕ ਬ੍ਰਹਮ ਅਦ੍ਵੈਤ ਬੀਚਾਰੈ ॥ ੬੯ ॥ ਅਦ੍ਵੈਤ ਮਾਹਿ ਦੂਸਰ ਨਹੀ ਕੋਇ ॥ ਆਪ ਹੀ ਆਪ ਬ੍ਰਹਮ ਵਹਿ ਹੋਇ ॥ ਜੋ ਸੇਵੈ ਸੋਈ ਕੁਛ ਪਾਵੈ ॥ ਸੋਇ ਹੋਵੈ ਜਿਸ ਸੌ ਚਿਤ ਲਾਵੈ ॥ ੭੦ ॥ ਆਗੇ ਹੀ ਗੁਰ ਨਾਨਕ ਗਾਇਆ ॥ ਵਹੀ ਪ੍ਰਾਪਤਿ ਜਿਸ ਸੌ ਚਿਤ ਲਾਇਆ ॥

ਮਧਸੂਦਨੀ ਟੀਕਾਕਾਰਵਾਚ ॥

ਅਬ ਮਧਸੂਦਨੀ ਟੀਕਾਕਾਰ ॥ ਐਸੇ ਕਹਿਹੈ ਲੋਕ ਪੁਕਾਰ ॥ ੭੧ ॥ ਸੁਨਹੋ ਸਰਬ ਜਗਤ ਕੇ ਲੋਕ ॥ ਤੀਅ ਸੁਤ ਅਰਜਨ ਹੈ ਕਿਹ ਜੋਗ

॥ ਜੈਸੇ ਰਿਖੀਕੇਸ ਜੀ ਕਹਿਓ ॥ ਤੈਸਾ ਅਰਥ ਮੁਝ ਮਨ ਮੈ ਲਹਿਓ ॥ ੭੨ ॥ ਤੀਅ ਹੈ ਤਮ ਗੁਨ ਮੂਰਖ ਅਗ ॥ ਰਜ ਗੁਨ ਥੋੜਾ ਨਹੀ ਤਿਸ ਤਗ ॥ ਤਿਸ ਕੀ ਮਤਿ ਨੀਚ ਹੈ ਭਾਈ ॥ ਐਸੀ ਸਭ ਸ਼ਾਸਤ੍ਰੋ ਕਰਿ ਗਾਈ ॥ ੭੩ ॥ ਜੋ ਤਿਸ ਕਾ ਸੁਤ ਸੋ ਹੈ ਨੀਚ ॥ ਮਹਾਂ ਅਗਿਆਨੀ ਫਸਿਆ ਕੀਚ ॥ ਪੁਰਖ ਉਸਤਤਿ ਬੇਦੋਂ ਮੈ ਲਹੀ ॥ ਪੁਰਖ ਸੁਤ ਪੁਰਖ ਸਮ ਕਹੀ ॥੭੪॥ ਪੁਰਖ ਵਹੀ ਜੋ ਸਤਗੁਨ ਮਾਂਹੀ ॥ ਬਿਨਾਂ ਬ੍ਰਹਮ ਜਾਨੇ ਜੋ ਨਾਂਹੀ ॥ ਐਸੇ ਪੁਰਖ ਕਾ ਸੁਤ ਹੈ ਜੋ ॥ ਸੋ ਭੀ ਆਪ ਬ੍ਰਹਮ ਹੀ ਹੋ ॥੭੫॥ ਸੁਤ ਪੁਰਖ ਰਾਗ ਦ੍ਵੈਖ ਤੇ ਮੁਕਤ ॥ ਲਾਭ ਅਲਾਭ ਮਾਂਹਿ ਸਮ ਜੁਗਤ ॥ ਤੀਯ ਸੁਤ ਰਹੈ ਮੋਹ ਮੈਂ ਮਗਨ ॥ ਨਿਤ ਬੀਚਾਰੈ ਸਗਨ ਅਪਸਗਨ ॥੭੬॥ ਜੋ ਵਰਤੇ ਭਗਵਾਨ ਰਜਾਇ ॥ ਹੁਕਮ ਮਾਂਹਿ ਕਿਆ ਸਗਨ ਦਿਖਾਇ ॥ ਅਰਜਨ ਮੋਹ ਬਾਤ ਜਬ ਕਹੀ ॥ ਤੀਯ ਸੁਤ ਨਾਮ ਕੇਸਵ ਤਬ ਕਹੀ ॥੭੭॥ ਜਗ ਸਾਰਾ ਤੀਯਾ ਸੁਤ ਹੈ ਭਾਈ ॥ ਪੁਰਖ ਸੁਤ ਕੋ ਵਿਰਲਾ ਪਾਈ ॥ ਪੁਰਖ ਕੀ ਤੀਯਾ ਮਾਇਆ ਜਗ ਬਨੀ ॥ ਜਗਤ ਪ੍ਰੀਤ ਮਾਇਆ ਸਭ ਗਨੀ ॥੭੮॥ ਤਾਤੇ ਸੁਤ ਸਭ ਤੀਯਾ ਕੇ ਹੋਏ ॥ ਮੋਹ ਲੋਭ ਮੈਂ ਪਚਿ ਪਚਿ ਮੋਏ ॥ ਪੁਰਖ ਸੁਤ ਹੈ ਹਰੀ ਕੇ ਸੰਤ ॥ ਹਰਿ ਕਾ ਨਾਮ ਜਿਨ ਜਪਿਓ ਮੰਤ ॥੭੯॥ ਹਰਿ ਜੀ ਬਿਨ ਦੂਸਰਾ ਨਹੀ ਜਾਨੈ ॥ ਪੁਰਖ ਤਾਤ ਸਭ ਹਰਿ ਹੀ ਮਾਨੈਂ ॥ ਹਰਖ ਸੋਗ ਤੇਂ ਰਹੈ ਅਤੀਤ ॥ ਸਮ ਕਰ ਜਾਨੈ ਵੈਰੀ ਮੀਤ ॥੮੦॥ ਐਸੇ ਮਧਸੂਦਨ ਜੀ ਗਾਏ ॥ ਜਗਤ ਲੋਕ ਕੌ ਗਾਇ ਸੁਨਾਏ ॥ ਕਿਸਨ ਮੁਰਾਰੀ ਭਗਤ ਉਧਾਰਨ ॥ ਬੁਧ ਜੋਗ ਕਾ ਕਹਿ ਹੈ ਕਾਰਨ ॥੮੧॥ ਸ੍ਰੀ ਭਗਵਾਨੋਵਾਚ ॥ ਦੋਹਰਾ ॥ ਹੇ ਪਾਰਥ ਤੁਝਿ ਕਹਿਤ ਹੋਂ ਸਮਝ ਰਾਖ ਮਨ ਨਾਲ ॥ ਬੁਧ ਜੋਗੁ ਕੌ ਸਮਝ ਕਰਿ ਕਰਮ ਫਾਂਸ ਕਟਿ ਡਾਲ ॥੮੨॥ ਦੋਹਰਾ ॥ ਪ੍ਰਿਥਮੇ ਮੇਰੀ ਬੁਧ ਸੁਨ ਜੋ ਮੈਂ ਭਗਤੋ ਸਾਥ ॥ ਜੋ ਵਹ ਭੂਲ ਸੇਵਾ ਕਰੈ ਬੇਗ ਗਹੋਂ ਤਿਸ ਹਾਥ ॥੮੩॥ ਛੰਦਿ ॥ ਭੂਲ ਅਭੂਲ ਜੋ ਸੇਵਾ ਕਰਤਾ ॥ ਪੀਛੇ

ਆਗੇ ਚਿਤ ਨ ਧਰਤਾ ॥ ਤਿਸ ਕੌ ਪਾਪ ਕਛੂ ਨਾ ਦੇਵੌ ਜਾਨੌ ਮਗਨ ਭਇਆ ਜਸ ਕਰਤਾ ॥੮੪॥ ਭਗਤ ਮੇਰੇ ਕਉ ਦੁਖ ਨ ਕੋਈ ॥ ਸੁਖ ਸਰੂਪ ਭਗਤ ਕਾ ਹੋਈ ॥ ਤਿਸ ਕੇ ਸੰਗ ਸਦਾ ਹਉ ਰਹਤਾ ਸਗਲ ਪਾਪ ਤਿਸ ਕੇ ਮੈ ਹਰਤਾ ॥੮੫॥ ਦੇਖਨ ਥੋੜਾ ਧਰਮ ਹਮਾਰਾ ॥ ਏਕ ਬਾਰ ਮੁਝ ਨਾਮ ਉਚਾਰਾ ॥ ਅਥਵਾ ਏਕ ਕਰੈ ਨਮਸਕਾਰ ਸੋ ਤੋ ਭਗਤ ਅਮਰ ਨਹੀ ਮਰਤਾ ॥੮੬॥ ਇਕੁ ਪੁਹਪ ਪਤ੍ਰ ਮੋਹਿ ਕੋ ਚਾੜੇ ॥ ਅਥਵਾ ਕੀਰਤਨ ਮੋਹਿ ਉਚਾਰੇ ॥ ਤਿਸ ਕੇ ਸਗਲੇ ਬੰਧਨ ਕਾਟੋ ਅਪਨੇ ਪਦ ਕੋ ਪ੍ਰਾਪਤ ਕਰਤਾ ॥੮੭॥ ਦੋਹਰਾ ॥ ਹੇ ਅਰਜਨ ਬਿਧ ਆਪਨੀ ਭਾਖੀ ਤੇਰੈ ਮਾਹਿ ॥ ਮੇਰੇ ਸਾਥ ਜੋ ਭਗਤ ਕੀ ਬੁਧ ਕਹੌ ਅਬ ਤਾਹਿ ॥੮੮॥ ਸੋਰਠਾ ॥ ਹੇ ਕੁਰਨੰਦਨ ਮੀਤ ਸੁਨ ਨਿਹਚਾ ਮੇਰੇ ਭਗਤ ਕਾ ॥ ਯਹੀ ਬਾਤ ਧਰ ਚੀਤ ਮੁਝ ਬਿਤ੍ਰੇਕ ਨ ਪੇਖਤਾ ॥੮੯॥ ਦੋਹਰਾ ॥ ਜਿਨ ਮੁਝ ਪਰ ਨਿਹਚਾ ਨਹੀ ਤਿਸ ਕੀ ਬਾਤ ਕਹੌ ॥ ਜਿਸ ਓਰ ਕੌ ਲਾਵ ਹੈ ਤਿਸ ਹੀ ਓਰ ਲਹੌ ॥੯੦॥ ਮੰਗਲ ਛੰਦ ॥ ਸੁਨ ਪੰਡ ਨੰਦਨ ਬਾਤ ॥ ਨਿਰ ਨਿਹਚਉ ਕੀ ਗਾਤ ॥ ਅਨਕ ਓਰ ਭਰਮੇ ਓਹ ॥ ਸੁਨ ਪੰਡਤੋ ਕੇ ਮੋਹ ॥੯੧॥ ਸੁਨ ਪੰਡਤੋ ਕੀ ਰੀਤ ॥ ਤਿਨ ਸ੍ਵਰਗ ਕੀ ਹੈ ਪ੍ਰੀਤ ॥ ਬੇਦ ਬਚਨ ਸੁੰਦਰ ਕਹੈਂ ॥ ਸੋ ਸੁਨੇਂ ਤਿਸ ਦ੍ਰਿੜ ਰਹੈਂ ॥੯੨॥ ਸੁਨ ਬਚਨ ਕਾਮਨਾਵੰਤ ॥ ਜਿਨ ਸ੍ਵਰਗ ਹੀ ਕੀ ਚਿੰਤ ॥ ਸ੍ਵਰਗ ਇੰਦ੍ਰੀਓ ਕਾ ਭੋਗ ॥ ਤਿਨ ਮੁਕਤ ਨਾਹੀ ਜੋਗ ॥੯੩ ॥ ਜੋ ਕਰਮ ਕਰਤੇ ਸੋਇ ॥ ਫਲ ਤਿਸੈ ਦੁਖ ਸੁਖ ਹੋਇ ॥ ਜਿਨ ਕਰਮ ਮਾਹਿ ਕਸਟਿ ॥ ਉਹ ਸੁਰਗ ਹੀ ਕਾ ਇਸਟਿ ॥੯੪॥ ਫਲ ਇੰਦ੍ਰੀਓ ਕੇ ਭੋਗ ॥ ਬ੍ਰਿਥਾ ਜਗਤ ਤਿਨ ਜੋਗ ॥ ਬੁਧ ਅੰਧ ਤਿਨ ਕੀ ਯਹੀ ॥ ਸੁਬਿਚਾਰ ਤਿਨ ਸੋ ਰਹੀ ॥੯੫। ਜਿਨ ਨਹੀ ਨਿਹਚਾ ਮੀਤ ॥ ਸਮਾਧ ਸੋ ਨ ਪ੍ਰੀਤ ॥ ਬਿਨ ਸਮਾਧ ਕਰਮ ਜੋ ਕਰੇ ॥ ਉਹੁ ਨਿਤ ਜਨਮੇਂ ਮਰੇ ॥੯੬॥ ਸੁਸਮਾਧ ਅਰਥ ਬੀਚਾਰ ॥ ਸਭ ਬ੍ਰਹਮ ਅਚਲ ਅਪਾਰ ॥ ਜਿਸ ਜਾਨਿਆ ਸਭ ਬ੍ਰਹਮ ॥ ਤਿਸ ਮੁਕਤਿ ਕਾ ਹੈ ਮਰਮ

॥ ਹੈ ਬੇਦ ਕੇ ਵਹ ਕਰਮ ॥ ਸਭ ਤੀਨ ਗੁਨ ਕਾ ਧਰਮ ॥੯੭॥ ਦੋਹਰਾ ॥ ਹੇ ਪਾਰਥ ਅਤਿ ਪ੍ਰੀਤਮਾਂ ਬੇਦ ਬਾਤ ਸੁਨ ਕਾਂਨ ॥ ਤ੍ਰੈ ਗੁਨ ਮਾਂਹਿ ਸਭ ਬੇਦ ਹੈਂ ਦੁਖ ਸੁਖ ਤ੍ਰੈ ਗੁਨ ਮਾਂਨ ॥੯੮॥ ਦੋਹਰਾ ॥ ਹੋ ਅਤੀਤ ਤੂੰ ਬੇਦ ਤੇ ਨਿਰਦੁੰਦ ਮਾਂਹਿ ਬਿਰਾਜ ॥ ਸੀਤ ਉਸਨ ਕੋ ਤਿਆਗ ਕਰ ਆਤਮ ਕੇ ਸੰਗ ਲਾਗ ॥੯੯॥ ਦੋਹਰਾ ॥ ਆਤਮ ਅਜਰ ਅਰੋਗ ਹੈ ਬਿਨ ਆਤਮ ਨਾਹੀ ਕੋ ॥ ਐਸੀ ਬਾਤ ਬੀਚਾਰ ਕੈ ਤੂੰ ਭੀ ਆਤਮ ਹੋ ॥੧੦੦। ਸੋਰਠਾ ॥ ਜਬ ਤੂੰ ਐਸੀ ਭਾਂਤ ਪਾਰਥ ਬੁਧ ਮੈ ਜੁਰੈਗਾ ॥ ਤਬ ਤੁਝ ਹੋਵੈ ਸਾਂਤ ਤਿਸ ਕਾ ਫਲ ਅਬ ਬਹੁੜ ਸੁਨ ॥੧੦੧॥ ਚੌਪਈ ॥ ਜਿਉ ਸਾਤ ਸਮੁੰਦ੍ਰ ਪਰਲੇ ਮਾਂਹਿ ॥ ਸਭ ਹੀ ਏਕ ਰੂਪ ਹੋ ਜਾਂਹਿ ॥ ਤੈਸੇ ਮੇਰਾ ਜਾਂਨਨਹਾਰ ॥ ਤਿਸ ਕੇ ਕੋਈ ਨਾਹਿ ਵਿਕਾਰ ॥ ॥੧੦੨॥ ਮੇਰੇ ਮਿਲੇ ਤੇ ਦੁਰਬੁਧ ਭਾਗੇ ॥ ਆਤਮ ਜੋਤ ਤਿਸ ਕੇ ਘਟਿ ਜਾਗੇ ॥ ਹਉ ਜੋ ਸਭ ਕਾ ਕਾਰਨ ਮੂਲ ॥ ਮੈ ਹੀ ਸੂਖਮ ਅਰ ਅਸਥੂਲ ॥੧੦੩॥ ਤਤ ਬੇਦ ਕਾ ਜੋ ਕੋ ਜਾਨੈ ॥ ਸੋਈ ਨਿਹਚਾ ਮੁਝ ਪਰ ਆਨੈ ॥ ਹੇ ਅਰਜਨ ਤੂੰ ਐਸੇ ਜਾਂਨ ॥ ਅਦ੍ਵੈਤ ਅਕਾਲ ਤੂੰ ਮੁਝੇ ਪਹਿਚਾਨ ॥੧੦੪॥ ਦ੍ਰਿੜ ਨਿਹਚਾ ਕਰ ਮੇਰੇ ਸਾਥ ॥ ਜੋ ਅਬ ਕਹੌਂ ਸੁਨੋ ਸੋ ਗਾਥ ॥ ਖਤ੍ਰੀ ਬੈਸ ਦੇਹ ਮੈਂ ਧਾਰੇ ॥ ਸ਼ਾਸਤ੍ਰ ਤਿਸ ਕੇ ਧਰਮ ਉਚਾਰੇ ॥੧੦੫॥ ਇਸ ਦੇਹ ਕਾ ਧਰਮ ਹੈ ਜੁਧ ॥ ਹਾਨ ਬ੍ਰਿਧ ਕੀ ਤਿਆਗ ਕਬੁਧ ॥ ਲਾਭ ਅਲਾਭ ਏਕ ਸਮ ਜਾਨ ॥ ਰਾਗ ਦੁਏਖ ਬਰਾਬਰ ਮਾਨ ॥੧੦੬॥ ਏਕੋ ਬ੍ਰਹਮ ਅਕਾਲ ਪਹਿਚਾਨ ॥ ਸਭੀ ਦੇਹ ਮਿਰਤ ਤੂੰ ਜਾਨ ॥ ਇਸ ਕਾ ਨਾਮ ਜੋਗ ਸਮ ਕਹੈ ॥ ਪੁਰਖ ਬਿਬੇਕੀ ਤਿਸ ਕੌ ਗਹੈ ॥੧੦੭॥ ਸਭ ਧਰਮੌ ਮੈ ਉੱਤਮ ਧਰਮ ॥ ਜਿਨ ਪਾਇਆ ਆਤਮ ਕਾ ਮਰਮ ॥ ਹੇ ਧਨੰਜੇ ਨਿਸਚੇ ਤੂੰ ਜਾਂਨ ॥ ਇਸੀ ਧਰਮ ਕੋ ਸਾਚਾ ਮਾਂਨ ॥੧੦੮॥ ਆਸਰਾ ਐਸੇ ਧਰਮ ਕਾ ਲੇਹ ॥ ਮੇਰੀ ਸਰਨ ਚਿਤ ਕੌ ਦੇਹ ॥ ਅਰ ਫਲ ਕੋਈ ਬਾਛੋ ਨਾਹਿ ॥ ਜੋ ਬਾਛਹਿ ਸੋ ਨੀਚ ਕਹਾਹਿ ॥

ਟੀਕਾਕਾਰ ॥

ਅਬ ਬਾਛੋ ਜੋ ਦੂਜਾ ਹੋਇ ॥ ਏਕ ਬ੍ਰਹਮ ਮੈਂ ਫਲ ਨਹੀ ਕੋਇ ॥੧੦੯॥

ਸ੍ਰੀ ਭਗਵਾਨੋਵਾਚ ॥

ਸੋਰਠਾ ॥ ਹੇ ਅਰਜਨ ਸੁਨ ਮੀਤ  ਬੁਧ ਕਾ ਨਿਹਚਾ ਦ੍ਰਿੜ ਕਰੋ ॥ ਤੋੜੋ ਭ੍ਰਮ ਕੀ ਭੀਤ  ਮੁਝ ਆਤਮ ਸੰਗ ਜੁੜ ਰਹੋ ॥੧੧੦॥ ਦੋਹਰਾ ॥ ਕਲਿਆਨ ਜੋਗ ਇਸ ਨਾਮ  ਸਭੀ ਬਿਬੇਕੀ ਭਾਖ ਹੈ ॥ ਜਿਸ ਆਤਮ ਮਾਂਹਿ ਪਹਿਚਾਂਨ  ਸੋ ਇਹ ਮਨ ਮੌ ਰਾਖ ਹੈ ॥੧੧੧॥ ਚੌਪਈ ॥ ਬੁਧ ਦ੍ਰਿੜ ਕਰ ਜੁੜ ਮੇਰੇ ਸਾਥ ॥ ਚਿਤਵਨ ਕਰਮ ਡਾਰ ਸੁਨ ਗਾਥ ॥ ਜਬ ਬੁਧ ਚਿਤਵਨ ਮਨ ਕੀ ਤਿਆਗੀ ॥ ਮੇਰੇ ਬਿਖੈ ਪ੍ਰੀਤ ਤੁਝ ਲਾਗੀ ॥੧੧੨। ਮੇਰਾ ਜੋ ਅਬਿਨਾਸੀ ਰੂਪ ॥ ਦੇਖੇਗਾ ਤੂੰ ਸੁਨਹੋ ਭੂਪ ॥ ਜਬ ਤੇਰੀ ਬੁਧ ਮੋਹ ਬਿਸਾਰੇ ॥ ਪਾਯੌ ਕੇ ਤਬ ਮਾਰਗ ਜਾਰੇ ॥੧੧੩॥ ਦੇਹੋ ਸੌ ਬੈਰਾਗ ਤੁਝ ਹੋਈ ॥ ਬ੍ਰਹਮ ਸਮਾਧ ਹੈ ਨਿਹਚਲ ਸੋਈ ॥ ਜਬ ਤੈਂ ਬ੍ਰਹਮ ਸਮਾਧ ਲਗਾਈ ॥ ਏਕ ਬ੍ਰਹਮ ਜਾਣੇਂਗਾ ਭਾਈ ॥੧੧੪॥ ਏਤੇ ਬਚਨ ਜਬ ਕੇਸਵ ਕਹੇ ॥ ਸੋ ਸਭ ਅਰਜਨ ਚਿਤ ਮੈਂ ਲਹੇ ॥ ਸ਼ੰਕਾ ਕਰ ਪ੍ਰਸ਼ਨ ਤਬ ਕਰੈ ॥ ਅਪਨਾ ਸੀਸ ਕੇਸਵ ਪਗ ਧਰੈ ॥੧੧੫॥

ਅਰਜਨੋਵਾਚ ॥

ਦੋਹਰਾ । ਸੁਨ ਕਰ ਅਰਜਨ ਬੋਲਿਆ  ਹੇ ਕੇਸਵ ਭਗਵਾਨ ॥ ਜਿਸ ਕੀ ਨਿਸਚਲ ਬੁਧ ਹੈ  ਤਿਸ ਕੀ ਕਹ ਪਹਿਚਾਨ ॥੧੧੬॥ ਦੋਹਰਾ ॥ ਵਹਿ ਸਮਾਧ ਕੈਸੇ ਕਰੇ  ਅਰ ਜਗ ਮੈ ਕੈਸੇ ਰਹੇ ॥ ਬੋਲੈ ਚਲੈ ਕੌਨ ਭਾਂਤ  ਫੁਨ ਸੋਵੈ ਕਿੰਹ ਬਿਧ ਬਹੈ ॥੧੧੭॥ ਦੋਹਰਾ ॥ ਕ੍ਰਿਪਾ ਕਰਿ ਸਮਝਾਈਐ  ਜੋ ਮੈ ਜਾਨੋ ਏਹ ॥ ਅਮਕਾ ਨਿਹਚਲ ਬੁਧ ਹੈ  ਤਿਸ ਕੀ ਕਰਹੋ ਸੇਵ ॥੧੧੮॥ ਦੋਹਰਾ ॥ ਕੁਰਨੰਦਨ ਜਬ ਭਾਖਿਓ  ਐਸੇ

ਮਾਧਵ ਮਾਂਹਿ ॥ ਰਿਖੀਕੇਸ ਜੀ ਪਰਮਬ੍ਰਹਮ ਉਤਰ ਕਹਿਹੈਂ ਤਾਹਿ ॥੧੧੯॥

ਸ਼੍ਰੀ ਭਗਵਾਨੋਵਾਚ ॥

ਹੇ ਪਾਰਥ ਸੁਨ ਏਹ ਲਛਨ ਨਿਹਚਲ ਬੁਧੀ ਕੇ ॥ ਨਾਸ ਜਾਨੈ ਵਹੁ ਦੇਹ ਅਪਨੇ ਮਾਂਹਿ ਸੰਤੁਸਟ ਹੈ ॥੧੨੦॥ ਕਵਿਤ ॥ ਕਾਂਮਨਾਂ ਕੋਈ ਨਾਂਹੀ ਆਪ ਹੀ ਮੈਂ ਸੰਤੁਸਟ ਆਹੀ ਅਘਾਇ ਰਹਿਆ ਸੁਖ ਮੈਂ ਸੋ ਪੁਰਖ ਨਿਹਚਲ ਬੁਧੀ ਹੈ ॥ ਦੇਹਿ ਕੌ ਦੁਖ ਲਾਗੈ ਤਿਸ ਕੀ ਚਿੰਤਾ ਮੈ ਨ ਜਾਗੈ ਸੁਖ ਕੋ ਨ ਬਾਛੈਂ ਸੋਈ ਪੁਰਖ ਅੰਮ੍ਰਿਤ ਸੁਧੀ ਹੈ ॥ ਪਾਂਚੋ ਕਾ ਸੰਗ ਤੋੜੈ ਤੀਨ ਸੌ ਮੁਖ ਮੋੜੈ ਅਪਨੇ ਹੀ ਮਨ ਸੋਂ ਆਠ ਪਹਿਰ ਜੁਧੀ ਹੈ ॥ ਭਲੀ ਬੁਰੀ ਏਕ ਜਾਨੈ ਹਰਖ ਸੋਗ ਸਮ ਮਾਨੈਂ ਲਾਭ ਅਰੁ ਅਲਾਭ ਮੈ ਬਰਾਬਰ ਸਤ ਬੁਧੀ ਹੈ ॥੧੨੧॥ ਚੌਪਈ ॥ ਹੇ ਪਾਰਥ ਅਬ ਤੁਝ ਕੌ ਆਖੋ ॥ ਬੁਧ ਨਿਹਚਲ ਕੇ ਲਛਨ ਭਾਖੌ ॥ ਜੈਸੇ ਕੂਰਮ ਜਲ ਕੇ ਮਾਂਹਿ ॥ ਅਪਨੀ ਇੰਦ੍ਰੀ ਪਸਾਰਤ ਆਂਹਿ ॥੧੨੨॥ ਜਬ ਤਿਸ ਕੂਰਮ ਕੇ ਮਨ ਆਵੈ ॥ ਇੰਦ੍ਰੀ ਅਪਨੇਂ ਮਾਹਿ ਸਮਾਵੈ ॥ ਹਾਥ ਪਾਵ ਤਿਸ ਨਦਰ ਨ ਆਵਹਿ ॥ ਏਕ ਲੋਥ ਕੂਰਮ ਕੋ ਪਾਵਹਿ ॥੧੨੩॥ ਤਿਸ ਪ੍ਰਕਾਰ ਜੋ ਨਿਹਚਲ ਬੁਧੀ ॥ ਐਸੇ ਕਰੇ ਵਹਿ ਗਿਆਂਨੀ ਸੁਧੀ ॥ ਵਰਜੇ ਇੰਦ੍ਰੀ ਬਿਖਿਓ ਮਾਂਹੀ ॥ ਆਤਮ ਮਾਂਹਿ ਵਹਿ ਲੀਨ ਕਰਾਹੀਂ ॥੧੨੪॥ ਤਿਸ ਕੀ ਬੁਧ ਤੂੰ ਨਿਹਚਲ ਜਾਂਨ ॥ ਉਸਤਤਿ ਤਿਸ ਕੀ ਅਬ ਸੁਨ ਕਾਂਨ ॥ ਖੁਧਿਆ ਤ੍ਰਿਖਾ ਮਿਟ ਜਾਵੈ ਤਿਸ ਕੀ ॥ ਜਗਤ ਰਸੋ ਮੈ ਸੁਰਤ ਨ ਉਸ ਕੀ ॥੧੨੫॥ ਸਗਲੇ ਭੋਗ ਇੰਦ੍ਰੀ ਕੇ ਜੋ ॥ ਤਿਸ ਕੋ ਛਾਡਿ ਜਾਇ ਹੈ ਸੋ ॥ ਸੰਸਾਰ ਬੰਧ ਤੇ ਮੁਕਤਾ ਓਹ ॥ ਨਿਹਚਲ ਬੁਧੀ ਕਹਿਐ ਸੋ ॥੧੨੬॥ ਅੜਿਲ ॥ ਕੁੰਤੀ ਪੁਤ੍ਰ ਸੁਨ ਲਹੋ ਜੋ ਕਛੁ ਅਬ ਮੈਂ ਕਹਤ ਹੌ ॥ ਧਾਮ ਬਿਬੇਕੀ ਏਹ ਜੈਸੇ ਮੈ ਹੀ ਲਹਤ ਹੌ ॥ ਜਦਪ ਬਿਬੇਕੀ ਪੁਰਖ ਮਨ ਬਸ ਕਰਤ ਹੈ ॥ ਗੁਨ ਇੰਦ੍ਰੀਓ ਕੇ ਕਾਟ ਮਨ ਸੋ ਲੜਤ ਹੈ ॥੧੨੭॥ ਤੌ ਭੀ

ਇੰਦ੍ਰੀ ਬਲਵਾਂਨ ਜੁ ਮਨ ਸੰਗ ਏਕ ਹੈ ॥ ਪਉਨ ਧਰਮ ਅਰ ਲਹਰ ਮਨ ਕੌ ਬੇਗ ਹੈ ॥ ਤਿਸ ਇੰਦ੍ਰੀ ਕੇ ਸਾਥ ਬਹੁੜ ਮਨ ਚਲਤ ਹੈ ॥ ਜਬ ਮਨ ਚਲ ਹੈ ਮੀਤ ਸਮਾਧ ਤਬ ਹਲਤ ਹੈ ॥੧੨੮॥ ਤਿਸ ਕਾਰਨ ਤੇਂ ਮੀਤ ਸਕਲ ਜੋ ਇੰਦ੍ਰੀ ॥ ਮਨ ਕੌ ਨਿਤ ਨਚਾਵੈ ਜੈਸੇ ਬੰਦ੍ਰੀ ॥ ਸੰਜਮ ਕਰਕੇ ਬੈਠਿ ਤੂੰ ਅਪਨੇ ਮੰਨ ਕੌ ॥ ਅਬਚਲ ਧਿਆਨ ਲਗਾਵੌਂ ਪਾਵਹੁ ਪੁੰਨ ਕੌ ॥੧੨੯॥ ਜੈਸੇ ਜੁਗਤਿ ਮਨ ਰਹੈ ਤੈਸੀ ਅਬ ਭਾਖ ਹੌ ॥ ਮੇਰੇ ਬਿਖੈ ਮਨ ਰਾਖ ਯਹੀ ਮੈ ਆਖ ਹੌ ॥ ਜਬ ਤੇਰਾ ਮਨ ਜੁੜਿਆ ਬ੍ਰਹਮ ਸਮਾਧ ਮੈਂ ॥ ਸਗਲੀ ਇੰਦ੍ਰੀ ਰਹੈ ਸਰਬ ਉਪਾਧ ਤੇ ॥੧੩੦॥ ਇੰਦ੍ਰੀਓ ਕਾ ਸਿਰਦਾਰ ਮਨੂਆਂ ਆਖੀਐ ॥ ਵਹੁ ਮਿਲਿਆ ਮੁਝ ਸੰਗ ਇੰਦ੍ਰੀਓ ਸੋ ਰਾਖਿਐ ॥ ਇਸ ਪ੍ਰਕਾਰ ਜਿਸ ਨਰ ਕੀ ਇੰਦ੍ਰੀ ਵਸ ਭਈ ॥ ਹੇ ਸੋਈ ਨਿਹਚਲ ਸੁਧ ਇਹ ਮੈਂ ਤੁਝ ਕਹੀ ॥੧੩੧॥ ਦੋਹਰਾ ॥ ਜੈਸੇ ਇਸ ਨਰ ਪੁਰਖ ਕੌ ਇੰਦ੍ਰੀ ਦੇਹਿ ਭੁਲਾਇ ॥ ਤੈਸੀ ਜੁਗਤ ਸੋ ਅਬ ਕਹੌ ਹੇ ਕੁਰਨੰਦਨ ਰਾਇ ॥੧੩੨॥ ਚੌਪਈ ॥ ਜੋ ਮੇਰੇ ਸਿੰਮਰਨ ਤੇਂ ਤੋੜੇ ॥ ਅਪਨੇ ਬਿਖਿਓ ਮਾਂਹਿ ਮਨ ਜੋੜੇ ॥ ਅਉਰ ਕੁਮਾਰਗ ਮੰਹਿ ਲੇ ਜਾਵੈ ॥ ਮਨ ਭੂਲੇ ਕੌ ਬਹੁਤ ਨਚਾਵੈ ॥੧੩੩॥ ਸੋ ਪ੍ਰਕਾਰ ਹੇ ਪਾਰਥ ਸੁਨ ॥ ਜੋ ਇਸਤ੍ਰੀਓ ਕੇ ਸੰਗੀ ਜਨ ॥ ਤਿਨ ਕਾ ਸੰਗ ਵਹੁ ਪੁਰਖ ਜਬ ਕਰੈ ॥ ਤਿਨ ਕੀ ਬਾਤ ਚਿਤ ਮੈਂ ਧਰੈ ॥੧੩੪॥ ਮੁਝ ਤੇ ਕਾਇਰ ਜਗ ਕੇ ਲੋਕ ॥ ਮਾਤੇ ਰਹੇਂ ਇੰਦ੍ਰੀਓ ਕੇ ਭੋਗ ॥ ਬਿਖੈ ਭੋਗ ਮੈਂ ਤਿਨ ਕੀ ਪ੍ਰੀਤਿ ॥ ਤਿਨ ਕੇ ਸੰਗ ਮਲੀਨ ਹੋਇ ਚੀਤ ॥੧੩੫॥ ਜਬ ਉਸ ਨਰ ਤਿਨ ਕਾ ਸੰਗ ਕਰਾ ॥ ਤਿਨ ਉਪਦੇਸ ਰਿਦੇ ਲੈ ਧਰਾ ॥ ਰੰਗਿਓ ਜਾਤ ਮਨ ਤਿਨ ਕੀ ਬਾਤੇਂ ॥ ਬਿਖਈ ਪੁਰਖ ਕਹੀਐ ਤਬ ਯਾਤੇ ॥੧੩੬॥ ਆਠ ਪਹਰ ਬਿਖਿਆ ਸੰਗ ਬਸੈ ॥ ਮੇਰੇ ਨਾਮ ਤੇ ਦੂਰੌ ਨਸੈ ॥ ਇਸੀ ਚਿੰਤਾ ਮੈ ਦਿਨ ਅਰੁ ਰਾਤ ॥ ਕਾਮਨਾਂ ਕੀ ਵਹ ਚਿਤਵੈ ਗਾਤ ॥੧੩੭॥ ਜਬ ਕਾਂਮਨਾ ਪੂਰਨ ਨਾ ਹੋਇ ॥ ਕਰੋਧਿ ਉਪਜਿ ਹੈ

ਅਰੁ ਬਹੁ ਮੋਹਿ ॥ ਜਬ ਉਪਜਿ ਹੈ ਮੋਹਿ ਅੰਧਿਆਰ ॥ ਚਈਤਨਤਾ ਤਬ ਦੇਵੈ ਡਾਰ ॥੧੩੮॥ ਚਈਤਨਤਾ ਕਾ ਨਾਸ ਜਬ ਭਇਆ ॥ ਕਾਮੀ ਹੰਕਾਰੀ ਤਬ ਰਹਿਆ ॥ ਏਤੇ ਅਉਗਨ ਜਬ ਇਸ ਹੋਇ ॥ ਨਾਸ ਬੁਧ ਤਬ ਜਾਨੌ ਸੋਇ ॥੧੩੯॥ ਬੁਧ ਨਾਸ ਬਿਖਿਓ ਮੈ ਭਈ ॥ ਤਬ ਸਤ ਬਾਤ ਸਭ ਇਸ ਤੇਂ ਰਹੀ ॥ ਸਹਜੇ ਮਿਰਤਕ ਹੋਵੈ ਮੀਤ ॥ ਯਹੀ ਪ੍ਰਮਾਦ ਮਿਰਤਕ ਕੀ ਰੀਤ ॥ ਤਾਤੇਂ ਜੋ ਕਲਿਆਂਨ ਕੋ ਚਾਹੈ ॥ ਕੁਸੰਗ ਤਿਆਗ ਸੰਗ ਅਵਗਾਹੈ ॥੧੪੦॥ ਸੋਰਠਾ ॥ ਅਬ ਭਗਤੋ ਕੋ ਬਾਤ ਸੁਨ ਪਾਰਥ ਮੈਂ ਕਹਤ ਹੋਂ ॥ ਕਿਉ ਕਰਿ ਵਰਤੇ ਤਾਤ ਹਰਖ ਸੋਗ ਕੇ ਜਗਤ ਮੈ ॥੧੪੧॥ ਕਵਿਤ ॥ ਹਰਖ ਅਰ ਨ ਸੋਗ ਮਾਂਨ ਆਇਆ ਗਇਆ ਏਕ ਜਾਂਨ ਭਲੇ ਸ੍ਵਾਦ ਪਾਨ ਕੀਏ ਹਰਖ ਨਾ ਕਰਤ ਹੈ ॥ ਬੁਰੀ ਵਸਤ ਪਾਏ ਤੇਂ ਸੋਗ ਕਛੂ ਕਰੈ ਨਾਂਹਿ ਖੁਧਿਆ ਕੀ ਅਗਨਿ ਤੇ ਆਪ ਕੌ ਬਚਤ ਹੈ ॥ ਮਨ ਰਾਖੈ ਆਤਮ ਮਾਹਿ ਮੇਰਾ ਨਿਤ ਕਰੇ ਧਿਆਨ ਬਿਖਿਓ ਤੇ ਤਿਆਗੀ ਸੋ ਨਿਹਚਲ ਰਹਤ ਹੈ ॥ ਕ੍ਰਿਪਾ ਕਰਿ ਤਿਸ ਹੀ ਕੋ ਸਦਾ ਰਾਖੌ ਆਪ ਸੰਗ ਐਸੇ ਅਪਨੇ ਭਗਤ ਕੀ ਬਾਤ ਮੈ ਕਹਤ ਹੋ ॥੧੪੨॥ ਚੌਪਈ ॥ ਮੇਰੀ ਕ੍ਰਿਪਾ ਕਾ ਫਲ ਸੁਨ । ਜੋ ਲਾਵੈ ਮੁਝ ਬ੍ਰਹਮ ਸੌ ਧੁਨ ॥ ਮਨ ਬਿਕਾਰ ਕ੍ਰਿਪਾ ਤੇਂ ਜਾਈ ॥ ਕ੍ਰਿਪਾ ਅਰਥ ਕਹੋ ਪ੍ਰਗਟਾਈ ॥੧੪੩॥ ਜੇ ਕੋਈ ਆਪ ਗਿਆਨ ਕੌ ਧਾਰੈ ॥ ਅਪਨੇ ਊਪਰ ਦਇਆ ਬਿਚਾਰੈ ॥ ਸੋ ਮੁਝ ਤੇ ਇਹ ਕ੍ਰਿਪਾ ਭਈ ॥ ਮਨ ਕੀ ਦਉੜ ਸਗਲ ਮਿਟ ਗਈ ॥੧੪੪॥ ਅਰ ਜਾਕੌ ਅਪਨੀ ਅਨਭੈ ਹੋਇ ॥ ਬਾਸਦੇਵ ਸਭ ਜਾਨੈ ਸੋਇ ॥ ਤਿਸ ਕੋ ਕ੍ਰਿਪਾ ਕੋਇ ਨ ਕਰੈ ॥ ਨਾ ਉਹੁ ਜਨਮੈਂ ਨਾ ਉਹੁ ਮਰੈ ॥੧੪੫॥ ਬ੍ਰਹਮ ਮਾਂਹਿ ਤਿਸ ਹੋਇ ਨਿਵਾਸ ॥ ਬ੍ਰਹਮ ਅਕਾਲ ਸਭ ਦੇਹਿ ਬਿਨਾਸ ॥ ਮਨ ਕੇ ਦੁਖ ਭਗਤ ਕੇ ਗਏ ॥ ਦੇਹਿ ਦੁਖ ਤਿਸ ਕੇ ਨਾ ਰਹੇ ॥੧੪੬॥ ਬਿਨਸੇ ਦੁਖ ਅਰੁ ਸੁਖ ਠਹਰਾਈ ॥ ਭਇਆ ਪ੍ਰਸੰਨ ਮੋ ਕ੍ਰਿਪਾ ਪਾਈ ॥ ਮੇਰੇ ਸੰਗ ਤਿਸ ਕੀ ਬੁਧ ਲਾਗੀ ॥ ਓਹੁ ਭਗਤ

ਅਖਲ ਹੈ ਬਡਭਾਗੀ ॥੧੪੭॥ ਦੋਹਰਾ ॥ ਅਬ ਜਿਸ ਕੀ ਬੁਧ ਨਾਸ ਹੈ  ਤਾ ਕੌ ਭੇਦ ਕਹੌ ॥ ਮਹਾਂ ਅਗਿਆਨੀ ਮੂੜਤਾ  ਤਿਸ ਕੇ ਮਾਂਹਿ ਲਹੌ ॥੧੪੮॥ ਮੰਗਲ ਛੰਦ ॥ ਸੁਨ ਸਖੇ ਤਿਨ ਕੀ ਬਾਤ ॥ ਹੈ ਬੁਧ ਜਿਨ ਕੀ ਜਾਤ ॥ ਸੋ ਕਹੇਂ ਆਪਸ ਮਾਂਹਿ ॥ ਸੋ ਰਾਮ ਹੈ ਜੀ ਕਾਂਹਿ ॥੧੪੯॥ ਕਿਸ ਦੇਖਿਆ ਹੈ ਸੋਇ ॥ ਤਿਸ ਜਾਨਤਾ ਨਾ ਕੋਇ ॥ ਇਕ ਗਿਆਨ ਭੀ ਹੈ ਬਾਤ ॥ ਏਹ ਜਗਤ ਕੇ ਸੁਖ ਸਾਤ ॥੧੫੦॥ ਜਿਨ ਕੀਆ ਏਹ ਬਿਚਾਰ ॥ ਤਿਸ ਆਪ ਹੀ ਕੌ ਜਾਰ ॥ ਤਿਸ ਪ੍ਰੀਤ ਨਾਹੀ ਮੋਰ ॥ ਮੈਂ ਕਹੀ ਨਿਸਚੈ ਤੋਰ ॥੧੫੧॥ ਬਿਨ ਸਰਧਾ ਮੇਰੀ ਮੀਤ ॥ ਤਿਸ ਸਾਂਤ ਨਾਹੀ ਚੀਤ ॥ ਜੋ ਸਰਧਾ ਮੇਰੀ ਕਰੈ ॥ ਸੋ ਜੀਵਤੇ ਹੀ ਤਰੈ ॥ ਅਬ ਅਉਰ ਸੁਨਹੋ ਮੀਤ ॥ ਦਿੜ ਰਾਖ ਅਪਨੇ ਚੀਤ ॥੧੫੨॥ ਦੋਹਰਾ ॥ ਜੋ ਕੋ ਇੰਦ੍ਰੀ ਵਿਖੇ ਮੈ  ਅਪਨੇ ਗੁਨ ਸੌ ਜਾਇ ॥ ਮਨ ਭੀ ਜਾਵੈ ਤਿਸੀ ਸੰਗ  ਤਬ ਵਹੁ ਅਤਿ ਦੁਖ ਪਾਇ ॥੧੫੩॥ ਸੋਰਠਾ ॥ ਤਿਸ ਕਾ ਇਹ ਦ੍ਰਿਸਟਾਂਤ  ਸੁਨ ਪਾਰਥ ਤੂੰ ਸਮਝ ਕਰਿ ॥ ਸੋ ਅਨੰਦ ਉਪਜਾਵੈ ਸਾਂਤ  ਜਿਸ ਸੁਨਤੇ ਦੁਖ ਦੂਰ ਹੋ ॥੧੫੪॥ ਚੌਪਈ ॥ ਜੈਸੇ ਨਵਕਾ ਸਲਤਾ ਮਾਹਿ  ॥ ਉਰਾਰ ਤੇ ਚਲੇ ਪਾਰ ਕੌ ਜਾਹਿ ॥ ਅਰ ਮਧਿ ਨੀਰ ਕੇ ਮਹਾਂ ਬਿਆਰ ॥ ਨਵਕਾ ਲਗਨੈ ਦੇਹਿ ਨ ਪਾਰ ॥੧੫੫॥ ਘਾਟ ਛਾਡ ਕੁਘਾਟ ਲੈ ਜਾਵੈ ॥ ਤੈਸੇ ਇੰਦ੍ਰੀ ਤੇ ਮਨ ਦੁਖ ਪਾਵੈ ॥ ਜੋ ਮਨ ਜਾਵੇ ਇੰਦ੍ਰੀਓ ਨਾਲ ॥ ਤਿਨ ਕੌ ਭੀ ਤੂੰ ਨਵਕਾ ਭਾਲ ॥੧੫੬। ਇੰਦ੍ਰੀਆ ਪਵਨ ਰੂਪ ਹੈ ਭਾਈ ॥ ਮਨ ਭੂਲਾ ਤਿਸ ਤੇ ਦੁਖ ਪਾਈ ॥ ਤਿਸ ਕਾਰਨ ਤੇ ਹੇ ਮਹਾਂਬਾਹੁ ॥ ਇੰਦ੍ਰੀਓ ਕੇ ਤੂੰ ਭੋਗ ਨ ਚਾਹੁ ॥੧੫੭॥ ਇੰਦ੍ਰੀਆ ਬਿਖਿਓ ਸੋਂ ਤੁਮ ਰਾਖੋ ॥ ਜੋਗ ਜੁਗਤ ਕਾ ਅੰਮ੍ਰਿਤ ਚਾਖੋ ॥ ਮਨ ਕੌ ਜੋਗੀ ਦ੍ਰਿੜ ਕਰ ਰਾਖੈ ॥ ਇੰਦ੍ਰੀ ਜੀਤ ਕਰਿ ਗੋਬਿੰਦ ਭਾਖੈ ॥੧੫੮॥ ਤਿਸ ਕੌ ਨਿਹਚਲ ਬੁਧ ਤੂੰ ਜਾਨ ॥ ਏਹੀ ਬਾਤ ਤੂੰ ਦ੍ਰਿੜ ਕਰ ਮਾਂਨ ॥ ਅਬ ਆਗੇ ਜੋ ਬਾਤ ਬਖਾਨੌ ॥ ਗੋਬਿੰਦ ਲੋਕੁ ਅਰ ਜਗ ਕੇ ਜਾਨੌ ॥੧੫੯॥ ਦੋਹਰਾ ॥ ਭਗਤੌ ਅਰ

ਸੰਸਾਰੀਓ ਕਦੇ ਨ ਹੋਵੈ ਜੋਰ ॥ ਇਨ ਕੋ ਮਾਰਗ ਅਉਰ ਹੈ ਉਨ ਕੋ ਮਾਰਾਗ ਅਉਰ ॥੧੬੦॥ ਚੌਪਈ ॥ ਹੇ ਪਾਰਥ ਜੋ ਜਗ ਕੀ ਰਾਤ ॥ ਜਾਗੇ ਭਗਤ ਸੁਨੋ ਰੇ ਤਾਤ ॥ ਅਰ ਜੋ ਜਗਤ ਕਾ ਦਿਵਸ ਕਹਾਵੈ ॥ ਭਗਤ ਮੇਰਾ ਸੋਵੈ ਸੁਖ ਪਾਵੈ ॥੧੬੧॥ ਅਰਥ ਦੋਨੋ ਕਾ ਸੁਨਹੋ ਪਾਰਥ ॥ ਤਿਸੁ ਸਮਝੇ ਸੁਭ ਹੋਵਹਿ ਸ੍ਵਾਰਥ ॥ ਮੇਰਾ ਗਿਆਨ ਮੇਰੀ ਹੀ ਮਹਿਮਾਂ ॥ ਕੋਮਲ ਬਚਨ ਸਭਹੂੰ ਪਰ ਖਿਮਾਂ ॥੧੬੨॥ ਕੀਰਤਨ ਭਜਨ ਜੋ ਮੇਰਾ ਮੀਤ ॥ ਤਿਨ ਸੌ ਜਗਤ ਕੌ ਨਾਹੀ ਪ੍ਰੀਤਿ ॥ ਤਿਨ ਕੇ ਭਾਣੇ ਇਹੁ ਸਭ ਬਾਤ ॥ ਸੋਇ ਰਹੈ ਇਹ ਤਿਨ ਕੀ ਰਾਤ ॥੧੬੩॥ ਜੋ ਕਿਛੁ ਆਗੈ ਮਹਿਮਾਂ ਕਹੀ ॥ ਸੋ ਸਭ ਮੇਰੇ ਭਗਤੌ ਲਹੀ ॥ ਓਹੁ ਮੁਝ ਆਤਮ ਕੇ ਸੰਗ ਜਾਗੇ ॥ ਜਗਤ ਰਾਤ੍ਰ ਮੈਂ ਸੋਵਨ ਲਾਗੇ ॥੧੬੪॥ ਭਗਤ ਰਚੇ ਤਿਨ ਕੀਰਤਨ ਮਾਂਹਿ ॥ ਸਦਾ ਗਿਆਂਨ ਹੈ ਨਿਸਚੇ ਤਾਹਿ ॥ ਪਾਂਚ ਤੀਨ ਮੈਂ ਸਭ ਜਗ ਜਾਗੈ ॥ ਉਨ ਕੀ ਪ੍ਰੀਤਿ ਬਿਖਿਓ ਸੰਗ ਲਾਗੈ ॥੧੬੫॥ ਭਗਤ ਜਗਤ ਕਾ ਨਾਹੀ ਜੋਰ ॥ ਉਨ ਕੀ ਰਾਤ੍ਰ ਹੈ ਇਨ ਕੇ ਭੋਰ ॥ ਅਬ ਆਗੈ ਜੋ ਕਰੌ ਬਖਾਂਨ ॥ ਸੋ ਉਸਤਤਿ ਸੰਤਨ ਕੀ ਜਾਂਨ ॥ ਤਿਸ ਲਛਨ ਸੁਨ ਅਬ ਕਹੋਂ ॥ ਜੈਸੇ ਮਹਾਂ ਸਮੁੰਦ੍ਰ ਕੌ ਲਹੋ ॥੧੬੬॥ ਦੋਹਰਾ ॥ ਜੈਸੇ ਮਹਾਂ ਸਮੁੰਦ੍ਰ ਮੈਂ ਸਗਲ ਨਦੀ ਰਲ ਜਾਇ ॥ ਜਿਉ ਕਾ ਤਿਉ ਸਾਗਰ ਰਹੈ ਨਾ ਵਹਿ ਵਧੈ ਘਟਾਇ ॥੧੬੭॥ ਦੋਹਰਾ ॥ ਤੈਸੇ ਜੋਗੀ ਪੁਰਖ ਭੀ ਜਿਉ ਕਾ ਤਿਉ ਹੀ ਰਹੈ ॥ ਲਾਭ ਅਲਾਭ ਬਿਕਾਰ ਤੇਂ ਹਰਖ ਸੋਗ ਨ ਲਹੈ ॥੧੬੮॥ ਦੋਹਰਾ ॥ ਤਿਆਗੇ ਮਨ ਕੀ ਕਾਂਮਨਾਂ ਸਾਂਤ ਰੂਪ ਹੋਇ ਜਾਇ ॥ ਮਨ ਕੇ ਬੇਗ ਤਿਸ ਨਾਂ ਫੁਰੈਂ ਆਤਮ ਕੋ ਸੁਖ ਪਾਇ ॥੧੬੯॥ ਦੋਹਰਾ ॥ ਪੰਚ ਦੂਤ ਤਿਸ ਤੇ ਤਜੇ ਚਾਹ ਰਹੈ ਨਹੀ ਕੋਇ ॥ ਆਪਾ ਪਰ ਸਭ ਮਿਟ ਗਇਆ ਇਹੀ ਸਾਂਤ ਬੁਧ ਹੋਇ ॥੧੭੦॥ ਚੌਪਈ ॥ ਹੇ ਪਾਰਥ ਇਹ ਮੈ ਜੋ ਕਹਾ ॥ ਬ੍ਰਹਮ ਸਥਿਤਿ ਨਾਮ ਤਿਹ ਲਹਾ ॥ ਜਿਸ ਮੌ ਐਸੇ ਲਛਨ ਹੋਹਿ ॥ ਤਿਸ ਕੋ ਸਕੇ ਨ ਮਾਇਆ

ਮੋਹਿ ॥੧੭੧॥ ਮਾਇਆ ਤੇਂ ਪਰੇ ਪ੍ਰਾਪਤ ਭਇਆ ॥ ਬ੍ਰਹਮ ਨਿਰਬਾਂਨ ਆਪਿ ਹੋਇ ਰਹਿਆ ॥ ਮੇਰਾ ਜੋ ਹੈ ਪਰਮ ਸਰੂਪ ॥ ਆਨੰਦ ਸਮੁੰਦ੍ਰ ਮਹਾਂ ਅਨੂਪ ॥੧੭੨॥ ਤਿਸ ਕੇ ਬੀਚ ਵਹ ਡੂਬਤ ਭਇਆ ॥ ਮਾਇਆ ਕੇ ਕਰਮਨ ਤੇਂ ਰਹਿਆ ॥ ਐਸਾ ਪੁਰਖ ਕਹੂੰ ਜੋ ਪਾਵਹੁ ॥ ਤਿਸ ਕੇ ਆਗੇ ਸੀਸ ਨਿਵਾਵਹੁ ॥੧੭੩॥ ਸੋਰਠਾ ॥ ਯਹੀ ਗਿਆਂਨ ਕੀ ਰੀਤ ਅਰਜਨ ਪਿਆਰੇ ਧਾਰ ਤੂੰ ॥ ਸਾਂਖ ਜੋਗ ਧਰ ਚੀਤ ਆਤਮ ਕੇ ਅੰਗ ਸੰਗ ਹੋ ॥੧੭੪॥ ਚੌਪਈ ॥ ਸਾਂਖ ਜੋਗ ਜੋ ਦੁਤੀਯਾ ਧਿਆਇ ॥ ਸੋ ਸਭ ਭਾਖਾ ਕਹੀ ਸੁਨਾਇ ॥ ਜੋ ਇਸ ਕੌ ਸੁਨ ਕਰਿ ਚਿਤ ਧਾਰੈ ॥ ਬ੍ਰਹਮ ਸਰਬ ਕੇ ਮਾਹਿ ਬੀਚਾਰੈ ॥੧੭੫॥ ਉਹੁ ਭੀ ਹੋਇ ਸਰਬ ਕੇ ਮਾਂਹਿ ॥ ਤਾ ਤੇ ਬ੍ਰਹਮ ਉਸਮੌ ਭੀ ਆਹਿ ॥ ਜਬ ਵਹੁ ਬ੍ਰਹਮ ਆਪ ਕੋ ਮਾਨੇ ॥ ਆਤਮ ਅਦ੍ਵੈਤ ਅਕਾਲ ਪਹਿਚਾਨੇ ॥ ਤੇ ਫਿਰ ਗਰਭ ਜੋਨ ਨਹੀ ਆਵੈ ॥ ਜੀਵਨ ਮੁਕਤ ਵਹੁ ਪੁਰਖ ਕਹਾਵੈ ॥੧੭੬॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਕਰਮ ਯੋਗੋ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਸਾਂਖ ਯੋਗੋ ਨਾਮ ਦੁਤੀਆ ਧਿਆਇ॥੨॥ ੨੪੦ ॥

## ਆਗੇ ਧਿਆਇ ਤੀਸਰਾ ਚਲਿਆ ॥

### ਅਰਜਨੋਵਾਚ ॥

ਚੌਪਈ ॥ ਅਰਜਨ ਭਗਵਾਂਨ ਬਚਨ ਸੁਨੁ ਬੋਲਿਆ ॥ ਮਨ ਸੰਸਾ ਹਰਿ ਆਗੈ ਖੋਲਿਆ ॥ ਕਹੈ ਸੁਨੌ ਜਨਾਰਦਨ ਸੁਾਂਮੀ ॥ ਬਿਨਤੀ ਕਰੌ ਪ੍ਰਭ ਅੰਤਰਜਾਮੀ ॥੧॥ ਬ੍ਰਹਮ ਸਥਿਤਿ ਇਹ ਤੁਮ ਭਾਖੀ ॥ ਫਿਰ ਪ੍ਰਭ ਨਿਹਚਲ ਬੁਧੀ ਆਖੀ ॥ ਬਹੁੜ ਭਇਆਨਕ ਜੁਧ ਕਿਉ ਆਖੋ ॥ ਮਿਸਰਤ ਬਚਨ ਪ੍ਰਭ ਜੀ ਨਾਂ ਭਾਖੋ ॥੨॥ ਇਨ ਬਾਤਨ ਕਰ ਮੋਹੁ ਉਪਜਾਵਹੁ ॥ ਏਕ ਬਾਤ ਮੁਝ ਕੌ ਸਮਝਾਵਹੁ ॥ ਜੋ ਪ੍ਰਭ ਕਹੈ ਸਾਂਤ ਬੁਧ ਹੋਵਾਂ ॥ ਬੈਰਾਗੀ ਹੋ ਅਭਿਮਾਨ ਸਭ ਖੋਵਾਂ ॥੩॥ ਨਾਹੀ ਜੁਧ ਕਰਮ ਉਠਿ ਕਰੋਂ ॥ ਤੇਰਾ ਬਚਨ ਮਾਨ ਹਉ ਲੜੌਂ ॥ ਦੁਹੂੰ ਬਚਨੋ ਕਾ ਉਤਰ ਦੇਹਿ ॥ ਮੇਰੀ ਬਿਨਤੀ ਤੂੰ ਸੁਨ ਲੇਹਿ ॥ ਅਰਜਨ ਬਚਨ ਭਗਵਾਂਨ ਸੁਨ ਬੋਲੇ ॥ ਬੋਲਨ ਕਿਆ ਵਹੁ ਕਰੇ ਕਲੋਲੇ ॥੪॥

### ਸ਼੍ਰੀ ਭਗਵਾਨੋਬਾਚ ॥

ਦੋਹਰਾ ॥ ਅਰਜਨ ਪ੍ਰਤਿ ਗੋਬਿੰਦ ਜੀ ਐਸੇ ਕਰੇ ਬਖਾਨ ॥ ਦੋ ਪ੍ਰਕਾਰ ਕੀ ਆਗਿਆ ਮੁਝ ਤੇ ਪ੍ਰਿਥਮੇ ਜਾਨ ॥੫॥ ਦੋਹਰਾ ॥ ਜਿਨ ਕਾ ਅੰਤਾਕਰਨ ਸੁਧ ਤਿਨ ਪ੍ਰਤਿ ਕਹਿਓ ਸਾਂਖ ॥ ਗਿਆਨ ਧਾਰੈ ਵਹੁ ਰਿਦੇ ਮੈ ਜਗ ਤੇ ਮੂੰਦੇਂ ਆਂਖ ॥੬॥ ਤੇਰਾ ਰਿਦਾ ਪਰਵਿਰਤਿ ਮੈ ਗਿਆਨ ਨ ਸਮਝੈ ਮੀਤ ॥ ਕਰਮ ਜੋਗ ਅਧਕਾਰ ਤੁਝ ਸੋ ਭਾਖੌਂ ਧਰ ਚੀਤ ॥੭॥ ਕਰਮੌ ਕਰਤੇ ਭਗਤਿ ਹੋਇ ਭਗਤਿ ਕਰਤ ਹੋਇ ਪ੍ਰੇਮ ॥ ਪ੍ਰੇਮ ਕੀਏ ਤਬ ਗਿਆਨ ਹੋਇ ਇਹੀ ਬੇਦ ਕਾ ਨੇਮ ॥੮॥ ਦੋਹਰਾ ॥ ਅਰੁ ਜੋ ਕੋਈ ਕਰਮ ਛਾਡ ਆਖੇ ਮੈਂ ਨਿਹਕਰਮ ॥ ਸੰਨਿਆਸੀ ਮੈ ਹੋ ਰਹਿਆ ਇਹ ਸਭ ਕਹਨਾ ਭਰਮ ॥੯॥ ਚੌਪਈ ॥ ਐਸਾ ਪੁਰਖ ਸੰਨਿਆਸ ਨ ਪਾਵੈ ॥ ਝੂਠ ਕਹੈ ਮਿਥਿਆ ਕੌ ਧਾਵੈ ॥ ਕੈਸੇ ਝੂਠਾ ਕਹੀਐ ਓਹ ॥ ਸੋ ਸੁਨ ਲੇ ਜੋ ਆਖੋ ਤੋਹ ॥੧੦॥ ਜਿਨ

ਨੇ ਦੇਹ ਧਰੀ ਜਗ ਮਾਹੀ ॥ ਸੋ ਨਿਹਕਰਮ ਇਕ ਪਲ ਭੀ ਨਾਹੀ ॥ ਮਾਤ ਗਰਭ ਅਰ ਕਾਲ ਪਰਜੰਤ ॥ ਕਰਮੋ ਮਾਹਿ ਸਦਾ ਵਰਤੰਤ ॥੧੧॥ ਇਸ ਕੇਂ ਜਾਨੇਂ ਬਿਨਾ ਹੀ ਦੇਹ ॥ ਇੰਦ੍ਰੀਓ ਕੇ ਸੰਗ ਕਰਮ ਕਰੇਹ ॥ ਬੋਲਨ ਚਲਨ ਸੁਨਨ ਸਭ ਕਰਮ ॥ ਲੇਵਨ ਦੇਵਨ ਦੇਖਨ ਕਰਮ ॥੧੨॥ ਬੈਠਨ ਸੋਵਨ ਕਰਮ ਬੀਚਾਰੋ ॥ ਸਖੋਪਤ ਮੈ ਕਰਮ ਹੈ ਸਾਰੋ ॥

ਟੀਕਾਕਾਰਵਾਚ ॥

ਖਾਵਨ ਪੀਵਨ ਪਹਰਨ ਕਰਮ ॥ ਦੁਖ ਸੁਖ ਮੈ ਸਭ ਕਰਮ ਕੇ ਧਰਮ ॥੧੩॥ ਲਘ ਸੰਕਾ ਸਭ ਕਰਮ ਬਨਾਏ ॥ ਇੰਦ੍ਰੀਓ ਕੇ ਕਰਮ ਕਹਿ ਗਾਏ ॥ ਇੰਦ੍ਰੀਆ ਵਰਤੇ ਕਰਮੌ ਮਾਹੀ ॥ ਜਾਨੇ ਸੋ ਜੋ ਗਿਆਨੀ ਆਹੀ ॥੧੪॥ ਤਾਤੇ ਕਰਮ ਦੇਹ ਤੇ ਜੋ ॥ ਬਪ ਕੇ ਕਰਮ ਅਸਕਤ ਮਤ ਹੋ ॥ ਜੈਸੇ ਕਰਮ ਤੈਸੀ ਦੇਹ ਵਰਤੇ ॥ ਤੂੰ ਸਾਖੀ ਹੈਂ ਇਸ ਦੇਹ ਜੜ ਤੇ ॥ ਅਬ ਆਗੇ ਤੁਝ ਅਵਰ ਸੁਨਾਵੌਂ ॥ ਡਿੰਭ ਜੋਗ ਕੀ ਜੁਗਤਿ ਬਤਾਵੌਂ ॥ ॥੧੫॥

ਸ੍ਰੀ ਭਗਵਾਨੋਵਾਚ ॥

ਚੌਪਈ ॥ ਡਿੰਭ ਜੋਗੀ ਹੈ ਇਸ ਪਰਕਾਰ ॥ ਜੈਸੇ ਸਿੰਮ੍ਰਿਤ ਕਹੈ ਪੁਕਾਰ ॥ ਸਭ ਇੰਦ੍ਰੀ ਸੰਜਮ ਕਰ ਬੈਠੇ ॥ ਮਨ ਮੌ ਬਿਖਿਆ ਮਾਂਹੀ ਪੈਠੇ ॥੧੬॥ ਚਿਤਵੈ ਬਿਖਿਆ ਹੀ ਕੋ ਜਾਪ ॥ ਭੋਗੋ ਭੋਗ ਜੁ ਪਾਲੋ ਆਪ ॥ ਜਿਸ ਕੇ ਮਨ ਮੋ ਇਹ ਬੀਚਾਰ ॥ ਸੋ ਝੂਠਾ ਸੁਨ ਅਰਜਨ ਯਾਰ ॥੧੭॥ ਉਸ ਕਰਤੂਤ ਅਚਾਰ ਸਭ ਝੂਠੀ ॥ ਬੁਧਿ ਤਿਸ ਕੀ ਬਿਖਿਓ ਮੈਂ ਮੂਠੀ ॥ ਮਹਾਂ ਮੂਢਮਤਿ ਐਸਾ ਹੋਇ ॥ ਸ੍ਰੇਸ਼ਟ ਗਤਿ ਅਬ ਭਾਖੌ ਸੋਇ ॥੧੮॥ ਸ੍ਰੇਸ਼ਟਗਤਿ ॥ ਚੌਪਈ ॥ ਉਹੁ ਮਨ ਰਾਖੈ ਮੇਰੇ ਮਾਂਹਿ ॥ ਇੰਦ੍ਰੀ ਕਰਿ ਸਭ ਕਰਮ ਕਰਾਂਹਿ ॥ ਜੀਓ ਭਿੰਨ ਦੇਹ ਤੇਂ ਜਾਨੇਂ ॥ ਦੇਹ ਬਿਨਾਸੀ ਨਿਤ ਹੀ ਮਾਂਨੇ ॥੧੯॥ ਤਿਸ ਕੋ ਲੇਪ ਕਰਮ ਨਾ ਹੋਇ ॥ ਕਰਮ ਜੋਗੀ ਹੈ ਐਸਾ ਸੋਇ ॥ ਅਰਜਨ ਕਰਮ ਜੋਗ

ਸੁਨ ਮੀਤ ॥ ਸਾਂਖ ਨ ਆਵੈ ਤੇਰੇ ਚੀਤ ॥੨੦॥ ਤੇਰਾ ਕਰਮ ਜੁਧ ਹੈ ਧਰਮ ॥ ਜੁਧ ਕਰੋ ਤੇਰਾ ਇਹ ਕਰਮ ॥ ਅਰ ਜੋ ਕਹੈਂ ਕਰਮ ਮੈਂ ਛਾਡੇ ॥ ਝੂਠ ਕਹੈਂ ਤਿਸ ਪਤ ਨਹੀ ਬਾਢੇ ॥੨੧॥ ਕਰਮੋਂ ਬਾਝ ਦੇਹ ਨਾ ਰਹੈ ॥ ਅਬ ਜਿਤ ਪ੍ਰਕਾਰ ਕਹੇ ਸੋ ਗਹੇ ॥ ਸੋ ਪ੍ਰਕਾਰ ਸੁਨੋਂ ਰੇ ਮੀਤ ॥ ਦ੍ਰਿੜ ਕਰ ਰਾਖੋ ਅਪਨੇ ਚੀਤ ॥੨੨॥ ਸੋਰਠਾ ॥ ਮੈਂ ਜਗ ਪੁਰਖ ਹੋਂ ਮੀਤ  ਐਸਾ ਭਾਖੋ ਸੁਨੋਂ ਤੁਮ ॥ ਨਿਮਿਤ ਕਰਮ ਧਰ ਚੀਤ ਕਰਿ ਕਰਿ ਅਰਪੈ ਮੁਝੀ ਕੋ ॥੨੩॥ ਦੋਹਰਾ ॥ ਮੇਰੀ ਆਗਿਆ ਮਾਨ ਕੇ  ਕਰਤਾ ਕਰਮ ਜੋ ਕੋਇ ॥ ਕਰਮ ਕਰਮ ਕੌ ਕਾਟ ਹੈ  ਤਾ ਵਹੁ ਮੁਕਤਾ ਹੋਇ ॥੨੪॥

## ਟੀਕਾਕਾਰਵਾਚ ॥

ਚੌਪਈ ॥ ਆਗੈ ਕਰਮੌ ਕਾ ਬਿਸਥਾਰ ॥ ਟੀਕਾਕਾਰ ਕਹੈ ਵੀਚਾਰ ॥ ਜੈਸੇ ਪ੍ਰਭ ਜੀ ਕਰਮ ਬਤਾਏ ॥ ਮੈਂ ਸਮਝੇ ਅਰ ਮਨ ਮੌ ਲਾਏ ॥੨੫॥ ਜੇ ਕੋ ਮਾਨੇ ਗਿਆਨ ਕੀ ਬਾਤ ॥ ਕਰਮ ਨ ਕਰੇ ਸੁਨੋਂ ਰੇ ਤਾਤ ॥ ਜੇ ਕੋ ਗਿਆਨ ਮੈ ਸੰਕ ਨ ਲਿਆਵੈ ॥ ਐਸਾ ਹੋਇ ਤਬ ਗਿਆਨ ਕੋ ਪਾਵੈ ॥੨੬॥ ਪਰਤੀਤ ਨ ਕਰੈ ਆਪ ਪਰ ਓਹਿ ॥ ਤਿਸ ਅਧਿਕਾਰ ਕਰਮੋ ਕਾ ਹੋਇ ॥ ਐਸੇ ਕਰਮ ਕਰੇ ਵਹਿ ਪ੍ਰਾਨੀ ॥ ਜੋ ਉਚਰੇ ਭਗਵਾਨ ਜੀ ਕੀ ਬਾਨੀ ॥੨੭॥ ਪ੍ਰਿਥਮ ਕਰਮ ਕਰੇ ਜਿਉ ਕਹੇ ॥ ਈਸਰ ਅਧੀਨ ਸਭੀ ਕਛੁ ਅਹੇ ॥ ਜੋ ਪ੍ਰਭ ਭਾਵੈ ਸੋਈ ਕਰਾਵੈ ॥ ਜਿਸ ਭਾਵੈ ਤਿਸ ਆਪ ਲੜ ਲਾਵੈ ॥ ੨੮॥ ਕਰੇ ਕਰਾਵੈ ਆਪੇ ਆਪ ॥ ਮਾਨਸ ਕੇ ਕਛੁ ਨਾਹੀ ਹਾਥ ॥ ਐਸੇ ਕਹਿ ਨ ਸਕੇ ਜੋ ਪ੍ਰਾਨੀ ॥ ਦੇਹ ਜੀਉ ਕਾ ਹੈ ਅਭਿਮਾਨੀ ॥੨੯॥ ਤਾ ਵਹੁ ਮਨ ਮੌ ਐਸੇ ਕਹੈ ॥ ਈਸਰ ਅਰਥ ਕਰਮ ਸਭ ਅਹੇ ॥ ਕਰਮੁ ਕਰੋ ਈਸਰ ਕੌ ਅਰਪੌ ॥ ਤਿਸ ਕੇ ਫਲ ਮੈ ਨਿਸਦਿਨ ਡਰਪੌ ॥੩੦॥ ਫਲ ਕਰਮੌ ਕਾ ਈਸਰ ਪਾਵੌਂ ॥ ਈਸਰ ਪਾਇ ਫਿਰ ਜੋਨ ਨ ਆਵੌਂ ॥ ਜਬ ਕਰਮ ਈਸਰ ਕੌ ਸਉਪੇ ॥ ਸਗਲ ਪਾਪ ਤਿਸ ਨਰ ਸੋ ਕੰਪੇ ॥੩੧॥ ਚਿਰੰਕਾਲ

ਗਿਆਂਨ ਵਹੁ ਪਾਵੈ ॥ ਅਕਾਂਮ ਕਰਮ ਤੇਂ ਬ੍ਰਹਮ ਹੋ ਜਾਵੈ ॥ ਐਸੇ ਆਖੈ ਟੀਕਾਕਾਰ ॥ ਪ੍ਰਭ ਅਰਜਨ ਕੌ ਕਹੈ ਪੁਕਾਰ ॥੩੨॥

ਸ੍ਰੀ ਭਗਵਾਨੋਵਾਚ ॥

ਚੌਪਈ ॥ ਪ੍ਰਭ ਜੀ ਆਖੈ ਸੁਨਹੋ ਅਰਜਨ ॥ ਜੋ ਕੋ ਕਰਮ ਮੁਝ ਪਰ ਨਹੀ ਅਰਪਨ ॥ ਸਕਾਮ ਕਰਮ ਸੌ ਤਿਨ ਕੀ ਪ੍ਰੀਤਿ ॥ ਤਿਸ ਕਾ ਫਲ ਚਾਹੇਂ ਵਹੁ ਨੀਤ ॥੩੩॥ ਮੁਝ ਨਮਿਤ ਜੋ ਕਰਮ ਨ ਕਰੈ ॥ ਤਿਨ ਕੌ ਕਰਮ ਬੰਧਨ ਹੀ ਪਰੈ ॥ ਤਿਸ ਕਾਰਨ ਤੇਂ ਹੇ ਕੁੰਤੀ ਸੁਤ ॥ ਖਤ੍ਰੀ ਦੇਹ ਹੈ ਜੁਧ ਨਮਿਤ ॥੩੪॥ ਮੇਰੀ ਐਸੀ ਆਗਿਆ ਮਾਂਨ ॥ ਜੁਧ ਕਰਮ ਤੂੰ ਨਿਸਚੈ ਜਾਂਨ ॥ ਫਲ ਤਿਸ ਕਾ ਨਾਂ ਬਾਛੋ ਕੋਇ ॥ ਲੇਪ ਕਰਮ ਕਾ ਤੁਝੈ ਨ ਹੋਇ ॥ ੩੫॥ ਅਬ ਜੋ ਜਗ ਪੁਰਖ ਭਗਵਾਨ ॥ ਤਿਸ ਕੀ ਪੂਜਾ ਐਸੀ ਜਾਨ ॥ ਤਿਸ ਕੌ ਜਗ ਕਰਮ ਕਰ ਪੂਜੈ ॥ ਕਲਿਆਨ ਜਗਤ ਕੀ ਜਗ ਤੇਂ ਸੂਝੈ ॥ ਤਿਸ ਕੀ ਬਾਤ ਕਹੌਂ ਤੁਝ ਮਾਹਿ ॥ ਹੇ ਅਰਜਨ ਅਬ ਸੁਨ ਤੂੰ ਤਾਹਿ ॥੩੬॥ ਮੰਗਲ ਛੰਦ ॥ ਸੁਨ ਪਾਰਥ ਮੈ ਜੋ ਕਹਾ ॥ ਜਬ ਬ੍ਰਹਮ ਉਪਜਤ ਭਇਆ ॥ ਤਬ ਪਰਜਾ ਤਿਸ ਸੌ ਭਈ ॥ ਬਾਨੀ ਬੇਦ ਸਭ ਤਿਸ ਕਹੀ ॥੩੭॥ ਤਬ ਜਗ ਭੀ ਤਿਨ ਕਹੇ ॥ ਜੋ ਕਰੇ ਸੋ ਸੁਖ ਲਹੇ ॥ ਕਰਿ ਅਰਪੇ ਈਸਰ ਮਾਂਹਿ ॥ ਸੋ ਗਿਆਨ ਹੀ ਕੋ ਪਾਂਹਿ ॥੩੮॥ ਜਗ ਪ੍ਰਗਟ ਬ੍ਰਹਮ ਕੀਏ ॥ ਸਭ ਦੇਵਤਿਓ ਮਨ ਲੀਏ ॥ ਸਮਗ੍ਰੀ ਜਗ ਭੀ ਪੁਨ ਕਰੀ ॥ ਤਿਸ ਰੀਤ ਇਹੁ ਜਗ ਧਰੀ ॥੩੯॥ ਤਬ ਕਹਿਓ ਲੋਕਹੁ ਮਾਹਿ ॥ ਜਗ ਕਰੋ ਬਹੁ ਸੁਖ ਪਾਹਿ ॥ ਜਗ ਸਾਥ ਹਰਿ ਕੋ ਜਪੋ ॥ ਤਿਸ ਮਾਹਿ ਦੇਵਤਾ ਥਪੋ ॥੪੦॥ ਜੋ ਬਾਂਛਾ ਤੁਮਰੀ ਹੋਇ ॥ ਜਗ ਪੁਰਖ ਦੇਵੈ ਸੋਇ ॥ ਜਬ ਬ੍ਰਹਮ ਐਸੇ ਕਹਿਓ ॥ ਜਗ ਸੰਸਾਰ ਕਰਨੈ ਭਇਓ ॥੪੧॥ ਸੰਸਾਰ ਤਬ ਜਗ ਕਰੈ ॥ ਅਰ ਪੂਜਾ ਸੁਰ ਚਿਤ ਧਰੈ ॥ ਪ੍ਰਸੰਨ ਜਬ ਸੁਰ ਭਏ ॥ ਮਾਨੁਖੋ ਕੌ ਵਹਿ ਕਹੇ ॥੪੨॥ ਨਰ ਕਰੈਂ ਸੁਰ ਕਲਿਆਨ ॥ ਸੁਰ ਨਰੌ ਦੇਵੈ ਦਾਨ ॥ ਜੋ ਦੇਵ ਬਾਂਛਾ ਕਰੈਂ ॥

ਮਾਨੁਖ ਤਿਸ ਪਰ ਧਰੈਂ ॥੪੩॥ ਜੋ ਮਾਨੁਸੋਂ ਕੀ ਚਾਹਿ ॥ ਸੋ ਦੇਤ ਹੈਂ ਸੁਰ ਤਾਹਿ ॥ ਜੋ ਕਰਮਵਾਨ ਮਾਨੁਖ ॥ ਤਿਸ ਕਰਮ ਹੀ ਕੀ ਭੁਖ ॥੪੪॥ ਦੇਵ ਪੂਜਾ ਬਾਝ ਜੋ ਖਾਂਹਿ ॥ ਸੋ ਚੋਰ ਦੇਵੌਂ ਆਂਹਿ ॥ ਜਬ ਪੁਰਖ ਪੂਜਾ ਕਰੈ ॥ ਫਿਰ ਖਾਂਨ ਮੈ ਚਿਤ ਧਰੈ ॥੪੫॥ ਭਗਵਾਂਨ ਭੋਗ ਲਗਾਇ ॥ ਤਬ ਬਹੁੜ ਵਹੁ ਕਛੁ ਖਾਇ ॥ ਸੋ ਪਾਪ ਤੇਂ ਹੋਇ ਮੁਕਤਾ ॥ ਤਿਸ ਭਈ ਐਸੀ ਜੁਗਤਾ ॥੪੬॥

ਟੀਕਾਕਾਰਵਾਚ ॥

ਮੰਗਲ ਛੰਦ ॥ ਭਗਵਾਂਨ ਭੋਗ ਕਾ ਅਰਥ ॥ ਕਹੇ ਗਿਆਨਵਾਂਨ ਸਮਰਥ ॥ ਇਹੁ ਕਹੇ ਖਾਂਵਨ ਮਾਂਹਿ ॥ ਮੈ ਕਦੇ ਖਾਵੌਂ ਨਾਹਿ ॥੪੭॥ ਭਗਵਾਂਨ ਇਕ ਅਦ੍ਵੀਤ ॥ ਤਿਸ ਬਿਨ ਦੂਜਾ ਨਾਂਹਿ ਮੀਤ ॥ ਸਭ ਵਸਤ ਹੈ ਭਗਵਾਂਨ ॥ ਏਹ ਸਗਲ ਜੋ ਦ੍ਰਿਸਟਾਂਨ ॥੪੮॥ ਤਬ ਕਉਨ ਖਾਵੈ ਮੀਤ ॥ ਇਹੁ ਬਾਤ ਤੂੰ ਧਰ ਚੀਤ ॥ ਬਿਨ ਬੂਝੇ ਜੋ ਕਿਛ ਖਾਇ ॥ ਸੋ ਪਾਪ ਹੀ ਅਤਿ ਪਾਇ ॥੪੯॥ ਕਲਿਆਨ ਜਿਤ ਪ੍ਰਕਾਰ ॥ ਸੰਸਾਰ ਕੀ ਸੁਨ ਯਾਰ ॥ ਅਬ ਕਹੋ ਹੌਂ ਸੋ ਤਾਹਿ ॥ ਤੂੰ ਸਮਝ ਲੇ ਮਨ ਮਾਹਿ ॥੫੦॥

ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਉਤਪਤ ਸਗਲੇ ਪ੍ਰਾਨੀਓ  ਅੰਨ ਖਾਂਨ ਤੇ ਹੋਇ ॥ ਪ੍ਰਾਨੀ ਅੰਨ ਉਤਪਤ ਕਰੇ  ਓਤ ਪੋਤ ਹੈ ਸੋਇ ॥੫੧॥ ਅੰਨਿ ਉਪਜੇ ਮੇਘ ਤੇਂ  ਮੇਘ ਪੁਰਖ ਤੇ ਹੋਇ ॥ ਜਗ ਪੁਰਖ ਜਬ ਪੂਜੀਏ  ਬਰਖਾ ਕਰੇ ਤਬ ਸੋਇ ॥੫੨॥ ਜਗ ਉਤਪਤ ਹੈ ਕਰਮ ਤੇਂ  ਕਰਮ ਉਤਪਤ ਹੈ ਬੇਦ ॥ ਬੇਦ ਉਤਪਤ ਹੈ ਬ੍ਰਹਮ ਤੇ  ਸਭੀ ਬ੍ਰਹਮ ਨਿਰਭੇਦ ॥੫੩॥ ਜਿਸ ਬ੍ਰਹਮ ਤੇਂ ਸਗਲ ਭਏ  ਸਭ ਜਾਨੌਂ ਏਕ ਬ੍ਰਹਮ ॥ ਮਾਨੁਖ ਕਾ ਜੋ ਪੂਤ ਹੈ  ਸੋ ਭੀ ਮਾਨੁਖ ਕਰਮ ॥੫੪॥ ਤਾਤੇ ਬ੍ਰਹਮ ਬੀਚਾਰ ਕੇ ਨਿਸਦਿਨ ਜਗ ਕਰੋ ॥ ਜੋ ਦੇਖੋ ਸੋ ਬ੍ਰਹਮ ਹੈ  ਐਸੇ ਮਨ ਮੈ ਧਰੋ ॥੫੫॥ ਚੌਪਈ ॥ ਜੈਸੇ ਜਗ ਕਰਿ ਬ੍ਰਹਮ ਕੌ ਪੂਜੈਂ ॥ ਕਲਿਆਂਨ

ਜਗਤ ਕੀ ਤਿਸ ਤੇ ਸੂਝੈਂ ॥ ਪੁਰਾਨਨ ਮੈ ਕਹਿਹੈ ਯਹ ਧਰਮ ॥ ਕਰੈ ਨ ਚਾਹੈ ਸੋ ਸਤ ਕਰਮ ॥੫੬॥ ਪੁਰਖ ਨਮਿਤ ਜੋ ਜਗ ਨ ਕਰੇ ॥ ਇੰਦ੍ਰੀਓ ਕੋ ਪੂਜਨ ਮਨ ਮੈ ਧਰੈ ॥ ਤਿਸ ਕਾ ਕਰਨਾ ਦੁਖ ਤੂੰ ਜਾਨ ॥ ਆਤਮ ਹਤਿਆਰਾ ਪਹਿਚਾਂਨ ॥੫੭॥ ਭੇਰੋ ਕਾਰਨ ਬਕਰੇ ਮਾਰੇ ॥ ਬੁਧ ਅਪਨੀ ਕੌ ਆਪੇ ਜਾਰੇ ॥ ਮਾਰਨ ਜੋਗ ਕਾਂਮਨਾਂ ਆਹੀ ॥ ਬਕਰੇ ਮਾਰ ਮਾਰ ਫਲ ਚਾਹੀ ॥੫੮॥ ਸੋ ਹੈ ਪਾਪੀ ਮਹਾਂ ਅਪਰਾਧੀ ॥ ਨਿਸਚੈ ਪਾਪੌ ਹੀ ਕਾ ਸਾਧੀ ॥ ਜਿਸ ਲਗੇ ਹੈ ਮੇਰੀ ਪ੍ਰੀਤ ॥ ਅਘਾਇ ਰਹਾ ਹੈ ਤਿਸ ਕਾ ਚੀਤ ॥੫੯॥ ਤਿਸ ਕੌ ਕਾਰਨ ਕਛੂ ਨਾਂ ਰਹਿਆ ॥ ਗ੍ਰਿਹਨ ਤਿਆਗ ਸਮ ਉਸ ਕੋ ਭਇਆ ॥ ਸੰਸਾਰ ਭਰਮ ਕੋ ਦੇਖੈ ਨਾਂਹਿ ॥ ਏਕ ਬ੍ਰਹਮ ਹੀ ਇਸਥਿਤ ਆਂਹਿ ॥੬੦॥ ਐਸਾ ਪੁਰਖ ਕਰੇ ਸੋ ਕਰੇ ॥ ਆਪ ਤਰੇ ਅਵਰਾਂ ਲੇ ਤਰੈ ॥ ਅਬ ਆਗੈ ਕਰਮੌ ਕੀ ਬਾਤ ॥ ਬਹੁੜ ਬਖਾਨੌ ਸੁਨਹੋ ਤਾਤ ॥੬੧॥ ਕਰਮ ਕਥਾ ਨਿਰੂਪਨ ॥ ਚੌਪਈ ॥ ਸਤ ਕਰਮ ਅਰ ਤਿਨ ਕੇ ਧਰਮ ॥ ਫਲ ਤਿਸ ਕੇ ਗੁਨ ਜਾ ਮੈਂ ਕਰਮ ॥ ਫਲ ਅਰਪੈ ਮੁਝ ਈਸਰ ਮਾਹਿ ॥ ਸੋ ਤੋ ਮੁਝ ਈਸਰ ਕੌ ਪਾਹਿ ॥੬੨॥ ਅਰ ਜਨਕ ਗਿਆਂਨੀ ਆਦਿ ਜੋ ਰਾਜਾ ॥ ਸੁਭ ਪਰਕਾਰ ਗਿਆਨ ਜਿਨ ਸਾਜਾ ॥ ਸੋ ਭੀ ਦੇਹ ਕਰਮ ਸਭ ਕਰੇ ॥ ਲੋਗ ਦੇਖ ਤਿਨ ਕੇ ਮਗ ਪਰੇਂ ॥੬੩॥ ਲੋਕ ਨਿਮਿਤ ਕਰਮ ਤਿਨ ਕੀਏ ॥ ਹਿਰਦੈ ਗਿਆਂਨ ਧਾਰ ਕੇ ਜੀਏ ॥ ਅਰ ਜੋ ਕਰਮ ਨ ਕਰਤੇ ਓਹ ॥ ਦੇਖੇ ਲੋਕ ਜਬ ਉਨ ਕੇ ਜੋਹੁ ॥੬੪॥ ਅਰ ਉਹ ਕਹਹੈਂ ਆਪਸ ਮਾਂਹਿ ॥ ਜਿਨ ਕੋ ਗਿਆਨ ਮੈਂ ਨਿਹਚਾ ਨਾਂਹਿ ॥ ਦੇਖੈ ਜਬ ਉਨ ਰਾਜਾ ਓਰ ॥ ਬਿਨਾਂ ਗਿਆਂਨ ਸਭ ਦੇਵੈ ਛੋਰ ॥੬੫॥ ਗਿਆਨ ਨ ਗਹੈਂ ਕਰਮ ਸਭ ਤਿਆਗੈਂ ॥ ਤਮ ਗੁਨ ਮੈਂ ਚਿਤ ਨਿਹਚੇ ਲਾਗੈਂ ॥ ਅਰੁ ਸਭ ਕਹੈ ਆਪਸ ਮਾਂਹਿ ॥ ਕਰਮਨ ਕੌ ਰਾਜਾ ਨ ਕਰਾਂਹਿ ॥੬੬॥ ਹਮ ਭੀ ਕਰਮ ਕੈਸੇ ਅਬ ਕਰੇ ॥ ਕਰਮ ਸੰਸੇ ਮੈ ਡਰ ਡਰ ਮਰੇਂ ॥ ਇਸ ਕਾਰਨ ਤੇ ਸ੍ਰੇਸ਼ਟ ਜੋ ਆਂਹੀ ॥ ਦੇਹ ਕਰਮ ਮੈਂ ਨਿਤ ਰਹਾਈ ॥ ਅਬ ਆਗੇ ਤੇਰਾ

ਦੁਖ ਦਹੋਂ ॥ ਅਪਨਾਂ ਅਉਤਾਰ ਆਪ ਤੁਝ ਕਹੋਂ ॥੬੭॥ ਦੋਹਰਾ ॥ ਹੇ ਅਰਜਨ ਤੁਝ ਆਖ ਹੋਂ ਅਪਨੀ ਸੋਭਾ ਮੀਤ ॥ ਬੇਦ ਕਰਮ ਸਭ ਮੈ ਕਰੌ ਜਿਸ ਕਾਰਨ ਧਰ ਚੀਤ ॥੬੮॥ ਦੋਹਰਾ ॥ ਸ੍ਵਰਗ ਪੈਆਲ ਭੂ ਲੋਕ ਮੈ ਮੁਝ ਨਿਮਿਤ ਕੋ ਨਾਂਹਿ ॥ ਕਰਮ ਕਰੌ ਤਬ ਪੁਨ ਨਹੀ ਤਿਆਗੋ ਪਾਪ ਨ ਪਾਂਹਿ ॥੬੯॥ ਦੋਹਰਾ ॥ ਜਗਤ ਲੋਕ ਮੁਝ ਜਾਨ ਹੈ ਈਸਰ ਪਰਮ ਅਪਾਰ ॥ ਜੋ ਮੈ ਕਰੌ ਸੋ ਸਭ ਕਰੇ ਭਾਖੇਂ ਕਰੇ ਅਉਤਾਰ ॥੭੦॥ ਦੋਹਰਾ ॥ ਜੋ ਕੁਛੁ ਮੁਝ ਸੋ ਹੋਤ ਹੈ ਜਗ ਭੀ ਕਰੇ ਹੈ ਸੋ ॥ ਤਿਆਗੌ ਸਭ ਅਰ ਨਾਂ ਕਰੌ ਅਉਰ ਕਰੇ ਨਹੀ ਕੋ ॥੭੧॥ ਦੋਹਰਾ ॥ ਗਿਆਨ ਨ ਆਵੈ ਕਿਸੀ ਕੌ ਸਭੀ ਪਾਪ ਕੋ ਪਾਂਹਿ ॥ ਲੋਕੋ ਕੇ ਉਪਕਾਰ ਕੌ ਮੈਂ ਸਭ ਕਰਮ ਕਰਾਂਹਿ ॥੭੨॥ ਚੌਪਈ ॥ ਜੋ ਅਰਜਨ ਮੈ ਕਰਮ ਕਰੌ ॥ ਬੇਦ ਬਾਤ ਮੈਂ ਚਿਤ ਨ ਧਰੌ ॥ ਮੁਝ ਕੌ ਦੇਖ ਛੋੜ ਹੈ ਲੋਕ ॥ ਸਭ ਜਗ ਬਰਨ–ਸੰਕਰ ਤਬ ਹੋਗ ॥੭੩॥ ਪਸੂ ਜੈਸੇ ਮਾਨੁਖ ਤਬ ਹੋਵੈ ॥ ਗਿਆਨ ਕਰਮ ਯਹ ਦੋਨੋ ਖੋਵੈਂ ॥ ਲੋਕ ਦੁਖਦਾਇਕ ਤਬ ਮੈ ਹੋਇਆ ॥ ਇਤ ਨਿਮਿਤ ਕਰਮ ਮੈ ਗੋਇਆ ॥੭੪॥ ਬਿਬੇਕੀ ਪੁਰਖ ਜੋ ਉਤਮ ਅਹੈ ॥ ਤਿਨ ਕੇ ਸੰਗ ਲੋਕ ਬਹੁ ਰਹੈਂ ॥ ਸੋ ਲੋਕ ਦਿਖਲਾਵਨ ਕਰਮ ਸਭ ਕਰੇਂ ॥ ਕਰਮਨ ਮੈਂ ਵਹੁ ਚਿਤ ਨ ਧਰੇਂ ॥੭੫॥ ਜੋ ਉਨ ਕੀ ਸੰਗਤ ਮੈ ਆਵੈ ॥ ਪ੍ਰਿਥਮੇ ਤਿਨ ਕੋ ਗਿਆਨ ਦ੍ਰਿੜਾਵੈ । ਜੇ ਕਰਿ ਗਿਆਨ ਉਸ ਰਿਦੈ ਨ ਆਵੈ ॥ ਤਿਸ ਕੌ ਕਰਮ ਉਪਦੇਸ ਬਤਾਵੈ ॥੭੬॥ ਅਪਨੀ ਬੁਧ ਸੋ ਤਿਨ ਤ੍ਰਿਪਤਿ ਕਰੈ ॥ ਕਰਮ ਬਾਤ ਸਾਚੀ ਲੈ ਧਰੇ ॥ ਦੇਹਿ ਇੰਦ੍ਰੀ ਤੇ ਕਰਮ ਸਭ ਹੋਇ ॥ ਗੁਨ ਪ੍ਰਕਿਰਤ ਨਾਨਾ ਹੈ ਸੋਇ ॥੭੭॥ ਜੈਸੇ ਗੁਨ ਹੋਇ ਬਪ ਕੇ ਮਾਂਹਿ ॥ ਸੁਭਾਵ ਪ੍ਰਕਿਰਤ ਤੇਂ ਕਰਮ ਕਰਾਂਹਿ ॥ ਹੰਕਾਰ ਮੋਹ ਜੋ ਮੂੜਤਾ ਆਹੀ ॥ ਸੋਈ ਕਹੈ ਮੈਂ ਕਰਮ ਕਰਾਂਹੀ ॥੭੮॥ ਪਾਰਥ ਗਿਆਨ ਈਸਰ ਜਿਉ ਕਹੇ ॥ ਗੁਨ ਸੰਜੁਗਤਿ ਇੰਦ੍ਰੀ ਦੇਹ ਅਹੇ ॥ ਗੁਨ ਹੀ ਵਰਤੇਂ ਗੁਨ ਹੀ ਮਾਂਹਿ ॥ ਇੰਦ੍ਰੀ ਮਹਿ ਇੰਦ੍ਰੀ ਵਰਤਾਹਿ

॥੭੯॥ ਆਤਮ ਇਨ ਮੈ ਸਾਛੀ ਰੂਪ ॥ ਅਕ੍ਰੈ ਨਿਰਮਲ ਗਿਆਂਨ ਸਰੂਪ ॥ ਆਖੇ ਕਰਮ ਸੁਭਾਵਕ ਹੋਵੈ ॥ ਮੂੜ ਪੁਰਖ ਸੰਸੇ ਮੈ ਰੋਵੈ ॥੮੦॥ ਬਿਬੇਕੀ ਉਦਾਸ ਦੇਹ ਤੇਂ ਰਹੈ ॥ ਜੀਵਨ ਮੁਕਤ ਲਛਨ ਇਹ ਅਹੈ ॥ ਪ੍ਰਕਿਰਤਿ ਮਾਇਆ ਤੇ ਸਭ ਕਛੁ ਹੋਇ ॥ ਤਿਸ ਤੇ ਭਿੰਨ ਗਿਆਨੀ ਸੋਇ ॥੮੧॥ ਮਮਤਾ ਦੇਹ ਕੇ ਸਾਥ ਨ ਕਰੇ ॥ ਆਤਮ ਮਾਂਹਿ ਚਿਤ ਕੌ ਧਰੇ ॥ ਆਤਮ ਸੰਗਿ ਜਬ ਮਨ ਕੌ ਲਾਵੈ ॥ ਬਿਖਿਆ ਤੇ ਮਨ ਵਰਜ ਰਖਾਵੈ ॥੮੨॥ ਜਬ ਮਨ ਰਾਖੇ ਆਤਮ ਮਾਹਿ ॥ ਮਨ ਬਿਤ੍ਰੇਕ ਕਛੁ ਹੋਵੈ ਨਾਂਹਿ ॥ ਸਹਜੇ ਹੀ ਸਭ ਕਰਮ ਛੁਟ ਜਾਵੈ ॥ ਇਸ ਪਰਕਾਰ ਵਹੁ ਮੁਝੇ ਧਿਆਵੈ ॥੮੩॥ ਤੈਸੇ ਅਰਜਨ ਤੂੰ ਭੀ ਮਾਂਨ ॥ ਮਨ ਕਾ ਚੇਤਾ ਮੁਝ ਮੈ ਆਂਨ ॥ ਦੇਹ ਕਰਮ ਸੌ ਜੁਧ ਕਰਿ ਮੀਤ ॥ ਫਲ ਕਰਮੋ ਕਾ ਨਾ ਧਰ ਚੀਤ ॥੮੪॥ ਲਾਭ ਅਲਾਭ ਏਕ ਸਮ ਜਾਂਨ ॥ ਰਾਗ ਦ੍ਵੈਖ ਏਕ ਸਾਮਾਂਨ ॥ ਮਨ ਮੈ ਕ੍ਰੋਧ ਨ ਧਾਰੈ ਕੋਇ ॥ ਸਗਲ ਬਿਖਿਆ ਤੇਂ ਰਹਿਤ ਤੂੰ ਹੋਇ ॥੮੫॥ ਐਸੀ ਭਾਂਤਿ ਜੁਧ ਸੌ ਲਾਗ ॥ ਸਰਧਾ ਫਲ ਕੀ ਬੇਗ ਤਿਆਗ ॥ ਯੇਹ ਮੇਰਾ ਉਪਦੇਸ ਜੋ ਮਾਂਨੇਂ ॥ ਮਨ ਕਾ ਚੇਤਾ ਮੁਝ ਮੈਂ ਆਨੇਂ ॥੮੬॥ ਜੋ ਇਸ ਮੇਰੇ ਮਾਰਗ ਚਲੈ ॥ ਲੇਪ ਕਰਮ ਤਿਸ ਨਰ ਸੌ ਟਲੈ ॥ ਅਰ ਜੋ ਮੇਰੀ ਮਤ ਨਹੀਂ ਮਾਨੇਂ ॥ ਮੇਰੀ ਮਤ ਕੀ ਨਿੰਦਾ ਠਾਨੇਂ ॥੮੭॥ ਤੇ ਅਗਿਆਂਨੀ ਮੂੜ ਮਤਹੀਨ ॥ ਤਿਨ ਕੀ ਬਾਤ ਨਾਸ ਤੂੰ ਚੀਨ ॥ ਚਿਤ ਨਾਸ ਤਿਸ ਨਰ ਕਾ ਹੋਇ ॥ ਬੁਧ ਨਾਸ ਜਾਨੋ ਤੁਮ ਸੋਇ ॥੮੮॥ ਦੋਹਰਾ ॥ ਹੇ ਕੁਰਨੰਦਨ ਅਉਰ ਸੁਨ ਪ੍ਰਕਿਰਤਿ ਗੁਨੋਂ ਕੀ ਦੇਹਿ ॥ ਜੈਸੇ ਪ੍ਰਕਿਰਤਿ ਸੁਭਾਵ ਹੈ ਤੈਸੇ ਕਰਮ ਕਰੇਹਿ ॥੮੯॥ ਦੋਹਰਾ ॥ ਅਪਨੀ ਅਪਨੀ ਪ੍ਰਕਿਰਤਿ ਮੈ ਦੇਹ ਕਰਮ ਸਭੁ ਕਰੈ ॥ ਬਿਬੇਕੀ ਐਸੇ ਸਮਝ ਕਰਿ ਉਸਤਤਿ ਨਿੰਦ ਨ ਧਰੈ ॥੯੦॥ ਦੋਹਰਾ ॥ ਕਿਸ ਪੈ ਐਸਾ ਨਾ ਕਹੈ ਸੁਭ ਅਸੁਭ ਤੁਧ ਕੀਓ ॥ ਬੁਰਾ ਭਲਾ ਸਭ ਤਿਆਗ ਕੈ ਗਿਆਨ ਅੰਮ੍ਰਿਤ ਰਸ ਪੀਓ ॥੯੧॥ ਦੋਹਰਾ ॥ ਕਰਨ ਨਾ ਕਰਨਾ ਆਖਿ ਤੂੰ ਸਹਜ ਮਾਹਿ ਛਕ

ਜਾਹਿ ॥ ਸਾਖੀ ਭੂਤ ਤੂੰ ਹੋਇ ਕੈ ਜੀਵਨ ਮੁਕਤਿ ਕੌ ਪਾਇ ॥੯੨॥ ਚੌਪਈ ॥ ਹੇ ਅਰਜਨ ਅਬ ਜੋ ਤੁਝ ਕਰਨਾ ॥ ਮੁਝ ਤੇ ਸੁਨ ਕਰਿ ਚਿਤ ਮੈਂ ਧਰਨਾਂ ॥ ਇੰਦ੍ਰੀ ਅਰਥ ਨ ਵਰਤੌ ਮੀਤ ॥ ਇੰਦ੍ਰੀ ਅਰਥ ਦੋਖ ਧਰ ਚੀਤ ॥੯੩॥ ਇੰਦ੍ਰੀ ਗੁਨ ਤੂੰ ਉਤਪਤਿ ਜਾਨ ॥ ਤਿਨ ਕਾ ਤਿਆਗ ਸਤ ਕਰਿ ਮਾਨ ॥ ਮਨ ਕਾ ਚੇਤਾ ਮੁਝ ਮੈ ਰਾਖ ॥ ਅਪਨੀ ਕਲਿਆਨ ਇਸੀ ਮੋ ਲਾਖ ॥੯੪॥ ਮਨ ਇੰਦ੍ਰੀ ਕੇ ਗੁਨ ਸਭ ਖੋਇ ॥ ਮੇਰੀ ਬਾਤ ਸੋ ਨਿਰਮਲ ਹੋਇ ॥ ਜਬ ਇਤਨੀ ਭਗਵਾਨ ਬਖਾਨੀ ॥ ਅਰਜਨ ਸਭ ਮਨ ਅਪਨੇਂ ਮਾਨੀ ॥੯੫॥ ਪ੍ਰਸਨ ਕਰੈ ਭਗਵਾਨ ਪੈ ਪਾਰਥ ॥ ਹੇ ਮਾਧਵ ਤੁਮ ਕਹੀ ਜਥਾਰਥ ॥ ਏਕ ਪ੍ਰਸਨ ਅਉਰ ਮੈਂ ਕਹੌਂ ॥ ਤਿਸ ਕਾ ਉਤਰ ਤੁਮ ਸੌ ਲਹੌਂ ॥੯੬॥ ਅਰਜਨੋਵਾਚ ॥ ਚੌਪਈ ॥ ਪਾਪੀ ਨਰ ਜੋ ਜਗ ਮੈਂ ਆਹਿ ॥ ਸੋ ਭੀ ਪਾਪ ਬੁਰਾ ਕਹਿ ਗਾਹਿ ॥ ਅਰ ਜੋ ਪੁੰਨੀ ਵਹੁ ਭੀ ਕਹੈ ॥ ਪਾਪ ਬੁਰਾ ਵਹੁ ਮਨ ਮੈ ਗਹੈ ॥੯੭॥ ਜਾਨੈ ਬੁਰਾ ਅਰੁ ਨਿਤ ਉਹੁ ਕਰੈ ॥ ਬੁਰੀ ਬਾਤ ਮੈ ਕਿਉ ਚਿਤ ਧਰੈ ॥ ਐਸਾ ਕਉਨ ਜੋ ਪਾਪ ਕਰਾਇ ॥ ਸਮਝੀ ਬਾਤ ਕੌ ਬਹੁੜ ਭੁਲਾਇ ॥ ਇਸ ਪ੍ਰਸਨ ਕਾ ਉਤਰ ਪਾਵੌਂ ॥ ਉਤਰ ਪਾਇ ਮਨ ਸੰਕ ਮਿਟਾਵੌਂ ॥੯੮॥

ਸ੍ਰੀ ਭਗਵਾਨੋਵਾਚ ॥

ਦੋਹਰਾ ॥ ਬਾਸਦੇਵ ਐਸੇ ਕਹੇ ਸੁਨ ਪਾਰਥ ਪਰਧਾਨ ॥ ਉਤਪਤਿ ਕਾਮ ਕ੍ਰੋਧ ਕੀ ਰਜ ਗੁਨ ਤੇਂ ਤੂੰ ਜਾਨ ॥੯੯। ਦੋਹਰਾ ॥ ਸੋਈ ਪਾਪ ਕਰਾਵ ਹੈਂ ਜਾਨਨਿਹਾਰੈ ਮੀਤ ॥ ਦੋਨੋ ਸਤ੍ਰੁ ਹੈਂ ਅਤਿ ਬਲੀ ਜਿਨ ਭਰਮਾਇਓ ਚੀਤ ॥੧੦੦॥ ਦੋਹਰਾ ॥ ਅਹਾਰ ਬਡਾ ਤਿਨ ਦੁਸਟ ਕਾ ਕਬਹੂੰ ਤੋਖ ਨ ਪਾਂਹਿ ॥ ਪਾਪ ਰੂਪ ਹੈ ਕਾਮ ਕ੍ਰੋਧ ਓਹੀ ਪਾਪ ਕਰਾਂਹਿ ॥੧੦੧॥ ਜਬ ਅਰਜਨ ਐਸੇ ਸੁਨਿਓ ਪ੍ਰਸਨ ਕਰੇ ਤਬ ਹੋਰ ॥ ਉਤਪਤਿ ਦੋਨੋ ਸਤ੍ਰੂ ਕੀ ਸੋਈ ਬਤਾਵੋ ਮੋਰ ॥੧੦੨॥ ਦੋਹਰਾ ॥ ਕਿਸ ਤੇ ਉਪਜੇ ਸਤ੍ਰੂ ਦੋ ਅਰ ਬਡੇ ਭਾਂਤ ਕਿਸ ਹੋਇ ॥ ਕਰਤੂਤ

ਇਨਾ ਕੀ ਕਉਨ ਹੈ ਅਰੁ ਆਤਮ ਇਨ ਹੈ ਕੋਇ ॥੧੦੩॥ ਦੋਹਰਾ ॥ ਭਲੀ ਭਾਂਤਿ ਵਿਸਥਾਰ ਕਰਿ ਮੁਝੇ ਬਤਾਵੋ ਦੇਵ ॥ ਇਹ ਜੋ ਦੋਨੋ ਦੁਸਟ ਹੈਂ ਤਿਨ ਕਾ ਪਾਵੋ ਭੇਵ ॥੧੦੪॥ ਸੋਰਠਾ ॥ ਅਰਜਨ ਪ੍ਰਸਨ ਭਗਵਾਨ ਜਬ ਸੁਨਿਓ ਬਹੁ ਪ੍ਰੀਤ ਸੋ ॥ ਆਖੇਹਰਿ ਪ੍ਰਧਾਂਨ ਹੇ ਪਾਰਥ ਸੁਨ ਸਮਝ ਲੇ ॥੧੦੫ ॥ ਚੌਪਈ ॥ ਅਰਜਨ ਇਹ ਸੂਖਮ ਹੈਂ ਸਤ੍ਰ ॥ ਦੇਹ ਇੰਦ੍ਰੀਆ ਕੇ ਏ ਹੈਂ ਮਿਤ੍ਰ ॥ ਨਿਵਾਸ ਇਨ ਕਾ ਹੈ ਬਪ ਕੇ ਮਾਂਹਿ ॥ ਦੇਹ ਬਿਖੇ ਅਤਿ ਸੂਛਮ ਆਂਹਿ ॥੧੦੬॥ ਦੇਹ ਪੁਰਖੋ ਕੋ ਮੋਹ ਉਪਜਾਵੈਂ ॥ ਤਿਹਂ ਕੇ ਸੰਗ ਮੋਹੁ ਲੇ ਜਾਵੈਂ ॥ ਅਬ ਇਨ ਕੀ ਉਤਪਤਿ ਬਖਾਨੌ ॥ ਜਿਸ ਪ੍ਰਕਾਰ ਕਹੌ ਸੋ ਜਾਨੌ ॥੧੦੭॥ ਭਲੇ ਖਾਏ ਸੂੰਘੇ ਅਰੁ ਪਹਰੇ ॥ ਮਨ ਕੇ ਮਾਂਹਿ ਹਰਖ ਆਇ ਲਹਰੇ ॥ ਹਰਖ ਤੈਂ ਕਾਂਮ ਕੀ ਉਤਪਤਿ ਹੋਇ ॥ ਕਾਮ ਤੇਂ ਉਤਪਤਿ ਕ੍ਰੋਧ ਕੀ ਹੋਇ ॥੧੦੮॥ ਕ੍ਰੋਧ ਕੀ ਉਤਪਤਿ ਇਸ ਬਿਧ ਹੋਇ ॥ ਆਖੇ ਮੁਝ ਸਮਾਂਨ ਨਾ ਕੋਇ ॥ ਯਹੀ ਅਹੰਕਾਰ ਅਭਿਮਾਨ ਕਹਾਵੈ ॥ ਅਹੰਕਾਰ ਕਾਂਮ ਤੇਂ ਨਰ ਦੁਖ ਪਾਵੈ ॥੧੦੯॥ ਯਹਿ ਦੋ ਸਤ੍ਰ ਮਹਾਂ ਬਲਵਾਂਨ ॥ ਇਨ ਕੇ ਕਰਮ ਪਾਪ ਤੂੰ ਜਾਂਨ ॥ ਅਬ ਇਨ ਕਾ ਫਲ ਸੁਨਹੋ ਪਾਰਥ ॥ ਪ੍ਰਿਥਮ ਕਾਂਮ ਫਲ ਕਹੋਂ ਯਥਾਰਥ ॥੧੧੦॥ ਕਾਂਮ ਫਲ ॥ ਚੌਪਈ ॥ ਅਪਨੀ ਤੀਅ ਸੌ ਜੋ ਸੰਗ ਕਰੈ ॥ ਸੰਗ ਉਪਰਾਂਤ ਸੋਗ ਮੈ ਪਰੈ ॥ ਸੋਗ ਚਿੰਤਾ ਮੈਂ ਮਗਨ ਹੋ ਜਾਵੈ ॥ ਮਨ ਕੋ ਅੰਧ ਕਾਂਮ ਤੇ ਪਾਵੈ ॥੧੧੧॥ ਜੋ ਪਰ ਇਸਤ੍ਰੀ ਸਾਥ ਸੰਗ ਕਰੈ ॥ ਰਾਜ ਦ੍ਵਾਰ ਖਬਰ ਜਾਇ ਚੜ੍ਹੇ ॥ ਬਾਂਧਿਆ ਮਾਰਿਆ ਲੂਟਿਆ ਜਾਵੈ ॥ ਇਸ ਲੋਕ ਮੈ ਬਹੁ ਦੁਖ ਪਾਵੈ ॥ ਪਰਲੋਕ ਬਿਖੈ ਜਮ ਸਾਸਨਾ ਦੇਇ ॥ ਏਤੇ ਫਲ ਕਾਂਮੀ ਨਰ ਲੇਇ ॥੧੧੨॥ ਕ੍ਰੋਧ ਫਲ ॥ ਚੌਪਈ ॥ ਅਭਿਮਾਨ ਸਾਥ ਜੇ ਕਿਸੈ ਦੁਖਾਵੈ ॥ ਪੁਨ ਆਇਧ ਕਿਸ ਮਾਹਿ ਚਲਾਵੈ ॥ ਤਬ ਉਹੁ ਜਾਵੈ ਰਾਜ ਦ੍ਵਾਰ ॥ ਕਿਸ ਕੇ ਜੋਰ ਕੀ ਕਰੈ ਪੁਕਾਰ ॥੧੧੩॥ ਤਬ ਰਾਜਾ ਤਿਸ ਡਾਂਡ ਲਗਾਵੈ ॥ ਪਰਲੋਕ ਬਿਖੈ ਜਮ ਸਾਸਨਾਂ ਪਾਵੈ ॥

ਯਹਿ ਸਭ ਫਲ ਕ੍ਰੋਧ ਕੇ ਕਹੇ ॥ ਸੁਖ ਦੁਖ ਕਾਂਮ ਕ੍ਰੋਧ ਤੇਂ ਲਹੇ ॥੧੧੪॥ ਪ੍ਰਾਂਨੀ ਕੌ ਯਹਿ ਨਿਤ ਹੀ ਮੋਹੈਂ ॥ ਪਾਪ ਰੂਪ ਅਰ ਨੀਚ ਯਹਿ ਦੋ ਹੈਂ ॥ ਹੇ ਅਰਜਨ ਯਹਿ ਦੋਨੋ ਵੈਰੀ ॥ ਜੀਉ ਮਾਂਹਿ ਸਦਾ ਯਹਿ ਖੈਰੀ ॥੧੧੫॥ ਯਹੀ ਕਹੇ ਇਹ ਆਪਸ ਮਾਂਹਿ ॥ ਕਬ ਇਹ ਸਿੰਮ੍ਰਿਨ ਤੇਂ ਭੂਲ ਜਾਂਹਿ ॥ ਤਬ ਹਮ ਚੋਟ ਚਲਾਵੈ ਇਨ ਪਰ ॥ ਜਬੈ ਰਹਤ ਸਿੰਮ੍ਰਿਨ ਤੇ ਹੋਇ ਨਰ ॥੧੧੬॥ ਰਜ ਗੁਨ ਤੇ ਉਤਪਤਿ ਹੈ ਇਨ ਕੀ ॥ ਮੋਹ ਬਢਾਵਨ ਬ੍ਰਿਤ ਹੈ ਤਿਨ ਕੀ ॥ ਦੋਊ ਉਪਦ੍ਰੌ ਨਰੋਂ ਕੇ ਮਾਂਹਿ ॥ ਤਿਨ ਕੇ ਸੰਗ ਨਰ ਅਤਿ ਦੁਖ ਪਾਂਹਿ ॥੧੧੭।

ਟੀਕਾਕਾਰਵਾਚ ॥

ਚੌਪਈ ॥ ਕਾਂਮ ਕ੍ਰੋਧ ਇੰਦ੍ਰੀਓ ਕਾ ਗਿਆਂਨ ॥ ਜੋ ਇਨ ਰਮੇ ਅਸੁਰ ਤਿਨ ਜਾਂਨ ॥ ਇਸ ਕਾ ਅਰਥ ਇੰਦ੍ਰੀ ਸਭ ਕਹੈ ॥ ਵਾਂ ਕਾ ਅਰਥ ਮਤ ਚਿਤ ਚਹੈ ॥੧੧੮॥ ਇੰਦ੍ਰੀਓ ਮੈ ਰਮੈ ਸੋਈ ਹੈ ਅਸੁਰ ॥ ਅਰ ਸਭ ਰਹੈ ਜਗ ਮੈ ਪਸਰ ॥ ਕੋ ਵਿਰਲਾ ਸੁਰ ਦ੍ਰਿਸਟੀ ਆਵੈ ॥ ਆਤਮ ਮਾਂਹਿ ਰਮਨ ਕੋ ਪਾਵੈ ॥੧੧੯॥ ਸੁਰ ਕਾ ਅਰਥ ਬੇਦੋ ਇਉ ਕਹਾ ॥ ਸੋਈ ਨਾਮ ਗੋਬਿੰਦ ਕੋ ਲਹਾ ॥ ਦੁਰਮਤਿ ਅਸੁਰ ਸਭ ਕੋ ਕਹ ਗਾਵੈ ॥ ਸੁਰ ਸੋਈ ਜੋ ਰਾਮ ਰਮਾਵੈ ॥੧੨੦॥ ਤਾਂਤੇ ਐਸੇ ਵਰਤੋ ਮੀਤ ॥ ਦੇਹਿ ਬਾਤ ਰਾਖੋ ਨਾਂ ਚੀਤ ॥

ਸ਼੍ਰੀ ਭਗਵਾਨੋਵਾਚ ॥

ਦੇਹ ਅਨਿਤ ਤਿਸ ਬਾਤ ਅਨਿਤ ॥ ਸਭ ਸਾਧੌ ਕੀ ਏਕੈ ਮਤ ॥੧੨੧॥ ਇਉ ਮੁਝ ਛਾਦਿਆ ਜਾਨਨ ਗਿਆਨ ॥ ਸੋ ਦਿਸਟਾਂਤ ਅਬ ਕਹੌ ਬਖਾਨ ॥ ਦਿਸਟਾਂਤ ॥ ਧੂਮ ਕਰਿ ਜੈਸੇ ਅਗਨਿ ਛਪ ਜਾਵੈ ॥ ਅਸੁਧ ਆਰਸੀ ਮੈ ਦ੍ਰਿਸਟਿ ਨ ਆਵੈ ॥੧੨੨॥ ਛਾਦਿਆ ਗਰਭ ਜਾਲੀ ਕੇ ਮਾਂਹਿ ॥ ਤੈਸੇ ਗਿਆਨ ਮੁਝ ਛਾਦਿਆ ਤਾਂਹਿ ॥ ਇਹ ਦੋ ਸਤ੍ਰ ਗਿਆਨ ਮੁਝ ਛਾਦੇ । ਇੰਦ੍ਰੀ ਮਨ ਮੈ ਸੂਖਮ ਗਾਡੇ ॥੧੨੩॥ ਕਾਂਮ ਅਭਰ ਹੈ ਰਜਤਾ ਨਾਂਹਿ ॥ ਪਾਪ ਰੂਪ ਰਹੈ ਮਨ ਮਾਂਹਿ ॥ ਮਨ

ਬੁਧਿ ਇੰਦ੍ਰੀਓ ਮਾਂਹਿ ਯਹਿ ਬਸੈ ॥ ਜੀਓ ਕੋ ਮੋਹੈਂ ਅਪਨੈ ਰਸੈ ॥੧੨੪॥ ਤਿਸ ਕਾਰਨ ਤੇ ਸ੍ਰੇਸ਼ਟ ਪਾਰਥ ॥ ਇੰਦ੍ਰੀਓ ਕੇ ਸਭ ਤਿਆਗ ਸ੍ਵਾਰਥ ॥ ਇੰਦ੍ਰੀ ਅਰ ਮਨ ਏਕ ਹੈ ਮੀਤ ॥ ਏਕੋਈ ਦੋਵੇ ਧਰ ਚੀਤ ॥੧੨੫॥ ਮਨ ਬਸ ਕੀਏ ਦੋਨੋ ਬਸ ਹੋਇ ॥ ਮਨ ਬਸ ਕਰੈ ਪੁਰਖ ਹੈ ਸੋਇ ॥ ਜੇ ਕੋ ਮਨ ਕੀ ਦਉੜ ਨ ਤਿਆਗੈ ॥ ਸੋ ਮਤਮੰਦ ਮਹਾਂ ਦੁਰਭਾਗੈ ॥ ਅਬ ਆਗੈ ਦੇਹ ਜੜ ਕੀ ਬਾਤ ॥ ਜੜਤਾ ਤਿਸਕੀ ਸੁਨਹੋ ਤਾਤ ॥੧੨੬॥ ਦੋਹਰਾ ॥ ਦੇਹਿ ਅਨਿਤ ਨਿਰਚੇਤਤਾ ਜੜ ਜਾਨੋ ਤੁਮ ਮੀਤ ॥ ਇਸ ਤੇ ਸ੍ਰੇਸ਼ਟ ਇੰਦ੍ਰੀਆ ਚਈਤਨ ਤਿਨ ਕੀ ਰੀਤ ॥੧੨੭॥ ਦੋਹਰਾ ॥ ਦੇਹ ਤੇ ਸ੍ਰੇਸ਼ਟ ਇੰਦ੍ਰੀਆ ਅਰ ਮਨ ਉਤਮ ਹੋਇ ॥ ਚਈਤਨ ਮਨ ਕਰ ਇੰਦ੍ਰੀਆ ਯਹਿ ਜਾਨੈ ਸਭ ਕੋਇ ॥੧੨੮॥ ਦੋਹਰਾ ॥ ਜੋ ਮਨ ਹੋਵੈ ਅਉਰ ਠਉਰ ਦੇਖੈ ਸੁਨੈ ਨ ਕੋਇ ॥ ਮਨ ਇਸ ਕਾਰਨ ਸ੍ਰੇਸ਼ਟ ਹੈ ਮਨ ਤੇਂ ਪਰੇ ਬੁਧ ਹੋਇ ॥੧੨੯॥ ਦੋਹਰਾ ॥ ਉਤਮ ਬੁਧਿ ਇਸ ਕਾਰਨੇ ਜਾਨਨ ਹੈ ਜਿਸ ਧਰਮ ॥ ਸੁਨ ਕਰ ਬਾਤ ਮਨ ਮੌ ਧਰੇ ਫੇਰ ਕਹੇ ਤਿਸ ਮਰਮ ॥੧੩੦॥ ਦੋਹਰਾ ॥ ਬੁਧ ਆਖੇ ਮੈ ਇਹ ਸੁਨਾ ਅਰ ਦੇਖੀ ਯਹ ਬਾਤ ॥ ਮਨ ਕੌ ਐਸੀ ਸਕਤਿ ਨਾਂਹਿ ਚਿਤਵਨ ਤਿਸ ਕੀ ਗਾਤ ॥ ੧੩੧॥ ਦੋਹਰਾ ॥ ਇਸ ਕਾਰਨ ਬੁਧ ਸ੍ਰੇਸ਼ਟ ਹੈ ਬੁਧ ਪਰੇ ਭਗਵਾਂਨ ॥ ਜਿਨ ਤੇ ਮਨ ਬੁਧ ਇੰਦ੍ਰੀਆ ਸਭੀ ਪ੍ਰਕਾਸੇ ਜਾਨ ॥੧੩੨॥ ਦੋਹਰਾ ॥ ਹੇ ਪਾਰਥ ਸੋ ਆਤਮਾਂ ਬੁਧ ਪਰੇ ਧਰ ਚੀਤ ॥ ਸੋ ਤੋ ਸਭ ਕੇ ਰਿਦੇ ਮੈਂ ਤਾਸੋਂ ਜੁੜ ਤੂੰ ਮੀਤ ॥੧੩੩॥ ਦੋਹਰਾ ॥ ਜਬ ਤੈਂ ਆਤਮ ਜਾਨਿਆਂ ਅਪਨੇ ਹਿਰਦੇ ਮਾਹਿ ॥ ਤਬ ਸਮਾਧ ਤੁਝ ਲਗੈ ਹੈ ਤਿਸ ਤੇ ਬਹੁ ਸੁਖ ਪਾਂਹਿ ॥੧੩੪॥ ਦੋਹਰਾ ॥ ਦੁਖਦਾਇਕ ਜੋ ਕਾਂਮ ਹੈ ਤਿਸ ਕੌ ਕਾਟੋ ਮੀਤ ॥ ਐਸਾ ਗਿਆਂਨ ਜੋ ਮੈ ਕਹਾ ਸੋ ਤੁਮ ਰਾਖੋ ਚੀਤ ॥੧੩੫॥ ਸੋਰਠਾ ॥ ਹੇ ਅਰਜਨ ਯਹਿ ਗਿਆਂਨ

ਅਬ ਜੋ ਤੁਝ ਕੌ ਮੈਂ ਕਹਾ ॥ ਐਸੇ ਨਿਸਚੈ ਜਾਂਨ ਜੈਸੇ ਅਬ ਫੁਨ ਕਹਤ ਹੌ ॥੧੩੬॥

ਟੀਕਾਕਾਰਵਾਚ ॥

ਚੌਪਈ ॥ ਤੀਸਰਾ ਧਿਆਇ ਗੀਤਾ ਕਾ ਭਾਈ ॥ ਸੋ ਰਿਖੀਕੇਸ ਅਰਜਨ ਪ੍ਰਤਿ ਗਾਈ ॥ ਜੋਗ ਸਾਸਤ੍ਰ ਇਸ ਨਾਮ ਉਚਾਰੇ ॥ ਜੋ ਧਾਰੈ ਸੋ ਆਪ ਕੌ ਤਾਰੈ ॥੧੩੭॥ ਜੈਸੇ ਤਤ ਹੈ ਬੇਦੋ ਮਾਹਿ ॥ ਰਿਖੀਕੇਸ ਕਹਿਓ ਹੈ ਤਾਹਿ ॥ ਜੋ ਕੋ ਸੁਨੇ ਅਰ ਮਨ ਮੌ ਧਾਰੈ ॥ ਪੰਚ ਤੀਨ ਕੌ ਤਿਸਸੋ ਜਾਰੈ ॥੧੩੮॥ ਆਤਮ ਜਾਨੇ ਸਭ ਕੇ ਮਾਹਿ ॥ ਵਹੁ ਭੀ ਤੋ ਆਤਮ ਹੀ ਆਂਹਿ ॥ ਜਬ ਐਸੀ ਤਿਨ ਮਨ ਮੌ ਧਰੀ ॥ ਜੀਵਨ ਮੁਕਤਿ ਤਿਸ ਨਰ ਨੇ ਕਰੀ ॥ ਜਨਮ ਮਰਨ ਫਿਰ ਤਿਸੈ ਨ ਹੋਇ ॥ ਅਬਿਨਾਸੀ ਪਦ ਮੈ ਪ੍ਰਾਪਤ ਹੋਇ ॥੧੩੯॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਕਰਮ ਯੋਗੋ ਤ੍ਰਿਤੀਆ ਧਿਆਇ ॥ ੩॥ ੩੭੯॥

## ਆਗੇ ਚੌਥਾ ਧਿਆਇ ਚਲਿਆ ॥

### ਸ਼੍ਰੀ ਭਗਵਾਨੋਵਾਚ ॥

ਸੋਰਠਾ ॥ ਅਬਿਨਾਸੀ ਯਹਿ ਗਿਆਂਨ  ਅਰਜਨ ਤੁਝ ਕੌ ਮੈ ਕਹੌ ॥ ਪਰਾ ਪੁਰਾਤਨ ਜਾਨ  ਰਾਜਰਿਖ ਵਰਤੇ ਤਿਸੀ ਮੋ ॥੧॥  ਕਵਿਤ ॥ ਪ੍ਰਿਥਮੇ ਮੈ ਸੂਰਜ ਕੌ ਉਪਦੇਸ ਯਹੀ ਗਿਆਨ ਕੀਆ  ਤਿਸ ਕੌ ਵਹੁ ਧਾਰ ਜੀਵਨ ਮੁਕਤ ਹੋਇ ਜੀਉ ਹੈ ॥ ਕਹਿਓ ਸੂਰਜ ਪੂਤ ਮਾਂਹਿ ਯਹੀ ਗਿਆਂਨ ਅਟਲ ਰੂਪ  ਮਨ ਸੁਤ ਸੂਰ ਤੇਂ ਇਖਵਾਕ ਬਹੁੜ ਲੀਓ ਹੈ ॥ ਤਿਸ ਕੇ ਪ੍ਰਸਾਦਿ ਤੇਂ ਰਾਜ ਲੇਪ ਲਾਗੇ ਨਾਂਹਿ  ਪਰਮ ਤਤ ਅਰਜਨ ਤੁਝ ਯਹਿ ਗਿਆਨ ਦੀਓ ਹੈ ॥ ਬਿਤੀਤ ਭਏ ਚਿਰੰਕਾਲ ਭਾਖਾ ਮੈ ਯਹਿ ਗਿਆਂਨ  ਜਗਤ ਕੇ ਉਧਾਰਨ ਮੈ ਬਹੁੜ ਈਹਾਂ ਕਹਿਓ ਹੈ ॥੨॥ ਦੋਹਰਾ ॥ ਹੇ ਅਰਜਨ ਇਸ ਕਾਰਨੇ  ਐਸਾ ਉੱਤਮ ਗਿਆਂਨ ॥ ਜੋ ਤੂੰ ਮੇਰਾ ਪ੍ਰਿਅ ਭਗਤ  ਤੋ ਤੁਝ ਪੈ ਕੀਆ ਬਖਾਂਨ ॥੩॥

### ਅਰਜਨੋਵਾਚ ॥

ਸੋਰਠਾ ॥ ਅਰਜਨ ਸੁਨ ਕਰਿ ਬਾਤ  ਪੁੰਨ ਭਾਖੀ ਭਗਵਾਨ ਪੈ ॥ ਰਵਿ ਕੀ ਕਹੋ ਜੋ ਬਾਤ  ਸੋ ਤੁਮ ਸੋ ਆਗੈ ਭਇਆ ॥੪॥ ਦੋਹਰਾ ॥ ਹੇ ਮਾਧਵ ਤੁਮ ਅਬ ਭਏ  ਬਾਸਦੇਵ ਗ੍ਰਿਹਿ ਮਾਂਹਿ ॥ ਆਗੇ ਤੁਮਤੇਂ ਸੂਰ ਥਾ  ਕੈਸੇ ਭਾਖਿਓ ਤਾਹਿ ॥੫॥

### ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਤਬ ਭਗਵਾਂਨ ਯਹਿ ਬੋਲਿਆ  ਸੁਨ ਅਰਜਨ ਕੁਰਨੰਦ ॥ ਮੇਰੇ ਤੇਰੇ ਬਹੁ ਜਨਮ  ਬੀਤੇ ਹੈਂ ਪਰਚੰਡ ॥੬॥ ਦੋਹਰਾ ॥ ਮੈਂ ਜਾਨੌ ਸਭ ਜਨਮ ਕੌ  ਤੂੰ ਨਾਂ ਜਾਂਨੈ ਮੀਤ ॥ ਈਸਰ ਅਜ ਅਬਿਨਾਸ ਹੌ ਯਹੀ ਧਾਰੋ ਤੁਮ ਚੀਤ ॥੭॥ ਦੋਹਰਾ ॥ ਅਪਨੀ ਮਾਇਆ ਕੇ ਆਸਰੇ ਨਿਤ ਮੈਂ ਜਨਮ ਧਰੌ ॥ ਜਬ ਅਧਰਮ ਧਰਮ ਛਾਦ ਹੈ  ਹਉ ਨਾਸ

ਅਧਰਮ ਕਰੌ ॥੮॥ ਕਵਿਤ ॥ ਸਾਧੋ ਕੇ ਸੁਖ ਨਿਮਿਤ ਦੇਹ ਧਰੌ ਜਗਤ ਮਾਂਹਿ ਪਾਪ ਦੁਖ ਜਗਤ ਕੇ ਖੰਡਨ ਕਰਤ ਹੌ ॥ ਐਸੀ ਭਾਂਤ ਜੁਗੋ ਜੁਗ ਅਉਤਾਰ ਲੀਏ ਜਗਤ ਮਾਂਹਿ ਜੈਸੇ ਮੇਰੇ ਦਿਬ ਕਰਮ ਤੈਸੇ ਹੀ ਕਹਤ ਹੌ ॥ ਅਜਨਮ ਅਰ ਅਬਰਨ ਹੌ ਅਕ੍ਰੈ ਅਉ ਅਕਰਮ ਹੌ ਤਤੋ ਕੀ ਦੇਹ ਤੇ ਭਿੰਨ ਮੈ ਰਹਤ ਹੌ ॥ ਜੈਸੇ ਜੀਉ ਕਰਮ ਸਾਥ ਫਸਿਆ ਰਹੈ ਜਗਤ ਮਾਂਹਿ ਤੈਸੇ ਉਹ ਕਰਮ ਤੇ ਸਦਾ ਹੀ ਬਚਤ ਹੌ ॥੯॥ ਚੌਪਈ ॥ ਜਗਤ ਲੋਕ ਹੈ ਕਰਮੋ ਬਸ ॥ ਕਰਮ ਗਏ ਸਭ ਮੁਝ ਤੇ ਨਸ ॥ ਮੈ ਅਜਨਮ ਅਕਾਲ ਸਰੂਪ ॥ ਭੀਤਰ ਬਾਹਰ ਮੇਰੋ ਰੂਪ ॥੧੦॥ ਬਿਆਪ ਰਹਿਆ ਮੈ ਜਗਤ ਕੇ ਮਾਂਹਿ ॥ ਜਹਾਂ ਤੇਂ ਚਾਹੋਂ ਤਹਾਂ ਪ੍ਰਗਟਾਂਹਿ ॥ ਜਨਮ ਦਿਬ ਅਪਨੋਂ ਤੁਝ ਕਹਿਓ ॥ ਸੋ ਤੈ ਸੁਨ ਕਰ ਮਨ ਮੋ ਲਹਿਓ ॥੧੧॥ ਕਰਮ ਦਿਬ ਅਬ ਤੋਹਿ ਬਤਾਵੋ ॥ ਅਕ੍ਰੈ ਰੂਪ ਮੈ ਤੁਝੈ ਸੁਨਾਵੋਂ ॥ ਕਰਮ ਕਰਤ ਮੁਝ ਕਸਟ ਨ ਲਾਗੈ ॥ ਲੇਪ ਕਰਮ ਕਾ ਮੁਝ ਤੇ ਭਾਗੈ ॥੧੨॥ ਜੇ ਕਰਿ ਕਿਸੀ ਦੇਹ ਕੋ ਮਾਰੌ ॥ ਸੋ ਬਡਭਾਗੀ ਤਿਸ ਕੌ ਤਾਰੌ ॥ ਵਹੁ ਤੋ ਮੇਰਾ ਰੂਪ ਹੋਇ ਜਾਇ ॥ ਦਿਬ ਕਰਮ ਏ ਕਹੇ ਸੁਨਾਇ ॥੧੩॥ ਜੋ ਇਸ ਭਾਂਤ ਜਨ ਮੁਝ ਕੋਂ ਜਾਨੈ ॥ ਦੇਹ ਛਾਡ ਮੁਝ ਪਦ ਮੈਂ ਠਾਨੇਂ ॥ ਬਹੁੜ ਮਾਤਾ ਕੇ ਗਰਭ ਨ ਆਵੈ ॥ ਮੁਕਤ ਹੋਇ ਮੁਝ ਸੰਗ ਸਮਾਵੈ ॥੧੪॥ ਐਸਾ ਫਲ ਮੁਝ ਜਾਂਨਨ ਜਾਂਨ ॥ ਭਗਤ ਪ੍ਰੀਤ ਅਬ ਕਹੌ ਬਖਾਂਨ ॥ ਜਿਸ ਕੀ ਪ੍ਰੀਤ ਮੇਰੇ ਸੰਗ ਲਾਗੀ ॥ ਤਿਸ ਕੇ ਲਛਨ ਸੁਨ ਬਡਭਾਗੀ ॥੧੫॥ ਦੋਹਰਾ ॥ ਲਛਨ ਤਿਨ ਕੇ ਪੁਨ ਸੁਨੋਂ ਮੋਹ ਨਹੀ ਉਸ ਮਾਂਹਿ ॥ ਕ੍ਰੋਧ ਕਰੇ ਨਹੀ ਕਿਸੀ ਪਰ ਨਿਰਭੈ ਬਸੈ ਜਗ ਮਾਂਹਿ ॥੧੬॥ ਦੋਹਰਾ ॥ ਮਨ ਰਾਖੇ ਮੇਰੇ ਬਿਖੇ ਅਰ ਬਾਛੇ ਮੇਰਾ ਗਿਆਂਨ ॥ ਗਿਆਂਨ ਭਾਨ ਪ੍ਰਕਾਸ ਤੇਂ ਮੁਝ ਕੋ ਮਿਲਿਆ ਜਾਂਨ ॥੧੭॥ ਛੰਦ ॥ ਅਰਜਨ ਪ੍ਰਤਿ ਗੋਪਾਲ ਬਖਾਂਨੈ ਹੇ ਅਰਜਨ ਤੁਮ ਚਿਤ ਮੈ ਧਾਰੋ ॥ ਜਿਹਂ ਪ੍ਰਕਾਰ ਭਜਨ ਮੋ ਕਰਤਾ ਤੈਸੇ ਮੈਂ ਉਸ ਜਾਪ ਉਚਾਰੋਂ ॥ ਤਿਸ ਕਾ ਭਜਨ ਪਹਿਲੇ ਮੈ ਕਰਤਾ

ਪਾਛੇ ਮੁਝ ਓਹੁ ਸਿਮ੍ਰਿਨਹਾਰੋ ॥ ਪਹਿਲੇ ਹਉ ਭਗਤੌ ਕੌ ਸਿਮਰੌ ਪੀਛੇ ਕਰਤ ਉਹੁ ਭਜਨ ਹਮਾਰੋ ॥੧੮॥ ਦੋਹਰਾ ॥ ਜੋ ਕਛੁ ਜਗ ਮੈਂ ਹਉ ਕਰੋਂ ਸਭੀ ਮਾਨੁਖ ਮੁਝ ਦੇਖ ॥ ਤੈਸੇ ਸਭ ਹੀ ਜਗਤ ਮੈਂ ਵਰਤੇ ਮੁਝ ਕੌ ਦੇਖ ॥੧੯॥ ਸੋਰਠਾ ॥ ਅਬ ਮੁਝ ਕੌ ਜੋ ਛਾਡ ਅਵਰ ਦੇਵਤਾ ਮਾਨਤੇ ॥ ਮਨ ਤਨ ਬਰਤ ਹਿਤਕਾਰ ਪੁਤ੍ਰ ਆਦਿ ਫਲ ਮਾਂਗਤੇ ॥੨੦॥ ਚੌਪਈ ॥ ਸੋ ਤੋ ਦੇਵ ਅਲਪ ਮੈ ਤੋਖੈ ॥ ਪੂਜਾਰੀ ਕੌ ਫਲ ਸੋਂ ਪੋਖੈ ॥ ਇਸ ਕਾਰਨ ਸਭ ਦੇਵਤਾ ਪੂਜੈਂ ॥ ਜਿਨ ਪੂਜੇ ਤੇ ਫਲ ਕੋ ਸੂਝੈ ॥੨੧॥ ਅਬ ਆਗੈ ਤੁਝ ਅਵਰ ਸੁਨਾਵੌ ॥ ਚਾਰ ਬਰਨ ਕੀ ਬਾਤ ਬਤਾਵੌ ॥ ਬ੍ਰਹਮਨ ਖਤ੍ਰੀ ਸੂਦ੍ਰ ਬੰਸ ॥ ਯਹਿ ਚਾਰੋ ਹੈ ਮੇਰੀ ਅੰਸ ॥੨੨॥ ਇਨ ਕਾ ਉਪਜਨ ਮੁਝ ਤੇਂ ਜਾਨ ॥ ਅਧਿਕਾਰ ਕਰਮ ਤਿਹਂ ਨਿਆਰੇ ਮਾਂਨ ॥ ਚਾਰ ਬਰਨ ਯਹਿ ਮੁਝ ਹੀ ਬਨਾਏ ॥ ਤਿਨ ਕੇ ਕਰਮ ਭਿੰਨ ਭਿੰਨ ਉਪਜਾਏ ॥੨੩॥ ਅਬਿਨਾਸੀ ਕਰਤਾ ਮੁਝ ਕੌ ਜਾਨ ॥ ਦਿਸਟਾਂਤ ਕਹੌ ਅਬ ਸੁਨ ਕਰਿ ਮਾਨ ॥ ਜੈਸੇ ਸੰਸਾਰੀ ਕਛੁ ਕਰਤਾ ॥ ਬਾਂਛਾ ਫਲ ਕੀ ਮਨ ਮੌ ਧਰਤਾ ॥੨੪॥ ਸਕਾਮ ਕਰਮ ਲੇਪ ਤਿਨ ਲਾਗੇ ॥ ਕਰਮ ਫਲ ਤਿਨ ਕੇ ਤਬ ਜਾਗੇ ॥ ਅਰ ਜੋ ਮੈਂ ਕੁਛ ਕਰਮ ਕਰੌ ਹੌ ॥ ਗਿਆਨ ਅਗਨ ਕਰਿ ਤਿਸੇ ਜਰੌ ਹੌ ॥੨੫॥ ਤਿਸੁ ਕਾਰਨ ਮੁਝ ਲੇਪ ਨ ਲਾਗੈ ॥ ਮਮਤਾ ਮੋਹ ਸਭ ਮੁਝ ਸੋ ਭਾਗੈ ॥ ਕਿਸੀ ਸੰਗ ਮੈ ਮੋਹ ਨ ਲਾਵੌ ॥ ਨਿਰਮਲ ਸਦਾ ਆਪ ਕੌ ਪਾਵੌ ॥੨੬॥ ਕੋਈ ਮਨੋਰਥ ਬਾਛੌ ਨਾਹਿ ॥ ਬਾਲਕ ਰੀਤ ਜਗ ਮਹਿ ਵਰਤਾਹਿ ॥ ਜੈਸੇ ਬਾਲਕ ਖੇਲਨ ਕਾਰਨ ॥ ਕੁੰਚਰ ਅਸ ਮਾਟੀ ਕੌ ਧਾਰਨ ॥੨੭॥ ਧਾਰੈ ਖੇਲੈ ਤਿਨ ਕੇ ਸਾਥ ॥ ਬਿਸਰੇ ਜਬ ਖੇਲਨ ਕੀ ਗਾਥ ॥ ਫੋੜ ਡਾਰੇ ਤਬ ਸੋਗ ਨ ਕਰੈ ॥ ਹਰਖ ਨ ਕਰੈ ਖੇਲ ਜਬ ਧਰੈ ॥੨੮॥ ਜੋ ਉਪਜਾਵੈ ਤਉ ਭੀ ਖੇਲੈ ॥ ਫੋੜੇ ਤਬ ਮਾਟੀ ਸੰਗ ਮੇਲੈ ॥ ਤੈਸੇ ਮੈਂ ਬਾਲਕ ਕੀ ਨਿਆਈ ॥ ਅਨਿਕ ਭਾਂਤ ਸੰਸਾਰ ਬਨਾਂਈ ॥੨੯॥ ਖੇਲੌ ਰਚਿ ਸੰਸਾਰ ਅਪਾਰ ॥ ਜਬ

ਚਾਹੌ ਤਬ ਕਰੋਂ ਸੰਖਾਰ ॥ ਉਸਾਰ ਢਾਹਿ ਮੋਹਿ ਲੇਪ ਨ ਲਾਗੈ ॥ ਮੁਝ ਕੌ ਚਾਹੈ ਤਿਨ ਬਡਭਾਗੈ ॥ ਵਹੁ ਨਿਰਲੇਪ ਕਰਮੌ ਤੇ ਹੋਵੈ ॥ ਕਰਮੌ ਕੇ ਬੰਧਨ ਸਭ ਖੋਵੈ ॥੩੦॥

ਟੀਕਾਕਾਰਵਾਚ ॥

ਚੌਪਈ ॥ ਜੋ ਕਛੁ ਬਾਸਦੇਵ ਜੀ ਕਹਿਓ ॥ ਤਿਸ ਕਾ ਅਰਥ ਮੈਂ ਮਨ ਮੈ ਲਹਿਓ ॥ ਏਕ ਬ੍ਰਹਮ ਜਿਸ ਨੇ ਸਭ ਧਾਰਾ ॥ ਬਾਲਕ ਰੀਤ ਤਿਨ ਖੇਲ ਪਸਾਰਾ ॥੩੧॥ ਅਨਿਕ ਦੇਹਿ ਤਿਸ ਆਪ ਬਨਾਏ ॥ ਮਧ ਸਭਹੂੰ ਕੇ ਆਪ ਵਰਤਾਏ ॥ ਵਰਤੈ ਸਭ ਕੇ ਮਧ ਵਹੁ ਆਪ ॥ ਸਭ ਵਹੁ ਏਕੋ ਰਹਿਆ ਬਿਆਪ ॥੩੨॥ ਸਭੀ ਕਹਾ ਵਹੁ ਏਕੋ ਹੀ ਹੈ ॥ ਜਗਤ ਕਹਾਂ ਸਭ ਬ੍ਰਹਮ ਸਹੀ ਹੈ ॥ ਨਿਰਗੁਨ ਰੂਪ ਜਬ ਸਰਗੁਨ ਹੋਇ ॥ ਤਬ ਯਿਹ ਬਾਜੀ ਰਾਚੈ ਸੋਇ ॥੩੩॥ ਯਿਹੀ ਬਾਤ ਨਿਸਚੇ ਸਚ ਜਾਨੋ ॥ ਸੁਤਹਿ ਸਿਧ ਬ੍ਰਹਮ ਇਕੁ ਮਾਨੋਂ ॥ ਤਾਤੇ ਜੋ ਕਛੁ ਦ੍ਰਿਸਟੀ ਆਹਿ ॥ ਏਕ ਬ੍ਰਹਮ ਦੂਜਾ ਕੋ ਨਾਹਿ ॥੩੪॥ ਅਬ ਆਗੈ ਸ਼੍ਰੀ ਕ੍ਰਿਸਨ ਅਕਾਲ ॥ ਕਹੇ ਸੁਨੋ ਤੁਮ ਹੇ ਪੰਡ ਲਾਲ ॥ ਕਰਮ ਬਾਤ ਬਹੁੜ ਤੁਝ ਕਹੋ ॥ ਭਲੇ ਪੁਰਖ ਕਰਮੋ ਤੇ ਲਹੋ ॥੩੫॥ ਦੋਹਰਾ ॥ ਅਰਜਨ ਤੂੰ ਯਹ ਸਮਝ ਕਰਿ  ਦੇਹਿ ਕਰਮ ਨਿਤ ਧਾਰ ॥ ਜਿਨ ਕੀ ਇਛਿਆ ਮੁਕਤਿ ਕੀ  ਤਿਨ ਸਤ ਕਰਮ ਬੀਚਾਰ ॥੩੬॥ ਦੋਹਰਾ ॥ ਸਤ ਕਰਮ ਕੇ ਕੀਏ ਤੇ  ਨਿਰਮਲ ਮਨ ਹੋਇ ਮੀਤ ॥ ਮਨ ਨਿਰਮਲ ਜਬ ਹੋਇਗਾ  ਗਿਆਨ ਆਵੈ ਤਬ ਚੀਤ ॥੩੭॥ ਸੋਰਠਾ ॥ ਜਬ ਉਪਜੈ ਤੁਝ ਗਿਆਨ  ਮੁਕਤ ਰੂਪ ਤੂ ਹੋਇਗਾ ॥ ਪਾਰਥ ਯਿਹ ਤੂੰ ਮਾਨ ਸਤ ਕਰਮ ਤੂੰ ਨਿਤ ਕਰ ॥੩੮॥  ਜੇ ਕੋ ਪੁਰਖ ਪ੍ਰਧਾਨ  ਪ੍ਰਿਥਮ ਕਰਮ ਤਿਨ ਕੀਏ ਹੈ ॥ ਜਬ ਤਿਨ ਕੀਓ ਗਿਆਨ  ਗਏ ਕਰਮ ਤਿਸ ਰਿਦੇ ਤੇ ॥੩੯॥ ਦੋਹਰਾ ॥ ਕਰਮ ਅਕਰਮ ਕੇ ਸਮਝਨੇ  ਸੁਤ ਭੀ ਸਮਰਥ ਨਾਂਹਿ ॥ ਕਰਮ ਅਕਰਮ ਕੀ ਵਾਰਤਾ  ਭਾਖੋਂ ਤੇਰੇ ਮਾਂਹਿ ॥੪੦॥ ਦੋਹਰਾ ॥ ਪ੍ਰਿਥਮ ਕਰਮ ਤੁਝ ਕੌ ਕਹੌ  ਜਾ ਤੇ ਦੁਖ ਸਭ

ਜਾਇ ॥ ਸੰਸਾਰ ਬੰਧਨ ਤੇਂ ਮੁਕਤ ਹੋਇ  ਜੋ ਸਮਝੈ ਸੋ ਪਾਇ ॥੪੧॥ ਛੰਦ ॥ ਕਰਮ ਅਕਰਮ ਬਿਕਰਮ ਤ੍ਰੈ  ਸੋ ਭਿੰਨ ਭਿੰਨ ਆਖੋਂ ॥ ਜੈਸੇ ਗਿਆਨੀ ਕਹੇ ਹੈਂ  ਤੈਸੇ ਮੈਂ ਤੁਝ ਪੈ ਭਾਖੋਂ ॥ ਸਾਸਤ੍ਰ ਆਗਿਆ ਪਾਇ  ਬਰਨ ਅਧਿਕਾਰ ਜੋ ਆਹੀ ॥ ਅਪਨੇ ਹੀ ਅਧਿਕਾਰ ਮਾਂਹਿ  ਜੋ ਕਰਮ ਕਮਾਹੀ ॥ ਸੋਈ ਕਰਮ ਕਹਾਵਤੇ  ਇਹੀ ਧਰੋ ਮਨ ਸਤ ॥ ਆਗੇ ਬਾਤ ਅਕਰਮ ਕੀ  ਤਿਨ ਕਾ ਭਾਖੋ ਤਤ ॥੪੨॥ ਦੋਹਰਾ ॥ ਜੋ ਜਾਨੈ ਮੈ ਸਤ ਕਰਮੁ  ਕਰਤਾ ਹੋਂ ਨਿਸ ਭੋਰ ॥ ਸਾਸਤ੍ਰ ਤੇ ਵਹਿ ਭੂਲ ਕਰਿ  ਕਰਤਾ ਹੈ ਕਛੁ ਔਰ ॥੪੩॥ ਦੋਹਰਾ ॥ ਸੋਈ ਅਕਰਮ ਕਹਾਵਤੇ  ਜਿਹ ਸਾਸਤ੍ਰ ਆਗਿਆ ਨਾਹਿ ॥ ਆਗੇ ਬਾਤ ਬਿਕਰਮ ਕੀ ਭਾਖ ਸੁਨਾਵੌ ਤਾਹਿ ॥੪੪॥ ਦੋਹਰਾ ॥ ਜੋ ਅਪਨੇ ਹੰਕਾਰ ਤੇਂ  ਸਾਸਤ੍ਰ ਅਗਿਆ ਤਿਆਗ ॥ ਬਰਨ ਕਰਮ ਤੇਂ ਰਹਤ ਹੈ  ਸੋ ਬਿਕਰਮ ਸੰਗ ਲਾਗ ॥੪੫॥ ਦੋਹਰਾ ॥ ਤੀਨੋ ਮੈ ਵਹੁ ਸ੍ਰੇਸ਼ਟ ਹੈ  ਜੋ ਸਾਸਤ੍ਰ ਆਗਿਆ ਪਾਇ ॥ ਕਰਮ ਕਰਤ ਹੈ ਦੇਹ ਕਰ  ਮੁਕਤ ਸੋ ਪ੍ਰੀਤ ਬਢਾਇ ॥੪੬॥ ਸੋਰਠਾ ॥ ਅਬੇ ਗਿਆਨੀ ਕੀ ਬਾਤ  ਅਰਜਨ ਤੂੰ ਯਿਉ ਚਿਤ ਧਰ ॥ ਤਿਨ ਬ੍ਰਹਮ ਜਾਂਨਿਓ ਸਾਤ  ਮਨ ਕੇ ਬ੍ਰਿਤ ਤਿਨ ਸੋ ਗਏ ॥੪੭॥ ਦੋਹਰਾ ॥ ਰਹੇ ਨ ਮਨ ਮੌ ਕਾਮਨਾਂ  ਆਰੰਭ ਕਰੇ ਕੋ ਨਾਂਹਿ ॥ ਗਿਆਂਨ ਅਗਨ ਚਿਤਵਨ ਜਲੈ  ਅਰੰਭ ਬ੍ਰਿਤ ਸਭ ਦਾਂਹਿ ॥੪੮॥ ਦੋਹਰਾ ॥ ਗਿਆਨੀਸਰ ਜੋ ਪੁਰਖ ਹੈ  ਪੰਡਿਤ ਕਹੀਐ ਸੋਇ ॥ ਤਿਸ ਕੇ ਲਛਨ ਅਬ ਕਹੌ  ਜੈਸਾ ਗਿਆਨੀ ਹੋਇ ॥੪੯॥ ਮੰਗਲ ਛੰਦ ॥ ਯਿਉ ਗਿਆਂਨਵਾਂਨ ਵਰਤੰਤ ॥ ਤਿਸ ਬ੍ਰਹਮ ਕਾ ਹੈ ਮੰਤ ॥ ਸੰਸਾਰ ਕਰਮ ਤਿਆਗ ॥ ਰਹਿਆ ਗਿਆਂਨ ਹੀ ਸੌ ਪਾਗ ॥੫੦॥ ਗਿਆਂਨ ਅੰਮ੍ਰਿਤ ਨਾਮਾਂ ਜੋਇ ॥ ਪੀਉ ਅਘਾਇ ਰਹਿਆ ਸੋਇ ॥ ਕੋ ਆਸ ਮਨ ਮੋਂ ਨਾਂਹਿ ॥ ਮੁਝ ਬਾਝ ਅਵਰ ਨ ਚਾਹਿ ॥੫੧॥ ਬੀਆ ਆਸਰਾ ਨਾਂ ਕਰੇਂ ॥ ਮੁਝ ਆਸਰਾ ਮਨ ਧਰੇ ॥ ਐਸਾ ਜੋ ਵਰਤੇ ਕੋਇ ॥ ਤਿਸ ਲੇਪ ਨਾਂ ਕੁਛ ਹੋਇ ॥੫੨॥ ਬਾਂਛਾ ਨ ਰਾਖੈ ਚਿਤ ॥

ਨਿਰਬਾਂਛ ਹੈ ਵਹਿ ਨਿਤ ॥ ਸੰਸਾਰ ਬਿਖਿਆਂ ਮਾਂਹਿ ॥ ਮਨ ਵਰਜ ਰਾਖਿਓ ਤਾਹਿ ॥੫੩॥ ਸੰਚਾ ਨ ਕਰਤਾ ਕੋਇ ॥ ਬਪ ਮਾਂਝ ਵਰਤੇ ਸੋਇ ॥ ਤਿਸ ਲੇਪ ਕਰਮ ਨ ਹੋਇ ॥ ਮਨ ਬਰਤ ਦੀਨੇ ਖੋਇ ॥੫੪॥ ਜਬ ਛਾਦਨ ਭੋਜਨ ਹੋਇ ॥ ਸੋ ਕਿਰਤ ਕਰਤਾ ਸੋਇ ॥ ਤਿਸ ਲੇਪ ਕਰਮ ਨ ਹੋਇ ॥ ਮਨ ਬਰਤ ਦੀਨੇ ਖੋਇ ॥੫੫॥ ਅਜਤਨ ਜੋ ਕਿਛੁ ਆਇ ॥ ਤਿਸ ਮਾਂਹਿ ਵਹੁ ਵਰਤਾਂਇ ॥ ਸੰਤੁਸਟ ਤਿਸ ਮੈ ਹੋਇ ॥ ਹਰਖ ਸੋਗ ਕਰੈ ਨ ਕੋਇ ॥੫੬॥ ਜੋ ਭਲੀ ਵਸਤ ਆ ਮਿਲੈ ॥ ਤਿਸ ਹਰਖ ਨਾਹੀ ਤਿਲੈ ॥ ਅਰ ਨੀਚ ਵਸਤੂ ਪਾਇ ॥ ਮਨ ਸੋਗ ਨਾਂ ਉਪਜਾਇ ॥੫੭॥ ਐਸਾ ਨਿਰਬੰਧਨ ਰਹੈ ॥ ਭਾਉ ਬੀਆ ਮਨ ਸੌ ਦਹੈ ॥ ਵਹੁ ਮੁਕਤ ਜਾਨੋ ਸਤ ॥ ਚਿਦ ਗਿਆਂਨ ਕੀ ਜਿਨ ਮਤ ॥੫੮॥ ਵਹੁ ਗਿਆਂਨ ਜਗ ਨਿਤ ਕਰੈ ॥ ਸਭ ਪਾਪ ਤਿਸ ਕੇ ਜਰੈ ॥ ਜਗ ਕਰੈ ਪੂਜੈ ਮੋਹਿ ॥ ਯਹਿ ਸਮਝਿਆ ਹੈ ਸੋਇ ॥੫੯॥ ਦੋਹਰਾ ॥ ਐਸਾ ਕਰਮ ਵਹੁ ਕਰਤ ਹੈ  ਬ੍ਰਹਮ ਸਮਾਧ ਲਗਾਇ ॥ ਉਸਤਤ ਐਸੇ ਪੁਰਖ ਕੀ  ਪੁਨ ਅਬ ਕਹੋ ਸੁਨਾਇ ॥੬੦॥ ਦੋਹਰਾ ॥ ਹੋਮ ਕਰੇ ਸੋ ਭੀ ਗੋਬਿੰਦ  ਅਗਨ ਇਸਥਾਨ ਗੋਬਿੰਦ ॥ ਖੀਰ ਆਦਿ ਜੋ ਅਰਪਈ ਸੋ ਭੀ ਸਭ ਗੋਬਿੰਦ ॥੬੧॥ ਦੋਹਰਾ ॥ ਰੂਖ ਜਲ ਸਭ ਬ੍ਰਹਮ ਹੈ ਦ੍ਰਿਸਟ ਅਦ੍ਰਿਸਟ ਸਭ ਬ੍ਰਹਮ ॥ ਜੋ ਦੀਸੇ ਸੋ ਬ੍ਰਹਮ ਹੈ  ਬ੍ਰਹਮ ਸਮਾਧ ਏਹ ਮਰਮ ॥੬੨॥ ਐਸਾ ਗਿਆਨੀ  ਸੰਤਜੋ ਸੋ ਹੈ ਮੇਰਾ ਰੂਪ ॥ ਇਤ ਪ੍ਰਕਾਰ ਜਿਨ ਸਮਝਿਆ  ਸੋ ਹੈ ਬ੍ਰਹਮ ਸਰੂਪ ॥੬੩॥ ਦੋਹਰਾ ॥ ਲਾਗੇ ਜਿਸੇ ਸਮਾਧੁ ਯਹਿ  ਸੋ ਬ੍ਰਹਮ ਜਾਨਿਓ ਮੀਤ ॥ ਜੋ ਦੀਸੈ ਸੋ ਬ੍ਰਹਮ ਹੈ  ਯਹਿ ਧਾਰੋ ਤੁਮ ਚੀਤ ॥੬੪॥ ਸੋਰਠਾ ॥ ਸੁਨ ਪਾਰਥ ਕੁਰਨੰਦ  ਹੋਰ ਬਿਧਿ ਜੋ ਪੂਜਤੇ ॥ ਜਿਸ ਜਾਨੈ ਆਨੰਦ  ਨਿਸਚੇ ਭਾਖੋ ਮੀਤ ਰੇ ॥੬੫॥ ਚੌਪਈ ॥ ਹੋਰ ਜਗ ਕਰਿ ਜੈਸੇ ਪੂਜੈ ॥ ਸੋ ਜੋਗੀਸਰ ਭਗਤ ਮੋ ਸੂਝੈ ॥ ਐਸੀ ਕਰੇ ਉਪਾਸਨਾ ਮੇਰੀ ॥ ਮੁਝ ਧਿਆਨ ਮੋ ਚਿਤ ਚਲ ਹੇਰੀ ॥੬੬॥ ਅਨਿਕ ਸੰਜਮ ਕਰਿ ਪੂਜਾ ਕਰਤੇ ॥  ਸੰਜਮ

ਅਗਨ ਮੈ ਇੰਦ੍ਰੀਆਂ ਜਰਤੇ ॥ ਹੋਮੇ ਇੰਦ੍ਰੀਆ ਸੰਜਮ ਮਾਂਹਿ ॥ ਨੇਮ ਬਰਤ ਸੌ ਪੂਜ ਕਰਾਹਿ ॥੬੭॥ ਏਕ ਪ੍ਰਾਨ ਅਪਾਨ ਅਰ ਇੰਦ੍ਰੀ ਧਰਮ ॥ ਹੋਮੇ ਆਤਮਾਂ ਅਗਨਿ ਮੈਂ ਕਰਮ ॥ ਪ੍ਰਾਣਾਯਾਮ ਕਰਿ ਮੁਝ ਕੌ ਜਜੈ ॥ ਮੇਰੇ ਧਿਆਨ ਮੈ ਨਿਸ ਦਿਨ ਰਜੈ ॥੬੮॥ ਏਕ ਮੁਝ ਕੌ ਦ੍ਰਬ ਜਗ ਕਰਿ ਪੁਜੈ ॥ ਦ੍ਰਬ ਜਗ ਅਰਥ ਐਸੇ ਬਿਧਿ ਸੂਝੈ ॥ ਦੇਹ ਧਾਰੀਓ ਪਰ ਦਇਆ ਵਹਿ ਕਰੈਂ ॥ ਭੋਜਨ ਬਸਤ੍ਰ ਤਿਨ ਆਗੇ ਧਰੈਂ ॥੬੯॥ ਮੀਠਾ ਬੋਲੈਂ ਪੱਖਾ ਕਰ ਫੇਰੈਂ ॥ ਇਤ ਪ੍ਰਕਾਰ ਮੁਝ ਕੌ ਵਹੁ ਹੇਰੈ ॥ ਏਕ ਪੂਜਾ ਮੁਝ ਪਾਠ ਕਰ ਕਰਤੇ ॥ ਬੇਦ ਰੁਚਾ ਅਸਤੋਤ੍ਰ ਪੜਤੇ ॥੭੦॥ ਸਹੰਸ੍ਰ ਸੀਰਖਾ ਅਉਰ ਪੁਰਾਨ ॥ ਅਉਰ ਸਕਲ ਮੋ ਕਰੇ ਬਖਾਂਨ ॥ ਐਸੇ ਪੂਜੇ ਮੇਰੇ ਤਾਂਈਂ ॥ ਜੋ ਚਿਤਵੇਂ ਸੋਈ ਫਲ ਪਾਈਂ ॥ ੭੧॥ ਪੂਜੈਂ ਏਕ ਮੁਝ ਅਉਰ ਪ੍ਰਕਾਰ ॥ ਮੇਰੇ ਨਾਮ ਸੌ ਕਰੇ ਪਿਆਰ ॥ ਰਾਮ ਕਿਸਨ ਨਾਰਾਇਣ ਆਖੈਂ ॥ ਮੇਰੇ ਬਿਸਨਪਦ ਮੁਖ ਸੌ ਭਾਖੈ ॥੭੨॥ ਗਾਵੈ ਸਦਾ ਮਗਨ ਹੋ ਜਾਵੈ ॥ ਜੋ ਚਾਹੈ ਸੋਈ ਕਛੁ ਪਾਵੈ ॥ ਏਕ ਮੁਝ ਪੂਜਾ ਗਿਆਨ ਕਰਿ ਜਾਨੈ ॥ ਕਥਾ ਭਾਗਵਤ ਨਿਤ ਬਖਾਨੈ ॥੭੩॥ ਗੋਸਟ ਕਰੇਂ ਸਾਧੋ ਕੇ ਸਾਥ ॥ ਭਗਵਤ ਬਚਨ ਕੀ ਆਖੈ ਗਾਥ ॥ ਜੋ ਵਹੁ ਕਹੂੰ ਸਾਧਨਾ ਪਾਵੈ ॥ ਮਨ ਮੋ ਪੜ ਪੜ ਮਗਨ ਹੋ ਜਾਵੈ ॥੭੪॥ ਗਿਆਂਨ ਜਗ ਹੈ ਇਸ ਕਾ ਨਾਂਮ ॥ ਗਿਆਨ ਕਰੈਂ ਪਾਵੈ ਆਰਾਮ ॥ ਏਕ ਮੋ ਪੂਜੈ ਮਨ ਕੇ ਮਾਹਿ ॥ ਭਾਖੈ ਰਾਮ ਸਭੀ ਕਛੁ ਆਂਹਿ ॥੭੫॥ ਪੂਜਾ ਏਕ ਬਰਤੋ ਸੋ ਕਰੈਂ ॥ ਤਿਨ ਕੇ ਪਾਪ ਬਰਤੌਂ ਮੈ ਟਰੈਂ ॥ ਏਕ ਅਪਾਨ ਪ੍ਰਾਨ ਮੈ ਹੋਵੈ ॥ ਦੋਨੋ ਜੋੜ ਪਾਪ ਮਲ ਧੋਵੈ ॥੭੬॥ ਸਭ ਪ੍ਰਕਾਰ ਕੇ ਤੂ ਜਗ ਜਾਂਨ ॥ ਮੇਰੇ ਨਿਮਿਤ ਸਭ ਜਗ ਕਰਾਂਨ ॥ ਜਾਨੋ ਸਭ ਜਗੋਂ ਕੋ ਆਪ ॥ ਤਿਹ ਜਗੋਂ ਕਾ ਕਹੌਂ ਪ੍ਰਤਾਪ ॥੭੭॥ ਯਹਿ ਸਭ ਜਗ ਮੁਕਤਿ ਕੇ ਦਾਤੇ ॥ ਅਕਾਂਮ ਜਗ ਕਰਿ ਮੁਝ ਸਮਾਤੇ ॥ ਜੋ ਪ੍ਰਾਨੀ ਕਰਤੇ ਜਗ ਭਾਈ ॥ ਜਨਮੋ ਕੇ ਪਾਪੋ ਕੋ ਦਾਹੀ ॥੭੮॥ ਜਬ ਲਗ ਜੀਵੈ ਜਗ ਕੇ ਮਾਹਿ ॥ ਤਿਨ ਕਾ ਜੀਵਨ ਅੰਮ੍ਰਿਤ

ਆਹਿ ॥ ਮੇਰੀ ਭਗਤਿ ਨਿਮਿਤ ਵਹੁ ਜੀਵੈ ॥ ਮੁਝ ਪੂਜਾ ਕਰਿ ਅੰਮ੍ਰਿਤ ਪੀਵੈ ॥ ਮੁਝ ਇਸਥਾਨ ਮੈ ਪ੍ਰਾਪਤ ਹੋਵੈ ॥ ਬ੍ਰਹਮ ਜਾਨ ਸਭ ਅਪਦਾ ਖੋਵੈ ॥੭੯॥ ਦੋਹਰਾ ॥ ਜੋ ਪੂਜਾ ਮੁਝ ਨਾ ਕਰੇ ਤਿਨ ਕੋ ਕਿਆ ਸੁਖ ਹੋਇ ॥ ਇਤ ਲੋਕ ਦੁਖ ਪਾਇ ਕੈ ਆਗੇ ਚਲੇ ਪਤਿ ਖੋਇ ॥੮੦॥ ਸੋਰਠਾ ॥ ਬਹੁ ਪ੍ਰਕਾਰ ਕੇ ਜਗ ਜੈਸੇ ਪਾਰਥ ਮੈਂ ਕਹੇ ॥ ਬ੍ਰਹਮਾ ਕਹਿਓ ਇਹੁ ਤਬ ਆਦਿ ਕਲਪ ਜਬ ਉਪਜਿਓ ॥੮੧॥ ਦੋਹਰਾ ॥ ਏਤੇ ਮੈ ਜੋ ਜਗ ਕਹੇ ਜਿਸ ਕਰ ਮੁਝ ਕੌ ਜਜੇ ॥ ਤਿਨ ਕਾ ਫਲ ਭੀ ਏਕ ਹੈ ਸੋ ਸਰੂਪ ਮੈ ਰਚੇ ॥੮੨॥ ਦੋਹਰਾ ॥ ਗਿਆਨ ਸਭੂ ਤੇਂ ਸ੍ਰੇਸ਼ਟ ਹੈ ਸੋ ਤੁਮ ਧਾਰੋ ਮੀਤ ॥ ਗਿਆਨ ਜਗ ਅਤਿ ਨਿਰਮਲਾ ਪਾਰਥ ਧਰਹੋ ਚੀਤ ॥੮੩॥ ਦੋਹਰਾ ॥ ਗਿਆਂਨ ਜਗ ਇਸ ਆਖੀਐ ਜਾਂਨੇਂ ਸਭ ਹੀ ਰਾਮ ॥ ਜੋ ਕਛੁ ਦ੍ਰਿਸਟੀ ਆਵਤਾ ਸਭ ਕੇ ਮਧ ਬਿਸ੍ਰਾਮ ॥੮੪॥ ਦੋਹਰਾ ॥ ਸਭ ਜਗ ਗਿਆਨ ਨਿਮਿਤ ਹੈ ਗਿਆਨ ਮੁਕਤਿ ਹੈ ਸੋਇ ॥ ਪੂਰਨ ਜਗ ਯਹਿ ਗਿਆਨ ਹੈ ਸਭ ਪਾਛੈ ਇਸ ਹੋਇ ॥੮੫॥ ਸੋਰਠਾ ॥ ਜਿਸ ਨੇ ਧਾਰਿਆ ਗਿਆਨ ਸਗਲ ਜਗ ਤਿਸ ਤੇਂ ਰਹੇ ॥ ਹੇ ਅਰਜਨ ਯਿਓ ਜਾਂਨ ਗਿਆਨ ਜਗ ਹੈ ਮੁਕਤਿ ਰੂਪ ॥੮੬॥ ਸੋਰਠਾ ॥ ਜਬ ਗਿਆਂਨ ਉਪਜਿਓ ਮੀਤ ਸਗਲ ਕਰਮ ਤਬ ਛੁਟ ਗਏ ॥ ਇਹ ਰਾਖੋ ਤੁਮ ਚੀਤ ਜੈਸੇ ਮੈ ਅਬ ਭਾਖ ਹੋਂ ॥੮੭॥ ਕਵਿਤ ॥ ਜੈਸੇ ਕੂਏ ਖੋਦਨ ਨਿਮਿਤ ਆਇਧ ਪਕੜ ਲੀਏ ਤੋਇ ਆਇਓ ਦ੍ਰਿਸਟਿ ਮਾਂਹਿ ਆਇਧ ਛਾਡਿ ਦੀਓ ਹੈ ॥ ਤੈਸੇ ਗਿਆਨ ਕਾਰਨ ਅਨੇਕ ਕਰਮ ਜੀਓ ਕਰੇ ਗਿਆਨ ਜਬ ਪ੍ਰਕਾਸਿਓ ਸਭ ਕਰਮ ਬੰਧ ਗਇਓ ਹੈ ॥ ਓਹਿ ਬ੍ਰਹਮ ਚਿਦਾਨੰਦ ਸੁਪਨੈ ਮੈ ਜੀਉ ਭਇਆ ਅਪਨੇ ਬਿਬਚਾਰ ਤੇ ਆਪੁ ਖੇਦ ਲੀਓ ਹੈ ॥ ਸਤ ਚਿਤ ਆਨੰਦ ਅਦੁਤੀ ਏਕ ਬ੍ਰਹਮ ਰੂਪ ਸੁਪਨੇ ਸੌ ਜਾਗ ਗਿਆਨ ਅੰਮ੍ਰਿਤ ਜਿਹ ਪੀਓ ਹੈ ॥੮੮॥ ਚੌਪਈ ॥ ਜਿਨ ਮੋਹ ਚੇਤਨ ਪਾਇਆ ਗਿਆਂਨ ॥ ਤਿਸ ਕੋ ਬ੍ਰਹਮ ਅਰਜਨ ਤੂੰ ਜਾਨ ॥ ਆਗੇ ਜੇ ਕੋ ਉਸ

ਤੇਂ ਲੇਵੇ ॥ ਓਹੁ ਗਿਆਨੀ ਉਸ ਕੈਸੇ ਦੇਵੈ ॥੮੯॥ ਦੋਨੋ ਜੁਗਤ ਕਹੌ ਤੁਝ ਮਾਂਹਿ ॥ ਤੂੰ ਮੇਰਾ ਅਤਿ ਪਿਆਰਾ ਆਂਹਿ ॥ ਲੇਨਹਾਰ ਪੁਰਖ ਜੇ ਹੋਇ ॥ ਨਮਾਮਿ ਕਰੇ ਗਿਆਨੀ ਕੌ ਸੋਇ ॥੯੦॥ ਹਾਥ ਜੋੜ ਕਰੇ ਅਰਦਾਸ ॥ ਮੈ ਸੇਵਕ ਆਇਆ ਤੁਮ ਪਾਸ ॥ ਹੇ ਗੋਪਾਲ ਜੀ ਦੀਨ ਦੈਆਲ ॥ ਹੇ ਗੋਬਿੰਦ ਸਦਾ ਕਿਰਪਾਲ ॥੯੧॥ ਕ੍ਰਿਪਾ ਕਰਿ ਮੁਝੇ ਗਿਆਨੁ ਸੁਨਾਵਹੁ ॥ ਮੇਰੇ ਮਨ ਕੀ ਚਿੰਤ ਮਿਟਾਵਹੁ ॥ ਏਤੀ ਅਰਦਾਸ ਸੇਵਕ ਜਬ ਕਰੈ ॥ ਬਿਨਤੀ ਕਰਿ ਤਿਸ ਪਾਇਨ ਪਰੈ ॥੯੨॥ ਆਗੇ ਗੁਰ ਗਿਆਨੀ ਕੀ ਬਾਤ ॥ ਤਿਸ ਕੀ ਬੁਧ ਸੁਨੋ ਰੇ ਤਾਤ ॥ ਪ੍ਰਸੰਨ ਹੋਇ ਕਹੈ ਬਹੁ ਭਲਾ ॥ ਧਨ ਸੇਵਕ ਤੁਧ ਕੁਲ ਸਭ ਭਲਾ ॥੯੩॥ ਮੁਝ ਪਰ ਬਹੁ ਤੁਮ ਕ੍ਰਿਪਾ ਕਰੀ ॥ ਤੁਮ ਪ੍ਰਸਾਦਿ ਗਾਵੌ ਮੈ ਹਰੀ ॥ ਅਦ੍ਵੈਤ ਮਹਿਮਾ ਮੁਝ ਭਾਖਨ ਲਾਗੇ ॥ ਕਹਤੇ ਸੁਨਤੇ ਸੋ ਬਡਭਾਗੇ ॥੯੪॥ ਮੇਰੇ ਜਾਨਨ ਕਾ ਜੋ ਗਿਆਂਨ ॥ ਜਿਨ ਪਾਇਓ ਸੋ ਬ੍ਰਹਮ ਪਛਾਂਨ ॥ ਮੋਹੁ ਨ ਸਕੈ ਮਾਇਆ ਤਿਸ ਨਰ ਕੌ ॥ ਫੁਨ ਜਾਨੇ ਵਹੁ ਆਤਮ ਪੁਰ ਕੌ ॥੯੫॥ ਹੇ ਪਾਂਡਵ ਸੋ ਇਹੀ ਗਿਆਂਨ ॥ ਸਰਬ ਮਧਿ ਮੁਝ ਹੀ ਕੌ ਜਾਨ ॥ ਸਰਬ ਮਾਹਿ ਤੂ ਆਤਮ ਪੇਖੇ ॥ ਅਪਨੇ ਮਧਿ ਭੀ ਆਤਮ ਦੇ ਪੇਖੇ ॥੯੬॥

## ਟੀਕਾਕਾਰਵਾਚ ॥

ਸ੍ਵੈਯਾ ॥ ਜੀਅਨ ਮੈ ਜਲ ਮੈ ਥਲ ਮੈ  ਸਭ ਰੂਪਨ ਮੈ ਅਰ ਭੂਪਨ ਮਾਂਹੀ ॥ ਪਾਵਕ ਮੈਂ ਅਰ ਪਉਨ ਹੂੰ ਮੈ  ਪ੍ਰਿਥਵੀ ਥਲ ਮੈ ਕਹੌ ਕਹੂ ਨਾਂਹੀਂ ॥ ਸੂਰਜ ਮੈਂ ਸਸ ਮੈਂ ਨਭ ਮੈਂ  ਚਿਤ ਲਾਇ ਹਿਰੋ ਚਿਤ ਲਾਇ ਤਹਾਂ ਹੀ ॥ ਬਿਆਪਕ ਹੈ ਸਭੁਹੂੰ ਕੇ ਬਿਖੈ  ਕਛੁ ਪਾਹਨ ਮੈਂ ਪਰਮੇਸਰ ਨਾਹੀ ॥੯੭॥

## ਸ਼੍ਰੀ ਭਗਵਾਨੋਵਾਚ ॥

ਚੌਪਈ ॥ ਮੇਰਾ ਇਹ ਸਰੂਪ ਜਿਸ ਪਾਇਆ ॥ ਤਸ ਕਾ ਫਲ ਅਬ ਆਗੇ ਗਾਇਆ ॥ ਜਿਨਹੂੰ ਬਾਸਦੇਵ ਪਹਿਚਾਨਾ ॥ ਤਿਸ ਕਾ ਰਿਦਾ

ਅਦ੍ਵੈਤ ਸੋ ਮਾਨਾ ॥੯੮॥ ਜਦਪ ਤਿਨ ਬਪੁ ਮੌ ਅਘ ਕੀਏ ॥ ਪਾਪ ਕਮਾਇ ਅਰ ਪਾਪ ਹੀ ਲੀਏ ॥ ਪਾਪੋ ਕੀ ਮੂਰਤਿ ਹੋਇ ਰਹਾ ॥ ਫੇਰ ਮੇਰਾ ਜਾਨਨ ਤਿਸ ਲਹਾ ।੯੯॥ ਸੋ ਮੇਰੇ ਜਾਨਨ ਪ੍ਰਸਾਦ ॥ ਸਗਲ ਪਾਪ ਤਿਸ ਜਾਵਨ ਛਾਡ ॥ ਗਿਆਨ ਨਾਮ ਨਉਕਾ ਕੇ ਮਾਂਹਿ ॥ ਚੜ ਕਰਿ ਪਾਪ ਸਭ ਤਰਤਾ ਜਾਇ ॥੧੦੦॥ ਗਿਆਨ ਪ੍ਰਸਾਦਿ ਮੁਕਤ ਓਹੁ ਭਇਓ ॥ ਜਨਮ ਜਨਮ ਕੇ ਕਰਮ ਤਿਨ ਦਹਿਓ ॥ ਜਲ ਗਏ ਬ੍ਰਹਮ ਅਗਨ ਮੈ ਕਰਮ ॥ ਸੁਵਿਚਾਰ ਤੇ ਨਾਸੇ ਭਰਮ ॥੧੦੧॥ ਜਿਉ ਕਾਸਟ ਕੌ ਅਗਨ ਜਲਾਵੈ ॥ ਤਿਉ ਹੀ ਗਿਆਨ ਸੌ ਪਾਪ ਮਿਟ ਜਾਵੈ ॥ ਗਿਆਨ ਤੁਲ ਦੂਜਾ ਕੋ ਨਾਂਹਿ ॥ ਗਿਆਨ ਹੋਇ ਆਪ ਕੌ ਪਾਂਹਿ ॥ ਪਵਿਤ੍ਰ ਗਿਆਂਨ ਕੇ ਸਮ ਕਿਆ ਕਹੀਐ ॥ ਗਿਆਂਨ ਤੁਲ ਪਰਮੇਸਰ ਲਹੀਐ ॥੧੦੨॥ ਸੋਰਠਾ ॥ ਗਿਆਂਨ ਪਾਵਨ ਕੀ ਬਾਤ ਪਾਰਥ ਤੁਝ ਕੌ ਕਹਤ ਹੌ ॥ ਮਨ ਜੋੜੇ ਮੁਝ ਸਾਥ ਜੋਗੀ ਤਿਸ ਕਾ ਨਾਮ ਹੈ ॥੧੦੩॥ ਛੰਦ ॥ ਐਸਾ ਜੋਗੀ ਮੀਤ ਕਰੇ ਹੈ ਸਿਮਰਨ ਮੇਰਾ ॥ ਸਿੰਮਰਨ ਉਪਜਿਉ ਗਿਆਨ ਬਿਨਾਸਿਓ ਜਿਅ ਤਿਮ੍ਰ ਅੰਧੇਰਾ ॥ ਏਕ ਬਾਰ ਕੇ ਸਿਮਰੇ ਮੇਰਾ ਗਿਆਨ ਨ ਉਪਜੇ ॥ ਬਹੁਤ ਕਾਲ ਮੁਝ ਸੇਵ ਗਿਆਨ ਹਿਰਦੇ ਤਬ ਨਿਪਜੈ ॥ ਅਬ ਜਿਸ ਕਰਿ ਗਿਆਨ ਮਨ ਆਵੈ ਸੋਈ ਕਹੋ ਪ੍ਰਸਿਧ ॥ ਮੁਖ ਸੁਨਨੇ ਸਰਧਾ ਕਰੈ ਵਰਨੀ ਜੈਸੀ ਬਿਧਿ ॥੧੦੪॥ ਚੌਪਈ ॥ ਮਨ ਚਿਤਵਨ ਤੇ ਵਰਜ ਕਰਿ ਰਾਖੈ ॥ ਪ੍ਰੇਮ ਭਗਤਿ ਕਾ ਅੰਮ੍ਰਿਤ ਚਾਖੈ ॥ ਇੰਦ੍ਰੀ ਵਰਜੇ ਬਿਖਿਓ ਮਾਂਹੀ ॥ ਤਿਸ ਕੌ ਗਿਆਨ ਪ੍ਰਾਪਤ ਆਹੀ ॥੧੦੫॥ ਜਿਸ ਨਰ ਐਸਾ ਗਿਆਨ ਮਨ ਧਾਰਾ ॥ ਤਿਸ ਕੀ ਗਤਿ ਸੁਨ ਪਾਰਥ ਪਿਆਰਾ ॥ ਅਰ ਬਹੁ ਸੁਖ ਤਿਸੇ ਪ੍ਰਾਪਤ ਹੋਇ ॥ ਗਿਆਂਨ ਧਾਰਨ ਤੇ ਆਤਮ ਸੋਇ ॥੧੦੬॥ ਤ੍ਰਿਗੁਨਮੈ ਜੋ ਮੇਰੀ ਮਾਇਆ ॥ ਤਿਸ ਕੋ ਤਰ ਮੁਝ ਮਾਂਹਿ ਸਮਾਇਆ ॥ ਸਭ ਤਰੰਗ ਤਿਸ ਕੇ ਮਿਟ ਗਏ ॥ ਤਬ ਗਿਆਨੀ ਮੁਕਤ ਵਹੁ ਭਏ ॥੧੦੭॥ ਢੀਲ ਨ ਲਾਗੈ ਮੇਰੇ ਗਿਆਂਨ ॥ ਸੁਨਤੇ ਹੀ ਗਿਆਨ

ਕੋ ਪਾਂਨ ॥ ਜਬ ਵਹੁ ਸੁਨੇ ਅਰੁ ਪ੍ਰੀਤਿ ਲਗਾਇ ॥ ਤਤਕਾਲ ਮੁਕਤਿ ਸੁਖ ਪਾਇ ॥੧੦੮॥ ਜੇ ਕੋ ਹੋਵੈ ਮੂਰਖ ਅਗ ॥ ਤਿਸ ਕੇ ਅੰਤਰ ਪ੍ਰੀਤ ਨ ਤਗ ॥ ਚਿੰਤਾ ਹੀ ਮੈ ਮਗਨ ਵਹੁ ਰਹੇ ॥ ਮੇਰੇ ਬਿਖੇ ਸੰਦੇਹ ਵਹੁ ਕਹੇ ॥੧੦੯॥ ਕਿਆ ਜਾਨੈ ਪਰਮੇਸਰ ਕਹਾਂ ॥ ਕਿਸੇ ਨ ਪਾਇਆ ਮੈ ਕਿਆ ਲਹਾਂ ॥ ਜਿਨ ਕੀ ਐਸੀ ਬੁਧ ਮਲੀਨ ॥ ਤਿਨ ਕਾ ਫਲ ਤਿਨ ਹਿਰਦੈ ਚੀਨ ॥੧੧੦॥ ਤਿਨ ਕੌ ਦੋਨੋ ਲੋਕ ਸੁਖ ਨਾਂਹੀ ॥ ਦੁਖੀ ਰਹੈ ਅਰ ਬਹੁ ਪਛੁਤਾਂਹੀ ॥ ਜੋ ਸਰੂਪ ਅਪਨੇਂ ਤੇਂ ਭੂਲੈ ॥ ਮਿਰਤ ਭਏ ਵਹੁ ਜਮਪੁਰ ਝੂਲੈ ॥੧੧੧॥

ਟੀਕਾਕਾਰਵਾਚ ॥

ਚੌਪਈ ॥ ਮਿਰਤ ਅਰਥ ਅਬ ਟੀਕਾਕਾਰ ॥ ਐਸੀ ਬਿਧ ਅਬ ਕਹੈ ਬੀਚਾਰ ॥ ਸੁਖ ਸਰੂਪ ਹੈ ਬਪ ਕੇ ਮਾਂਹਿ ॥ ਸਦਾ ਅਕਾਲ ਨਿਤ ਵਹਿ ਆਂਹਿ ॥੧੧੨॥ ਦੇਹ ਸਾਜ ਮਾਇਆ ਸੰਗ ਰਚੈ ॥ ਇੰਦ੍ਰੀ ਕੇ ਭੋਗੋ ਮੈ ਪਚੈ ॥ ਕਹੇ ਬਪ ਮੈ ਅਰ ਬਰਨ ਆਸ਼੍ਰਮ ॥ ਯਹਿ ਕਹਨਾਂ ਹੈ ਮ੍ਰਿਤ ਕਾ ਧਰਮ ॥੧੧੩॥ ਆਪ ਤੇ ਭੂਲ ਦੇਹ ਹੀ ਮਾਨੈ ॥ ਯਹੀ ਮ੍ਰਿਤ ਬਿਬੇਕੀ ਜਾਨੈ ॥ ਜਿਸ ਕੋ ਉਪਜੈ ਬ੍ਰਹਮ ਗਿਆਂਨ ॥ ਅਦ੍ਵੈਤ ਬ੍ਰਹਮ ਨਿਸਚੈ ਤਿਹਂ ਮਾਂਨ ॥੧੧੪॥ ਅਨੰਦ ਸਰੂਪ ਅਪਨਾ ਉਸ ਪਾਇਆ ॥ ਯਹੀ ਅੰਮ੍ਰਿਤ ਬੇਦੋ ਨੇ ਗਾਇਆ ॥ ਗੋਬਿੰਦ ਬਾਝ ਅਵਰ ਕਛੁ ਜਾਨੇ ॥ ਸੋਈ ਮ੍ਰਿਤ ਬਿਬੇਕੀ ਮਾਨੇ ॥੧੧੫॥ ਤਾਤੇ ਸਭ ਕਛੁ ਗੋਬਿੰਦ ਜਾਨੌ ॥ ਸਭੁ ਕਛੁ ਏਕ ਬ੍ਰਹਮ ਹੀ ਮਾਨੌ ॥ ਅਜਾਤ ਅਨਾਂਮ ਅਰੂਪ ਅਨੂਪ ॥ ਜਬ ਚਿਤਵੈ ਤਬ ਧਰੈ ਸਰੂਪ ॥ ਰੂਪ ਧਾਰ ਨਾਨਾ ਬਿਧਿ ਹੋਵੈ ॥ ਰੂਪ ਤਿਆਗੈ ਤਬ ਸੁਖ ਸੋਵੈ ॥੧੧੬॥ ਸ਼੍ਰੀ ਭਗਵਾਨੋਵਾਚ ॥ ਦੋਹਰਾ ॥ ਮੁਝ ਕੌ ਜਜੈ ਗਿਆਨ ਸੋ ਜਾਨੈ ਮਨ ਕੇ ਮਾਹਿ ॥ ਮੇਰੇ ਸਿਮਰਨ ਜੋ ਜੁੜੇ ਉਸਤਤਿ ਤਿਸ ਅਬ ਗਾਂਹਿ ॥੧੧੭॥ ਦੋਹਰਾ ॥ ਜਿਸ ਕਾ ਮਨ ਮੁਝ ਭਜਨ ਮੈਂ ਜੁੜਿਆ ਦਿਨ ਅਰ ਰਾਤ ॥ ਲੀਨ ਭਇਆ ਉਹੁ ਮੁਝ ਬਿਖੇ ਸੁਨਹੋ ਅਰਜਨ ਤਾਤ ॥੧੧੮॥ ਮਨ ਤੇਂ ਉਠਤੇ

ਸਗਲ ਕਰਮ ਸੋ ਮਨ ਮੁਝ ਮੈ ਲੀਨ ॥ ਕਟੇ ਕਰਮ ਤਿਸ ਜਨਮ ਕੇ ਜਿਹੰ ਯਿਹ ਨਿਹਚਾ ਕੀਨ ॥੧੧੯॥ ਦੋਹਰਾ ॥ ਮੇਰੇ ਗਿਆਂਨ ਪ੍ਰਸਾਦ ਤੇ ਸੰਸਾ ਰਹੈ ਨ ਕੋਇ ॥ ਕਾਟੈ ਜੋਗ ਮੁਝ ਸਗਲ ਕਰਮ ਗਿਆਨ ਸੰਦੇਹ ਸਭ ਖੋਇ ॥੧੨੦॥ ਦੋਹਰਾ ॥ ਹੇ ਪਾਂਡਵ ਹੇ ਸਖੇ ਮੀਤ ਤੁਝ ਰਿਦ ਸੰਸੇ ਮਾਂਹਿ ॥ ਸਭ ਸੰਦੇਹ ਤੁਝ ਰਿਦੈ ਮੈ ਅਗਿਆਂਨ ਹੀ ਤੇ ਆਹਿ ॥੧੨੧॥ ਗਿਆਨ ਖੜਗ ਕਰਿ ਪਕੜ ਕੈ ਸਭ ਸੰਦੇਹ ਕਟ ਡਾਰ ॥ ਐਸੇ ਗਿਆਂਨ ਕੀ ਅਗਨ ਸੌ ਅਘ ਬਨ ਕੌ ਤੂੰ ਜਾਰ ॥ ਲਾਭ ਅਲਾਭ ਤਿਆਗ ਕੈ ਤੂ ਜੁਧ ਕਰ ਹੇ ਮੀਤ ॥ ਕਲਿਆਂਨ ਤੇਰਾ ਹੈ ਇਸੀ ਮੌ ਦ੍ਰਿੜ ਕਰਿ ਰਾਖੋ ਚੀਤ ॥੧੨੩॥

ਟੀਕਾਕਾਰਵਾਚ ॥

ਸੋਰਠਾ ॥ ਏਤੇ ਬਚਨ ਭਗਵਾਨ ਜਬ ਪਾਰਥ ਪ੍ਰਤਿ ਕਹਿ ਰਹੇ ॥ ਸੁਨ ਕਰਿ ਕਹੇ ਬਖਾਨ ਪਾਰਥ ਕੇਸਵ ਰਾਇ ਸੋ ॥੧੨੪॥ ਚੌਪਈ ॥ ਚਤੁਰਥ ਧਿਆਉ ਗੀਤਾ ਕਾ ਮੀਤਾ ॥ ਜੋਸੰਬਾਦ ਮਾਧਵ ਜੂ ਕੀਤਾ ॥ ਬ੍ਰਹਮ ਬਾਤ ਸਭ ਤਿਸੈ ਬਖਾਂਨੀ ॥ ਜਿਨ ਕੇ ਭਾਗ ਤਿਨਹੂੰ ਨੇ ਜਾਂਨੀ ॥੧੨੫॥ ਜੇ ਕੌ ਸੁਨੈ ਅਰ ਮੰਨ ਵਸਾਵੈ ॥ ਈਹਾ ਸੁਖ ਆਗੈ ਜੈ ਪਾਵੈ ॥ ਆਗੈ ਪੀਛੈ ਏਕੋ ਬ੍ਰਹਮ ॥ ਬ੍ਰਹਮ ਪਹਚਾਂਨ ਕਾ ਏਹੋ ਮਰਮ ॥ ਬ੍ਰਹਮ ਮਾਂਹਿ ਬ੍ਰਹਮ ਹੋਇ ਰਹੈ ॥ ਜੇ ਕੋ ਧਾਰੇ ਸੁਨੇਂ ਅਰ ਕਹੇ ॥੧੨੬॥

ਇਤਿ ਸ਼੍ਰੀਮਦ੍ਭਗਵਤ ਗੀਤਾ–ਸੂਪਨਿਸ਼ਤ੍ਸੁ ਬ੍ਰਹਮਵਿਦਿਆਯਾਂ ਯੋਗ ਸਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉੱਤਰਖੰਡੇ ਸ਼੍ਰੀ ਗੋਬਿੰਦ ਸਿੰਘ ਕ੍ਰਿਤੇ ਗਿਆਨ ਕਰਮ ਸੰਨ੍ਯਾਸਯੋਗੋ ਨਾਮ ਚਤੁਰਥੋ ਧਿਆਇ ॥੪॥੫੦੫॥

## ਆਗੇ ਧਿਆਇ ਪੰਜਵਾ ਚਲਿਆ ॥

### ਅਰਜਨੋਵਾਚ ॥

ਦੋਹਰਾ ॥ ਹੇ ਮਾਧਵ ਤੁਮ ਕਹਤ ਹੋ  ਸਗਲੇ ਕਰਮ ਤਿਆਗ ॥ ਸੰਨਿਆਸੀ ਪਦ ਧਾਰ ਕੈ  ਆਤਮ ਮਾਹਿ ਨਿਤ ਲਾਗ ॥੧॥ ਦੋਹਰਾ ॥ ਬਹੁੜ ਕਹੋ ਉਠ ਜੁਧ ਕਰ  ਖਤ੍ਰੀ ਦੇਹ ਯਹਿ ਧਰਮ ॥ ਸਿਮ੍ਰਤ ਬਾਤੇਂ ਆਖ ਕੇ  ਮੋਹਿ ਉਪਜਾਵਹੁ ਭਰਮ ॥੨॥ ਸੋਰਠਾ ॥ ਨਿਸਚੇ ਕਰਿ ਇਕ ਬਾਤ  ਮਧਸੂਦਨ ਜੀ ਮੁਝ ਕਹੋ ॥ ਕਲਿਆਨ ਹੋਇ ਮੁਝ ਤਾਤ ਜਿਹ ਤੇ ਸੰਸਾ ਰਹੇ ਨਾਂ ॥  ॥੩॥ ਦੋਹਰਾ ॥ ਮਧਸੂਦਨ ਜੀ ਸੁਨਤ ਹੀ ਭਾਖੇ ਅਰਜਨ ਮਾਂਹਿ ॥ ਸੁਨ ਪਾਰਥ ਅਬ ਤੁਝ ਕਹੌ  ਜੈਸੇ ਨਿਸਚੇ ਆਹਿ ॥੪॥

### ਸ਼੍ਰੀ ਭਗਵਾਨੋਵਾਚ ॥

ਚੌਪਈ ॥ ਕਰਮ ਤਿਆਗ ਨਾਮ ਸੰਨਿਆਸ ॥ ਤਿਸ ਤੇ ਹੋਵੈ ਗਿਆਨ ਪ੍ਰਗਾਸ ॥ ਸਤ ਕਰਮ ਹੈ ਈਸਰ ਅਰਥ ॥ ਕਰਮ ਜੋਗ ਤਿਸ ਨਾਮ ਸਮਰਥ ॥੫॥ ਜੋਗ ਅਰਥ ਜੁੜਨੇ ਕਾ ਮੀਤ ॥ ਗਿਆਂਨ ਨਾਂਮ ਜਾਂਨ ਧਰ ਚੀਤ ॥ ਜਬ ਕੋ ਮਿਲੈ ਕਿਸੀ ਕੇ ਮਾਂਹਿ ॥ ਮਿਲਨ ਬਾਤ ਤਿਸ ਤੇਂ ਉਠ ਜਾਂਹਿ ॥੬॥ ਕਰਮ ਜੋਗ ਤੇ ਗਿਆਨ ਕੋ ਪਾਵੈ ॥ ਗਿਆਨ ਪਾਇ ਤਬ ਕਰਮ ਭੁਲਾਵੈ ॥ ਕਰਮ ਜੋਗ ਅਰ ਤਿਆਗ ਸੰਨਿਆਸ ॥ ਦੋਵੈ ਪਰਮ ਗਿਆਂਨ ਕੋ ਬਾਸ ॥੭॥ ਜਿਸ ਕੌ ਸਮਝ ਗਿਆਨ ਨਹੀ ਆਵੈ ॥ ਓਹੁ ਨਰ ਕਰਮ ਮਾਂਹਿ ਚਿਤ ਲਾਵੈ ॥ ਇਹ ਬਿਧਿ ਸਤ ਕਰਮ ਵਹੁ ਕਰੈ ॥ ਮੁਝ ਅਰਪੈ ਫਲ ਮਨ ਨਾਂ ਧਰੈ ॥੮॥ ਤਿਸ ਕੋ ਕਰਮ ਜੋਗ ਅਤਿ ਨੀਕਾ ॥ ਕਰਤੇ ਹੋਇ ਸੁਧ ਮਨ ਜੀਕਾ ॥ ਬਹੁੜ ਅਬ ਤਿਸ ਕੀ ਰਹਤ ਬਖਾਨੌ ॥ ਐਸੇ ਕੋ ਸੰਨਿਆਸੀ ਜਾਨੌ ॥੯॥ ਬੁਰੇ ਭਲੇ ਕਾ ਹਰਖ ਨ ਸੋਗ ॥ ਲਾਭ ਅਲਾਭ ਸਮ ਤਿਸ ਕੋ ਹੋਗ ॥ ਕੰਚਨ ਮਾਟੀ ਏਕ ਸਮਾਨ ॥ ਜਿਸ ਭਾਸੇ ਸੋ ਮੁਕਤਾ ਜਾਨ ॥੧੦॥

ਜੋਗ ਸਾਂਖ ਕਾ ਕਰੋ ਬੀਚਾਰ ॥ ਦੋਨੋ ਏਕ ਪਾਰਬ ਮਨ ਧਾਰ ॥ ਜਾਂਨਨ ਮਿਲਨ ਏਕ ਹੈ ਭਾਈ ॥ ਵਸਤ ਏਕ ਦੋ ਨਾਮ ਕਹਾਈ ॥੧੧॥ ਸਾਂਖ ਜੋਗ ॥ ਗੋਸਟਿ ਮੇਰੇ ਸਾਧੋ ਸੰਗ ਕਰੈ ॥ ਸਾਧ ਨਾ ਮਿਲੈ ਤਾ ਮਨ ਮੋ ਧਰੈ ॥ ਸਾਂਖ ਜੋਗ ਹੈ ਇਸ ਕਾ ਨਾਂਮ ॥ ਨਿਤ ਅਨਿਤ ਬੀਚਾਰ ਕਰਾਂਨ ॥੧੨॥ ਜੋਗ ਕਰਮ ॥ ਮੇਰੇ ਸਿਮਰਨ ਧਿਆਨ ਕੇ ਮਾਂਹਿ ॥ ਜੁੜੈ ਨਿਤ ਅਰ ਇਸਥਿਤ ਆਂਹਿ ॥ ਯਹੀ ਕਰਮ ਜੋਗ ਰਿਦ ਧਰੋ ॥ ਦੋਨੋ ਕੋ ਸਮ ਮਨ ਮੋ ਕਰੋ ॥੧੩॥ ਸਾਂਖ ਜੋਗ ਕੋ ਭਿੰਨ ਭਿੰਨ ਭਾਖੈ ॥ ਪੰਡਿਤ ਤਿਨ ਕੌ ਬਾਲਕ ਰਾਖੈ ॥ ਪੰਡਿਤ ਕਹੈ ਦੋਊ ਇਕ ਦੇਖੈ ॥ ਸਾਧਕ ਸਾਂਖ ਜੋਗ ਸਮ ਪੇਖੇ ॥੧੪॥ ਜਹਾਂ ਪ੍ਰਾਪਤ ਸਾਂਖ ਕੌ ਪਾਵੈ ॥ ਕਰਮ ਜੋਗੀ ਭੀ ਤਹਾਂ ਸਮਾਵੈ ॥ ਜਿਨ ਸਾਂਖ ਜੋਗ ਏਕ ਕਰਿ ਜਾਨਿਆ ॥ ਤਿਨ ਕਾ ਰਿਦਾ ਆਤਮ ਸੋ ਮਾਨਿਆ ॥੧੫॥ ਛੰਦ ॥ ਮੁਝ ਸਿਮਰਨ ਅਰ ਧਿਆਨ ਸਾਥ  ਜਬ ਲਗਿ ਨਹੀ ਜੁੜੈ ॥ ਤਬ ਲਗ ਮਾਇਆ ਜਗਤ ਸੋ  ਤਿਸ ਮਨ ਨਹੀ ਮੁੜੈ ॥ ਮਨ ਜੁੜਨੇ ਕੇ ਬਾਝ  ਤਿਆਗ ਸੋਭਾ ਨਹੀ ਪਾਵੈ ॥ ਕਠਨ ਹੋਵੈ ਤਿਸ ਤਿਆਗ  ਮਨ ਬਿਖਿਆ ਕੌ ਧਾਵੈ ॥੧੬॥ ਮੇਰੇ ਸਿਮਰਨ ਧਿਆਨ ਸਾਥ  ਜਿਸ ਕਾ ਮਨ ਜੁੜਿਆ ॥ ਜੁੜਨੇ ਕੇ ਪ੍ਰਸਾਦ  ਮਨ ਬਿਖਿਆ ਤੇਂ ਮੁੜਿਆ ॥ ਸੰਸਾਰ ਮਾਇਆ ਕੋ ਤਿਆਗ  ਬ੍ਰਹਮ ਮੈਂ ਵਹਿ ਮਿਲੈ ॥ ਸੁਖ ਮੈ ਮਗਨ ਹੋਇ ਜਾਇ  ਸੰਸੇ ਸਭ ਤਿਸ ਕੇ ਗਲੇ ॥ ਸਿਮਰਨ ਧਿਆਨ ਕੀ ਬਾਤ  ਯਹੀ ਮੈ ਕਹੀ ਸਤ ॥ ਅਬ ਸੁਨ ਅਰਜਨ ਮੀਤ  ਜੁਗਤ ਜੋਗੀ ਕੀ ਮਤ ॥੧੭॥ ਦੋਹਰਾ ॥ ਏਤੇ ਲਛਨ ਜਿਸ ਬਿਖੇ  ਸੋ ਜੋਗੀ ਮੁਝ ਜਾਂਨ ॥ ਮੇਰੇ ਸਾਥ ਜੋ ਜੁੜ ਰਹਿਆ ਅਰ ਮੇਰਾ ਜਿਸ ਗਿਆਨ ॥੧੮॥ ਦੋਹਰਾ ॥ ਮੇਰੇ ਜੋਗ ਪ੍ਰਸਾਦਿ ਤੇਂ ਮਿਟ ਗਏ ਮਨ ਕੇ ਰੋਗ ॥ ਹਿਰਦਾ ਤਿਸ ਕਾ ਸੁਧ ਭਇਆ ਨਿਹਚਲ ਹੈ ਤਿਸ ਜੋਗ ॥੧੯॥ ਦੋਹਰਾ ॥ ਜੈਸੇ ਮੈ ਹੋ ਆਤਮਾ  ਭੂਤੋ ਪ੍ਰਾਨੀਓ ਮਾਂਹਿ ॥ ਲੇਪ ਨ ਲਾਗੇ ਕਰਮ ਕਾ  ਮੁਝ ਬਪ ਕਰਮ ਕਰਾਹਿ ॥

ਦੋਹਰਾ ॥ ਤੈਸੀ ਹੀ ਵਹੁ ਕਰੇ ਕਰਮ ਲੇਪ ਨ ਲਾਗੇ ਤਾਹਿ ॥ ਯਹੀ ਬੀਚਾਰ ਬਿਚਾਰਕੇ ਮਨ ਕੇ ਸੰਸੇ ਦਾਹਿ ॥੨੧॥ ਛੰਦ ॥ ਦੇਖਨ ਸੁਨਨ ਸਪਰਸ ਸੂੰਘਨ ਬੋਲਨ ਜੋ ਕਹੀਐ ॥ ਪਲਕ ਫੁਰਨ ਅਰ ਸ੍ਵਾਸ ਲੈਨ ਗ੍ਰਿਹ ਤਿਆਗ ਜੋ ਲਹੀਐ ॥ ਮੀਟਨ ਖੋਲਨ ਨੈਨ ਅਰ ਪਾਛੇ ਜੋ ਕਹਿਆ ॥ ਵਰਤੇ ਇੰਦ੍ਰੀ ਕਰਮ ਸਭੀ ਤਤਵ ਤੇ ਰਹਿਆ ॥ ਜੋਗੀ ਐਸੇ ਕਹਹਿ ਇੰਦ੍ਰੀ ਤਤ ਗੁਣ ਮਿਲ ਵਰਤੇ ॥ ਮੈ ਸਾਖੀ ਸਭ ਮਾਹਿ ਕਰਮ ਮਿਲ ਕਰ ਏ ਕਰਤੇ ॥੨੨॥ ਚੌਪਈ ॥ ਇਤ ਪ੍ਰਕਾਰ ਵਹੁ ਬਪ ਭਿੰਨ ਜਾਨੈ ॥ ਕਰਮ ਲੇਪ ਆਪ ਮਾਂਹਿ ਨ ਮਾਨੈ ॥ ਨਿਰਲੇਪ ਬਪ ਮਾਂਹਿ ਜੋ ਰਹਤਾ ॥ ਨਿਸਦਿਨ ਵਹੁ ਆਤਮ ਹੀ ਕਹਤਾ ॥੨੩॥ ਤਿਸ ਕਾ ਚੇਤਾ ਮਨ ਕੇ ਮਾਂਹਿ ॥ ਮੁਝ ਬਿਤ੍ਰੇਕ ਕੋ ਦੇਖੇ ਨਾਂਹਿ ॥ ਤਿਸ ਕੇ ਦੇਹ ਕੀ ਯਹਿ ਗਤਿ ਜਾਨੋ ॥ ਬਸਤ੍ਰ ਰੀਤਿ ਦੇਹ ਤਿਸ ਮਾਨੋ ॥੨੪॥ ਜੈਸੇ ਬਸਤ੍ਰ ਅੰਗ ਲਗਾਏ ॥ ਭਿੰਨ ਦੇਹ ਬਸਤ੍ਰ ਸੌ ਪਾਏ ॥ ਬਸਤ੍ਰ ਨਿਆਈ ਦੇਹ ਤਿਸ ਧਰੇ ॥ ਬਸਤ੍ਰ ਜੁਗਤ ਬਪ ਭਿੰਨ ਕਰੇ ॥੨੫॥ ਬਪ ਕਰਮ ਤਿਸ ਲੇਪ ਨ ਲਾਗੈ ॥ ਕਮਲ ਦਿਸਟਾਂਤ ਕਹੋ ਅਬ ਆਗੈ ॥ ਜਲ ਤੇ ਨਿਆਰਾ ਕਮਲ ਜਿਉ ਅਹੈ ॥ ਤਿਉ ਨਿਆਰਾ ਵਹੁ ਬਪ ਮੈਂ ਰਹੈ ॥੨੬॥ ਦੋਹਰਾ ॥ ਜਿਸ ਮਨਸਾ ਮੁਝ ਮਿਲਨ ਕੀ ਤਿਸ ਕੀ ਸੁਨ ਅਬ ਬਾਤ ॥ ਮਨ ਇੰਦ੍ਰੀ ਅਰ ਬੁਧ ਸੋ ਕਰਮ ਨਿਹਕਾਂਮ ਕਮਾਤ ॥੨੭॥ ਸਤਿ ਕਰਮ ਜੋ ਨਿਤ ਕਰੇ ਅਰ ਅਰਪਨ ਮੇਰੇ ਮਾਂਹਿ ॥ ਆਤਮ ਹੀ ਸਭ ਜਾਨ ਕੈ ਮਨ ਬਾਂਛੈ ਕਛੁ ਨਾਂਹਿ ॥੨੮॥ ਦੋਹਰਾ ॥ ਅਪਨੇ ਅੰਤਹ ਸੁਧ ਕੋ ਸਤ ਕਰਮ ਨਿਤ ਕਰੇ ॥ ਕਰੇ ਸਮਰਪੈ ਵਹ ਮੁਝੇ ਫਲ ਤਿਸ ਚਿਤ ਨ ਧਰੇ ॥੨੯॥ ਦੋਹਰਾ ॥ ਤਿਸ ਕੌ ਨਿਸਚਲ ਸਾਂਤ ਸੁਖ ਪ੍ਰਾਪਤ ਮੁਝ ਤੇ ਹੋਇ ॥ ਸਕਾਮ ਕਰਮ ਜੋ ਕਰਤ ਹੈ ਕਰਮ ਬੰਧ ਤਿਸ ਹੋਇ ॥੩੦॥ ਦੋਹਰਾ ॥ ਜਿਨ ਇੰਦ੍ਰੀ ਕੇ ਸਗਲ ਕਰਮ ਅਰ ਮਨ ਕੀ ਚਿਤਵਨ ਜੋਇ ॥ ਸਗਲ ਤਿਆਗੇ ਰਿਦੇ ਤੇ ਸੋ ਸੰਨਿਆਸੀ ਹੋਇ ॥੩੧॥ ਦੋਹਰਾ ॥ ਸੰਨਿਆਸੀ

ਸੋ ਜਾਨੀਐ ਦੇਹ ਅਭਿਮਾਂਨ ਜਿਸ ਨਾਂਹਿ ॥ ਸਦਾ ਰਹੈ ਭਿੰਨ ਦੇਹ ਤੇ ਅਕ੍ਰੈ ਕਹੀਐ ਤਾਹਿ ॥੩੨॥ ਦੋਹਰਾ ॥ ਅਪਨੀ ਸੋਭਾ ਤੁਝ ਕਹੁ ਜਿਉ ਮੈਂ ਅਕ੍ਰੈ ਰੂਪ ॥ ਜੋ ਮੁਝ ਐਸਾ ਜਾਨਤਾ ਸੋ ਭੀ ਮੁਝੀ ਸਰੂਪ ॥੩੩॥ ਮੰਗਲ ਛੰਦ ॥ ਕਛੁ ਸੋਭਾ ਮੇਰੀ ਸੁਨ ॥ ਜੋ ਕਹੌ ਅਪਨੇ ਗੁਨ ॥ ਮੁਝ ਕਛੁ ਪ੍ਰਜੋਜਨ ਨਾਂਹਿ ॥ ਸੰਸਾਰ ਕੋ ਉਪਜਾਂਹਿ ॥੩੪॥ ਤਿਸ ਲੇਪ ਮੁਝ ਨਹੀ ਕੋਇ ॥ ਅਕ੍ਰੈ ਅਚਲ ਜਾਨੋ ਸੋਇ ॥ ਮੁਝ ਕਰਮ ਬੰਧਨ ਨਾਹਿ ॥ ਮੈ ਨਿਤ ਮੁਕਤ

ਹੀ ਆਹਿ ॥੩੫॥ ਸੰਸਾਰ ਉਤਪਤ ਜੋ ॥ ਪ੍ਰਿਤਪਾਲ ਤਿਨ ਜੋ ਹੋ ॥ ਯਹਿ ਮਾਇਆ ਮੇਰੀ ਕਰੇ ॥ ਸੁਭਾਵ ਤੇਂ ਜਗ ਧਰੇ ॥੩੬॥ ਜਿਉ ਕਰਿ ਕੰਨਿਆ ਕੁਵਾਰ ॥ ਗੁਡੀ ਸਾਥ ਤਿਸ ਹੈ ਪਿਆਰ ॥ ਤਿਉ ਸੰਸਾਰ ਐਸਾ ਜਾਂਨ ॥ ਵਹਿ ਖੇਲ ਮਾਇਆ ਜਾਨ ॥੩੭॥ ਹਉ ਨਿਰਲੇਪ ਨਿਆਰਾ ਰਹੋਂ ॥ ਨਿਰੰਜਨ ਰੂਪ ਅਪਨਾ ਲਹੌਂ ॥ ਮੈ ਨਾ ਕਰਾਵੌਂ ਪਾਪ ॥ ਪੁੰਨ ਨਾ ਕਰਾਵੌਂ ਆਪ ॥੩੮॥ ਜੀਉ ਅਛਾਦਿਆ ਅਗਿਆਨ ॥ ਵਹਿ ਮੋਹਿ ਰੂਪੀ ਜਾਂਨ ॥ ਵਹੁ ਕਹੇ ਕਰਮ ਹਮ ਕਰੇਂ ॥ ਨਿਰਲੇਪ ਚਿਤ ਨ ਧਰੇਂ ॥ ਤਿਨ ਭਾਂਤ ਮੈਂ ਨਹੀ ਮੀਤ ॥ ਨਿਰਲੇਪ ਮੇਰੀ ਰੀਤ ॥੩੯॥ ਦੋਹਰਾ ॥ ਕਰਨ ਕਰਾਵਨ ਮੁਝੀ ਕੌਂ ਜੋ ਐਸਾ ਮੁਝ ਜਾਂਨ ॥ ਇਸ ਜਾਨਨ ਕੇ ਸੰਗ ਤੇ ਨਾਸੇ ਤਿਸ ਅਗਿਆਂਨ ॥੪੦॥ ਜਿਉ ਰਵਿ ਕੋ ਹੈ ਚਾਂਦਨਾਂ ਅਪਨੇ ਚਾਦਨ ਮਾਂਹਿ ॥ ਤੈਸੇ ਗਿਆਨੀ ਗਿਆਨ ਤੇਂ ਮੁਕਤ ਰੂਪ ਹੀ ਆਂਹਿ ॥੪੧॥ ਕਵਿੱਤ ॥ ਬੁਧ ਨਿਹਚਾ ਗਿਆਨੀ ਕਾ ਸਦਾ ਰਹੈ ਮੇਰੇ ਮਾਂਹਿ ਮੇਰਾ ਹੀ ਨਾਮ ਜਾਪੈ ਮੇਰੀ ਭਾਖੈ ਮਹਿਮਾਂ ਜੀ ॥ ਮੇਰੀ ਹੀ ਨਿਹਚਾ ਕੀਈ ਤਿਸੇ ਗਿਆਨ ਅਗਨਿ ਭਈ ਉਸੀ ਅਗਨਿ ਸਾਥ ਸਗਲ ਪਾਪ ਘੋਰ ਦਹਿਮਾਂ ਜੀ ॥ ਮੇਰੇ ਅਬਿਨਾਸੀ ਪਦ ਪ੍ਰਾਪਤ ਵਹੁ ਹੋਇ ਰਹਿਆ ਜਗਤ ਸਭ ਅਨਿਤ ਮਿਥਿਆ ਤਿਨ ਮਨਿਮਾਂ ਜੀ ॥੪੨॥ ਚੌਪਈ ॥ ਐਸੀ ਦ੍ਰਿਸਟੀ ਤਿਸ ਨਰ ਕੀ ਭਈ ॥ ਜੋ ਆਗੈ ਮੈਂ ਬਹੁ ਬਿਧਿ ਕਹੀ ॥ ਜੈਸੇ

ਬ੍ਰਹਮਨ ਕਾ ਅਉਤਾਰ ॥ ਬਿਦਿਆ ਪੜਤਾ ਹੋਇ ਅਪਾਰ ॥੪੩॥ ਬ੍ਰਹਮਨ ਜਨਮ ਅਰ ਵਿਦਿਆ ਮਾਂਹਿ ॥ ਦੋਨੋਂ ਮੈਂ ਹੰਕਾਰੀ ਨਾਂਹਿ ॥ ਨਿਮਰ ਭੂਤ ਐਸਾ ਕੋ ਸਾਧੂ ॥ ਐਸਾ ਵਿਰਲਾ ਬਪ ਕੋ ਲਾਧੂ ॥੪੪॥ ਕੁੰਚਰ ਸ੍ਵਾਨ ਅਰ ਨੀਚ ਚੰਡਾਲ ॥ ਚਤੁਰਥ ਸੁਰਭੀ ਹੋਵਹਿ ਨਾਲ ॥ ਯਹਿ ਪਾਂਚੋ ਵਹਿ ਸਮ ਕਰ ਜਾਨੈ ॥ ਬਿਬੇਕੀ ਐਸਾ ਪੰਡਿਤ ਮਾਨੈ ॥੪੫॥ ਕਿਆ ਸਮਝ ਕਰਿ ਸਮ ਵਹਿ ਦੇਖੈ ॥ ਸਭਹੂੰ ਨਿਰੰਤ੍ਰ ਆਤਮ ਪੇਖੈ ॥ ਸਭ ਮੈ ਏਕੋ ਆਤਮ ਜਾਨੈ ॥ ਦੇਹ ਅੰਗ ਕੌ ਮੂਲ ਨ ਜਾਨੈ ॥ ੪੬॥ ਇਸ ਸਮਤਾ ਸੌ ਜਿਨ ਮੁਝ ਦੇਖਿਆ ॥ ਸੋ ਨਰ ਮੁਕਤ ਰੂਪ ਮੈ ਪੇਖਿਆ ॥ ਬਹੁੜ ਜਨਮ ਮੈ ਤਿਸੈ ਨ ਦੇਵੋਂ ॥ ਅਪਨੇ ਸੰਗ ਆਪ ਕਰ ਲੇਵੋਂ ॥੪੭॥ ਜਿਨ ਸਭ ਅੰਤਰਿ ਗੋਬਿੰਦ ਜਾਨਾ ॥ ਗੋਬਿੰਦ ਮਾਂਹਿ ਤਿਸ ਕਾ ਮਨ ਮਾਂਨਾਂ ॥ ਭਲੇ ਪਾਇ ਪ੍ਰਸੰਨ ਨ ਹੋਇ ॥ ਬੁਰੇ ਪਾਇ ਚਿੰਤਾ ਨਾਂ ਕੋ ॥੪੮॥ ਸੋ ਇਸਥਿਰ ਬਿਧ ਗਿਆਨੀ ਕਹੀਐ ॥ ਐਸਾ ਬ੍ਰਹਮਵੇਤਾ ਕੋ ਲਹੀਐ ॥ ਬ੍ਰਹਮ ਮਾਂਹਿ ਇਸਥਿਤ ਜੋ ਰਹੈ ॥ ਇੰਦ੍ਰੀਓ ਭੋਗ ਵਹ ਮੂਲ ਨ ਚਹੈ ॥੪੯॥ ਆਤਮ ਸੁਖ ਸੌ ਮਗਨ ਵਹਿ ਭਇਆ ॥ ਬ੍ਰਹਮ ਸਮਾਧ ਸੌ ਬ੍ਰਹਮ ਹੋ ਰਹਿਆ ॥ ਮਨ ਜੋ ਚਲਹੈ ਬਾਛਾ ਮਾਂਹਿ ॥ ਬ੍ਰਹਮ ਸੋ ਜੁੜੈ ਬਾਛਾ ਮਿਟ ਜਾਹਿ ॥੫੦॥ ਐਸਾ ਜੋਗੀ ਆਤਮ ਸੁਖ ਪਾਵੈ ॥ ਨਿਰਬਾਣ ਬ੍ਰਹਮ ਮੈ ਮਗਨ ਹੋ ਜਾਵੈ ॥ ਹੇ ਪਾਰਥ ਇਹ ਸੁਖ ਤਿਸ ਆਇਆ ॥ ਇੰਦ੍ਰੀ ਕਾ ਤਿਸ ਸ੍ਵਾਦ ਗਵਾਇਆ ॥੫੧॥ ਅਨਿਤ ਸੁਖ ਇੰਦ੍ਰੀ ਕੇ ਜਾਨੇ ॥ ਜੋਗੀਸਰ ਤਿਹੰ ਰਮਤ ਨ ਮਾਨੇ ॥ ਇੰਦ੍ਰੀ ਸੁਖ ਦੁਖ ਹੈ ਭਾਈ ॥ ਛਿਨ ਸੁਖ ਹੋਇ ਬਹੁੜ ਮਿਟ ਜਾਈ ॥੫੨॥ ਜੋ ਇੰਦ੍ਰੀ ਕੇ ਸੁਖ ਨਾਂ ਦੇਖੈ ॥ ਐਸਾ ਭਗਤ ਵਹੁ ਮੁਝ ਕੌ ਪੇਖੈ ॥ ਜਿਸ ਕੌ ਜਨਮ ਆਗੇ ਫਿਰ ਨਾਂਹੀ ॥ ਤਿਸ ਕੀ ਬਾਤ ਅਬ ਤੁਝੇ ਸੁਨਾਈ ॥੫੩॥ ਦੋਹਰਾ ॥ ਲਛਨ ਮੁਕਤੇ ਪੁਰਖ ਕੇ ਅਬ ਮੈ ਭਾਖੋ ਤੋਹਿ ॥ ਸੋਈ ਮੁਕਤਾ ਜਾਨੀਐ ਜਿਸ ਕਾਮ ਕ੍ਰੋਧ ਨਾ ਹੋਇ ॥੫੪॥ ਸੋਰਠਾ ॥ ਤਿਸ ਕਾ ਅਬ ਦਿਸਟਾਂਤ ਹੇ ਪਾਰਥ

ਤੂੰ ਸਮਝ ਲੇ ॥ ਸਮਝੇ ਆਵੈ ਸਾਂਤ  ਜਿਹੰ ਬਿਧ ਸੋਂ ਅਬ ਕਹਤ ਹੋਂ ॥੫੫॥ ਦੋਹਰਾ ॥ ਅੰਨ ਪਾਤ੍ਰ ਜੋ ਅਗਨ ਪਰ  ਪਾਕ ਨਿਮਿਤ ਚੜ੍ਹਾਇ ॥ ਕਿਨਕਾ ਤਿਸ ਸੋਂ ਕਾਢ ਕਰ  ਦੇਖੈ ਦਿਸਟ ਲਗਾਇ ॥੫੬॥ ਦੋਹਰਾ ॥ ਜੋ ਵਹੁ ਕਿਨਕਾ ਗਲ ਗਇਆ ਤਬ ਅੰਨ ਪਕਿਓ ਮੀਤ ॥ ਤੈਸੇ ਜਿਹੰ ਨਹੀ ਕਾਮ ਕ੍ਰੋਧ  ਮੁਕਤ ਰੂਪ ਧਰ ਚੀਤ ॥੫੭॥ ਸ੍ਵੈਯਾ ॥ ਜਿਸ ਕੌ ਕਾਮ ਕ੍ਰੋਧ ਨਹੀ ਉਪਜੈ  ਜੋ ਜੁਗਤ ਹੈ ਤਿਸੇ ਨਿਸਾਂਨੀ ॥ ਸੋਈ ਮਨੁਖ ਸੁਖੀ ਅਰ ਮੁਕਤਾ  ਬ੍ਰਹਮ ਅਰੂਪ ਅਨੂਪ ਪਹਿਚਾਨੀ ॥ ਅੰਤਾਕਰਨ ਮੈ ਜੋ ਬ੍ਰਹਮ ਸੁਖ ਹੈ  ਤਿਸ ਸੁਖ ਸੌ ਵਾ ਕੌ ਮਨ ਮਾਂਨੀ ॥ ਬ੍ਰਹਮ ਜਾਂਨੇ ਸੋ ਬ੍ਰਹਮ ਹੀ ਹੋਵੈ  ਐਸੀ ਭਾਂਤ ਮਾਨੈ ਵਹੁ ਗਿਆਂਨੀ ॥੫੮॥ ਚੌਪਈ ॥ ਮਗਨ ਬ੍ਰਹਮ ਅਦ੍ਵੈਤ ਮੈਂ ਭਇਆ ॥ ਸਗਲ ਅਘ ਤਿਸ ਨਰ ਕਾ ਗਇਆ ॥ ਦੂਜਾ ਭਾਉ ਤਿਸ ਸੋ ਕਿਤ ਹੋਇ ॥ ਜਾਂਨੇ ਗੋਬਿੰਦ ਅਦ੍ਵੈ ਸੋਇ ॥੫੯॥ ਬਿਖਿਆ ਤੇ ਮਨ ਜਿਸ ਨਰ ਜੀਤੋ ॥ ਬ੍ਰਹਮ ਅੰਮ੍ਰਿਤ ਕੌ ਤਿਸ ਹੀ ਪੀਤੋ ॥ ਸਭਹੂੰ ਪ੍ਰਾਨੀਓ ਤਿਸ ਨਰ ਪ੍ਰੀਤਿ ॥ ਕਲਿਆਨ ਸਭਹੂੰ ਕੀ ਬਾਛੇ ਮੀਤ ॥੬੦॥ ਯਹੀ ਕਹੇ ਸਭ ਗਿਆਂਨ ਕੋ ਪਾਵੈ ॥ ਗਿਆਂਨ ਪਾਇ ਸਭ ਸੁਖੀ ਕਹਾਵੈ ॥ ਕਾਮ ਕ੍ਰੋਧ ਤੇ ਰਹਤ ਵਹੁ ਲਹੀਐ ॥ ਐਸਾ ਪੁਰਖ ਜਤੀ ਵਹੁ ਕਹੀਐ ॥੬੧॥ ਮਨ ਚੇਤਾ ਜਿਸ ਮੁਝਿ ਮੈਂ ਰਾਖਿਆ ॥ ਨਿਸਦਿਨ ਅੰਮ੍ਰਿਤ ਤਿਸ ਹੀ ਚਾਖਿਆ ॥ ਅਉਰ ਭਾਂਤ ਏਕ ਮੁਝ ਕੌ ਜਾਪੇਂ ॥ ਇੰਦ੍ਰੀ ਕੇ ਗੁਨ ਸਗਲੇ ਕਾਂਪੇ ॥੬੨॥ ਚਛ ਕਰਿ ਤ੍ਰਿਕੁਟੀ ਧਿਆਂਨ  ਲਗਾਵੈ ॥ ਪਾਂਚ ਬਾਉ ਕੋ ਸੀਸ ਚੜ੍ਹਾਵੈ ॥ ਨਾਸਕਾ ਮਾਂਹਿ ਬਾਉ ਕੋ ਰਾਖੈ ॥ ਇੰਦ੍ਰੀ ਜੀਤ ਰਾਮ ਰਸ ਚਾਖੈਂ ॥੬੩॥ ਬੁਧ ਨਿਹਚਲ ਅਰ ਮਨ ਕਾ ਚੇਤਾ ॥ ਮੇਰੇ ਬਿਖੈ ਰਾਖ ਸੁਖ ਲੇਤਾ ॥ ਮੁਖ ਸੌ ਮੋਨ ਬਾਛ ਤੇ ਰਹਤਾ ॥ ਨਿਰਭਉ ਨਿਰਮਮ ਏਕ ਪ੍ਰਭ ਕਹਤਾ ॥੬੪॥ ਕਰਨੀ ਕਰਤੇ ਗਿਆਂਨ ਤਿਨ ਆਵੈ ॥ ਪਾਇ ਗਿਆਨ ਅਮਰ ਹੋਇ ਜਾਵੈ ॥ ਸੋ ਤੋ ਸਦਾ ਮੁਕਤ ਹੈ ਭਾਈ ॥ ਬ੍ਰਹਮ ਗਿਆਨ ਸੋਂ ਜਿਹੰ ਮਨ ਲਾਈ ॥੬੫॥

ਦੋਹਰਾ ॥ ਹੇ ਅਰਜਨ ਅਬ ਸ੍ਰਵਨ ਕਰ  ਮੇਰਾ ਕਛੁ ਪ੍ਰਤਾਪ ॥ ਅਨਿਕ ਭਾਂਤ ਮੈ ਸਾਜ ਕੈ  ਤਿਹ ਮੈਂ ਰਹਿਆ ਬਿਆਪ ॥੬੬॥ ਦੋਹਰਾ ॥ ਬਹੁ ਭਾਵਨ ਮਨ ਧਾਰ ਕੈ  ਸਗਲ ਜਗਤ ਕੇ ਲੋਗ ॥ ਕਰੇ ਤਪਸਿਆ ਮੁਝ ਨਿਮਿਤ  ਤਿਸ ਕਾ ਭੋਗੈ ਭੋਗ ॥੬੭॥ ਬਹੁ ਪ੍ਰਕਾਰ ਕੇ ਜਗ ਦਾਂਨ  ਤਿਨ ਭੋਗੋ ਹਉ ਮੀਤ ॥ ਬਾਂਛੋ ਭਲਾ ਹਉ ਸਭੀ ਕਾ ਨਿਸਚੇ ਧਰ ਤੂੰ ਚੀਤ ॥੬੮॥ ਸੋਰਠਾ ॥ ਮੇਰੇ ਚਾਰ ਪ੍ਰਤਾਪ  ਜੇ ਕੋ ਪ੍ਰਾਨੀ ਜਾਨਤਾ ॥ ਤਿਸ ਕੇ ਮਿਟੇ ਸੰਤਾਪ  ਸਾਂਤ ਪਦ ਮੈਂ ਪ੍ਰਾਪਤ ਭਇਆ ॥੬੯॥

## ਟੀਕਾਕਾਰਵਾਚ ॥

ਚੌਪਈ ॥ ਪੰਚਮ ਧਿਆਇ ਜੋ ਕਹਿਆ ਸੁਨਾਇ ॥ ਸੰਨਿਆਸ ਕਰਮ ਜੋਗ ਮਨ ਲਾਇ ॥ ਜੋ ਠਾਕੁਰ ਅਰਜਨ ਪ੍ਰਤਿ ਭਾਖਿਓ ॥ ਖਾਲਸੇ ਕੌ ਸਭ ਹੀ ਮੈ ਆਖਿਓ ॥੭੦॥ ਗੀਤਾ ਅਰਥ ਵਿਰਲਾ ਕੋ ਜਾਨੇਂ ॥ ਜੋ ਜਾਨੇ ਸੋ ਮੁਕਤ ਪਹਚਾਨੇ ॥ ਜੋ ਮੁਕਤਾ ਸੋ ਬ੍ਰਹਮ ਕਹਾਵੈ ॥ ਅਕ੍ਰੈ ਅਦ੍ਵੈਤ ਮਾਹਿ ਗਤਿ ਪਾਵੈ ॥੭੧॥ ਯਹੀ ਜਾਨੈ ਸਭ ਘਟ ਹੈ ਰਾਮ ॥ ਰਮਤੀਤ ਅਰਥ ਰਾਮ ਕੋ ਨਾਮ ॥ ਤਾਂ ਤੇ ਵਹ ਭੀ ਰਾਮ ਹੀ ਆਹੀ ॥ ਰਾਮ ਬਿਨਾ ਦੂਜਾ ਕੋ ਨਾਹੀ ॥੭੨॥ ਜੋ ਯਹਿ ਸੁਨੈ ਅਰ ਮਨ ਮੈਂ ਧਾਰੈ ॥ ਰਾਮ ਹੋਇ ਮੈਂ ਕਹੋ ਪੁਕਾਰੈ ॥ ਜੇ ਕੋ ਭਿੰਨ ਦੇਹ ਤੇ ਹੋਇ ॥ ਮੁਕਤ ਰੂਪ ਹੈ ਨਿਸਚੈ ਸੋਇ ॥੭੩॥

ਇਤਿ ਸ਼੍ਰੀਮਦ੍ਭਗਵਤ ਗੀਤਾ–ਸੁਪਨਿਸ਼ਤ੍ਸੁ ਬ੍ਰਹਮਵਿਦਿਆਯਾਂ ਯੋਗ ਸਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉੱਤਰਖੰਡੇ ਸ਼੍ਰੀ ਗੋਬਿੰਦ ਸਿੰਘ ਕ੍ਰਿਤੇ ਸਾਂਖ ਯੋਗੋ ਨਾਮ ਪੰਚਮੋ ਧਿਆਇ ॥੫॥੫੭੮॥

## ਆਗੇ ਧਿਆਇ ਛਠਵਾਂ ਚਲਿਆ ॥

### ਸ੍ਰੀ ਭਗਵਾਨੋਵਾਚ ॥

ਦੋਹਰਾ ॥ ਆਤਮਾ ਜੁੜਨੇ ਕੇ ਨਿਮਿਤ ਸਤ ਕਰਮ ਜੋ ਧਾਰ ॥ ਫਲ ਬਾਛੈ ਵਹੁ ਕਛੂ ਨਾਹਿ ਸੋਈ ਜੋਗੀ ਸਾਰ ॥੧॥ ਸਲੋਕੁ ॥ ਸੰਨਿਆਸੀ ਸੋਈ ਜਾਨੀਐ ਜਿਨ ਕਰਮੋ ਫਲ ਤਿਆਗ ॥ ਮੁਝ ਜੁੜਨੇ ਜੋਗੀ ਭਇਆ ਫਲ ਤਿਆਗੇ ਬੈਰਾਗ ॥੨॥ ਸਲੋਕ ॥ ਜੋਗ ਸੰਨਿਆਸ ਮੇਰੀ ਮਤ ਐਸਾ ਅਵਰ ਭਾਂਤ ਨਾਂ ਕੋਇ ॥ ਅਗਨ ਜਲਾਏ ਜਟਾ ਵਧਾਏ ਭਸਮ ਸੰਨਿਆਸ ਨ ਹੋਇ ॥੩॥ ਪਉੜੀ॥ ਜੋਗੀ ਸੋਇ ਜਿਸ ਹੋਇ ਨ ਆਸਾ ਤਬ ਮੁਝ ਸੰਗ ਸਮਾਵੈ ॥ ਫਲ ਤਿਆਗੇ ਤੇ ਹੋਇ ਸੰਨਿਆਸੀ ਏਕੋ ਨਾਮ ਕਹਾਵੈ ॥ ਮਨ ਚਲਤੇ ਕੋ ਦ੍ਰਿੜ ਕਰਿ ਰਾਖੈ ਤੋ ਜੋਗੀ ਸੰਨਿਆਸੀ ॥ ਹੇ ਅਰਜਨ ਜਿਨ ਆਸਾ ਛਾਡੀ ਸੋ ਆਤਮ ਸੁਖਵਾਸੀ ॥੪॥ ਸਲੋਕ ॥ ਜੋ ਚਾਹੇ ਮੁਝ ਮਿਲਨ ਕੌ ਸੋ ਯਹਿ ਕਰਮ ਕਰੇ ॥ ਜੈਸਾ ਆਗੇ ਮੈ ਕਹੋ ਸੋ ਅਰਜਨ ਸੁਨ ਲੇ ॥੫॥ ਪਉੜੀ॥ ਜੋ ਮੁਝ ਮਿਲਿਆ ਚਾਹੇ ਸੋ ਐਸਾ ਕਰੇ ॥ ਗਿਆਨ ਸਕੇ ਨਹੀ ਧਾਰ ਕਰਮ ਸਭ ਚਿਤ ਧਰੇ ॥ ਕਰੇ ਕਰਮ ਵਹੁ ਨਿਤ ਅਰਪੇ ਮੁਝ ਹਰੇ ॥ ਨਿਹਕਾਂਮ ਕਰਮ ਕੇ ਕੀਏ ਗਿਆਨ ਦੀਪਕ ਜਰੇ ॥੬॥ ਜੋਗ ਅਰੂੜ ਇਸ ਕਹੀਐ ਸੁਖ ਸੋਝੀ ਪਰੈ ॥ ਗਿਆਨ ਜਗੇ ਘਟਿ ਮਾਹਿ ਕਰਮ ਫਿਰ ਨਾਂ ਕਰੇ ॥ ਇਛਿਆ ਜੈਸੀ ਹੋਇ ਵਰਤੇ ਉਹੁ ਨਰੇ ॥ ਸਭ ਮੈਂ ਜਾਂਨੇ ਬ੍ਰਹਮ ਪਛਾਨੇ ਇਕ ਹਰੇ ॥੭॥ ਦੋਹਰਾ ॥ ਜੋ ਹੋਇ ਜੋਗ ਅਰੂੜ ਲਛਣ ਤਿਸ ਕੇ ਕਹੋਂ ॥ ਚਲਤ ਨਾਂ ਬਿਖਿਓ ਮਾਂਹਿ ਇੰਦ੍ਰੀ ਤਿਸ ਬਸ ਲਹੋਂ ॥੮॥ ਦੋਹਰਾ ॥ ਬਿਨਾਂ ਆਤਮ ਕੇ ਸਿਮਰਨੇਂ ਚਿੰਤਾ ਕਰੇ ਨ ਕੋਇ ॥ ਮਨ ਮੈ ਉਠੈ ਨ ਬ੍ਰਿਤ ਕਛੁ ਜੋਗ ਅਰੂੜ ਹੈ ਸੋਇ ॥੯॥ ਸਲੋਕ ॥ ਐਸਾ ਜੋਗ ਅਰੂੜ ਬਿਖਿਓ ਸੋ ਮਨ ਰਾਖਤਾ ॥ ਓਹੁ ਮਿਲਿਆ ਮੁਝ ਸੰਗ ਬਿਖੇ ਸ੍ਵਾਦ ਨ ਚਾਖਤਾ ॥੧੦॥ ਦੋਹਰਾ ॥ ਹੇ

ਅਰਜਨ ਅਬ ਤੁਝ ਕਹੋਂ ਨਿਸਚੇ ਏਕੋ ਬਾਤ ॥ ਅਪਨਾਂ ਹੀ ਆਤਮਾ ਮਿਤ੍ਰ ਹੈ ਸਤ੍ਰ ਆਪ ਹੈ ਤਾਤ ॥੧੧॥ ਦੋਹਰਾ ॥ ਮਨ ਹੀ ਕਰ ਸਭ ਮੁਕਤ ਹੈਂ ਮਨ ਹੀ ਕਰਿ ਬੰਧਿ ਆਂਹਿ ॥ ਬਾਹਰਿ ਮਿਤ੍ਰ ਨਾ ਸਤ੍ਰ ਕੋ ਮਨ ਹੀ ਮੌ ਸਭ ਆਹਿ ॥੧੨॥ ਦੋਹਰਾ ॥ ਜਿਨਾ ਬਿਖਿਆ ਸੋ ਵਰਜ ਕਰਿ ਮਨ ਰਾਖਿਓ ਮੁਝ ਮਾਹਿ ॥ ਸੋ ਮਨ ਤਿਸ ਕਾ ਮਿਤ੍ਰ ਹੈ ਤਿਸ ਤੇ ਬਹੁ ਸੁਖ ਪਾਂਹਿ ॥੧੩॥ ਦੋਹਰਾ ॥ ਜੋ ਇੰਦ੍ਰੀਓ ਕੇ ਬਿਖਿਓ ਮੈ ਮਨ ਕੌ ਦੇਵੈ ਮੀਤ ॥ ਵਹੁ ਮਨ ਤਿਸ ਕਾ ਸਤ੍ਰ ਹੈ ਨਿਸਚੈ ਰਾਖੋ ਚੀਤ ॥੧੪॥ ਪਉੜੀ ॥ ਜੋ ਵਿਖਿਆ ਤੇ ਮਨ ਵਰਜ ਪਰਮਾਤਮ ਸੰਗ ਲਾਗੇ ॥ ਸੋਈ ਸੰਤ ਤੁਮ ਜਾਨੌ ਪੂਰਨ ਹੈ ਤਿਹਂ ਭਾਗੇ ॥ ਯਹਿ ਕ੍ਰਿਪਾ ਮੁਝ ਕੀਨੀ ਜਿਸ ਤੇ ਵਹਿ ਨਰ ਜਾਗੇ ॥ ਮਨ ਬਪ ਕੇ ਸਭ ਦੁਖ ਸਗਲੇ ਤਿਹਂ ਬੇਗ ਤਿਆਗੇ ॥੧੫॥ ਸੀਤ ਉਸਨ ਸੁਖ ਦੁਖ ਹਰਖ ਅਰ ਸੋਗ ਤਿਆਗੇ ॥ ਭਲਾ ਬੁਰਾ ਆਦਰ ਨਿਰ-ਆਦਰ ਤਿਸ ਕੋ ਸਮ ਲਾਗੇ ॥ ਐਸਾ ਪੁਰਖ ਸੁਖ ਪਾਇ ਗਿਆਂਨ ਬਿਗਿਆਂਨ ਤ੍ਰਿਪਤਾਗੇ ॥ ਨਿਰਹੰਕਾਰੀ ਨਿਰਮਮ ਸਗਲ ਸੰਸੇ ਤਿਹ ਦਾਗੇ ॥੧੬॥ ਦੋਹਰਾ ॥ ਮਾਟੀ ਕੰਚਨ ਏਕ ਜਿਸ ਸੋ ਅਰੂੜ ਹੈ ਜੋਗ ॥ ਸਤ੍ਰ ਮਿਤ੍ਰ ਸਮ ਜਾਨਤਾ ਤਿਸ ਕੌ ਹਰਖ ਨ ਸੋਗ ॥੧੭॥ ਦੋਹਰਾ ॥ ਉਦਾਸ ਰਹੈ ਨਿਤ ਜਗ ਸੌ ਬਾਧਵ ਪਖੁ ਨ ਕਰੇ ॥ ਬੁਰਾ ਨ ਚਿਤਵੈ ਸਤ੍ਰ ਕਾ ਦੋਨੋ ਸਮ ਮਨ ਧਰੇ ॥੧੮॥ ਸਾਧ ਪਾਪੀ ਸਮ ਜਾਨਤਾ ਜੋਗ ਅਰੂੜ ਹੈ ਜੋ ॥ ਚੇਤਾ ਮਨ ਕਾ ਮੁਝ ਬਿਖੇ ਰਾਖੇ ਹੈ ਨਿਤ ਸੋ ॥੧੯॥ ਇਕਾਂਤ ਠਉਰ ਮੈ ਬੈਠ ਕੈ ਮਨ ਕੀ ਬਿਰਤ ਤਿਆਗ ॥ ਆਸਾ ਕੋਈ ਨਾਂ ਕਰੈ ਆਤਮ ਕੇ ਸੰਗ ਲਾਗ ॥੨੦॥ ਦੋਹਰਾ ॥ ਐਸਾ ਠਉਰਬਨਾਇ ਕੈ ਆਸਨ ਧਾਰੇ ਸੋਇ ॥ ਚਤ੍ਰ ਉਂਗਲ ਊਚਾ ਭੂਮ ਤੇ ਨੀਚ ਊਚਾ ਨਾ ਹੋਇ ॥੨੧॥ ਗੋਬਰ ਕੋ ਲੇਪਨ ਕਰੇ ਊਪਰ ਕੁਛਾ ਵਿਛਾਇ ॥ ਮ੍ਰਿਗ ਤੁਚਾ ਤਹਾਂ ਡਾਰ ਕਰ ਉਸ ਪਰ ਆਸਨ ਲਾਇ ॥੨੨॥ ਐਸੀ ਠਉਰ ਬਨਾਇ ਕਰਿ

ਚਿਤਵਨ ਮਨ ਕੀ ਤਿਆਗ ॥ ਇਕਾਂਤ ਕਰੈ ਮਨ ਇੰਦ੍ਰੀਆ ਆਤਮ ਜੋਗ ਸੋ ਲਾਗ ॥੨੩॥ ਦੋਹਰਾ ॥ ਟੇਢਾ ਬਾਂਕਾ ਨਾ ਬਹੇ ਚੌਕੜੀ ਆਸਨ ਧਾਰ ॥ ਸਭੀ ਅੰਗ ਸੂਧੇ ਰਖੇ ਸਗਲੀ ਚਿਤਵਨ ਜਾਰ ॥੨੪॥ ਦੋਹਰਾ ॥ ਅਗਰ ਨਾਸਕਾ ਆਪਨੀ ਨੇਤ੍ਰੋ ਦੇਖੇ ਸੋਇ ॥ ਬਾਏਂ ਦਾਏਂ ਨ ਪੇਖਤਾ ਪਰਮ ਸਾਂਤ ਤਬ ਹੋਇ ॥੨੫॥ ਦੋਹਰਾ ॥ ਮਨ ਮੈਂ ਨਿਰਭਉ ਹੋ ਰਹੈ ਬੀਰਜ ਗਿਰਨ ਨਾਂ ਦੇਇ ॥ ਸੰਜਮ ਕਰਕੇ ਜਿਉ ਕਹੈ ਮਨ ਚਲਤੇ ਕੌ ਲੇਇ ॥੨੬॥ ਪਉੜੀ ॥ ਐਸਾ ਜੋਗੀ ਸਿਮਰ ਲੇਇ ਮੁਝ ਆਤਮ ਤਾਂਈ ॥ ਮਨ ਕਾ ਚੇਤਾ ਨਿਹਚਲ ਤਿਸਕਾ ਮੁਝ ਪਰ ਆਂਹੀ ॥ ਮਨ ਜੁੜਨੇ ਕੇ ਸਾਥ ਸਾਂਤ ਬੁਧ ਵਹੁ ਪਾਈ ॥ ਰਹਤ ਜੋਗ ਇਹ ਰੀਤ ਪੇਟ ਭਰ ਅੰਨਿ ਨ ਖਾਹੀ ॥੨੭॥ ਬੋਲਨ ਚਲਨ ਅਹਾਰ ਬਿਉਹਾਰ ਭੀ ਜੁਗਤ ਕਰਾਹੀ ॥ ਦੇਹ ਬਿਉਹਾਰ ਤਿਸ ਜੁਗਤ ਜਾਗਨ ਸੋਵਨ ਜੋ ਖਾਂਹੀ ॥ ਜੋ ਵਰਤੈ ਐਸੀ ਭਾਂਤਿ ਅਘ ਬਪ ਤਿਸ ਸਭ ਦਾਹੀ ॥ ਸਿਧ ਗਤਿ ਪ੍ਰਾਪਤਿ ਹੋ ਤਾਹਿ ਸੰਸੇ ਨ ਰਹਾਹੀ ॥੨੮॥ ਦੋਹਰਾ ॥ ਜੋਗ ਪ੍ਰਾਪਤ ਹੋਇ ਜਿਸ ਪਾਪ ਨਾਸ ਤਿਸ ਹੋਇ ॥ ਮਨ ਰਾਖੈ ਆਤਮ ਬਿਖੈ ਚਾਹ ਨ ਬਾਛੇ ਕੋਇ ॥੨੯॥ ਦੋਹਰਾ ॥ ਜੇ ਕੋ ਐਸਾ ਹੋਤ ਹੈ ਸੋ ਜੋਗੀ ਤਿਹ ਜੁਗਤ ॥ ਗਿਆਨ ਉਪਜੇ ਮੁਝ ਭਗਤ ਤੇ ਗਿਆਨੋ ਪਾਵੈ ਮੁਕਤਿ ॥੩੦॥ ਦੋਹਰਾ ॥ ਜੋਗੀ ਕੌ ਏਕਾਂਤ ਠਉਰ ਇਹ ਬਿਧਿ ਕਹੀਐ ਮੀਤ ॥ ਤਿਸ ਕਾ ਅਬ ਦਿਸਟਾਂਤ ਤੂੰ ਸੁਨ ਰਾਖੋ ਧਰ ਚੀਤ ॥ ੩੧॥ ਦੋਹਰਾ ॥ ਜੈਸੇ ਦੀਪਕ ਪਉਨ ਮੈਂ ਜਰੇ ਨਹੀ ਸੁਭ ਬਿਧ ॥ ਗ੍ਰਿਹਿ ਮੈ ਪਉਨ ਨ ਲਾਗਹੀ ਦੀਪਕ ਜਰੈ ਪ੍ਰਸਿਧ ॥੩੨॥

## ਟੀਕਾਕਾਰਵਾਚ ॥

ਦੋਹਰਾ ॥ ਸੰਸਾਰ ਲੋਕ ਤਿਸ ਪਉਨੈ ਜੋਗ ਮਾਂਹਿ ਜੋ ਲੀਨ ॥ ਦੇਖਨ ਸੁਨਨ ਤਿਆਗ ਕਰਿ ਏਕਾਂਤ ਠਉਰ ਮਨ ਕੀਨ ॥੩੩॥

ਦੋਹਰਾ ॥ ਜਾਨੈ ਸਗਲ ਬ੍ਰਹਮ ਹੈ ਤਿਸ ਮੈ ਬੋਲਨ ਨਾਹਿ ॥ ਜੋ ਕੋ ਧਾਰੈ ਮੋਨ ਯਹਿ ਸੋ ਨਿਰਬਾਂਛੀ ਆਹਿ ॥੩੪॥

## ਸ੍ਰੀ ਭਗਵਾਨੋਵਾਚ ॥

ਦੋਹਰਾ ॥ ਬਿਖਿਆ ਤੇ ਮਨ ਵਰਜ ਕਰਿ ਆਤਮ ਮੈਂ ਕੀਓ ਲੀਨ ॥ ਅਪਨੇ ਆਤਮ ਕੇ ਬਿਖੈ ਪ੍ਰਮਾਤਮ ਤਿਹ ਚੀਨ ॥੩੫॥ ਦੋਹਰਾ ॥ ਜੋ ਦੇਖੈ ਪ੍ਰਮਾਤਮਾ ਤੋਖ ਰਹੈ ਮਨ ਮਾਂਹਿ ॥ ਐਸਾ ਸੁਖ ਤਿਸ ਉਦੈ ਹੋਇ ਜੈਸਾ ਕਹੋ ਅਬ ਤਾਹਿ ॥੩੬॥ ਦੋਹਰਾ ॥ ਵਹੁ ਸੁਖ ਨੇਤ੍ਰੋ ਤੇ ਪਰੈ ਬੁਧ ਜਾਨੈ ਯਹਿ ਬਾਤ ॥ ਪ੍ਰਾਪਤ ਜਿਸ ਕੋ ਵਹੁ ਭਇਆ ਸਗਲ ਬਿਖੈ ਤਿਸ ਕਾਟ ॥੩੭॥ ਦੋਹਰਾ ॥ ਐਸੇ ਸੁਖ ਕੇ ਲਾਭ ਤੇ ਜੋਗੀ ਤ੍ਰਿਪਤਿਓ ਮੀਤ ॥ ਤਿਸ ਕੇ ਤੁਲ ਨ ਹੋਰ ਸੁਖ ਯਹੀ ਬਾਤ ਧਰ ਚੀਤ ॥੩੮॥ ਚੌਪਈ ॥ ਤਿਸ ਸੁਖ ਮਾਂਹਿ ਮਗਨ ਜੋ ਭਇਆ ॥ ਤਿਸ ਕੋ ਕਾਰਜ ਕੋਇ ਨ ਰਹਿਆ ॥ ਜੋ ਦੁਖ ਤਿਸ ਕੇ ਬਪ ਕੋ ਦੇਇ ॥ ਸਸਤ੍ਰ ਕੇ ਸੰਗ ਦੇਹ ਕਟੇਇ ॥੩੯॥ ਅਗਨਿ ਮਾਂਹਿ ਜੇ ਕੋ ਤਿਸ ਜਾਰੇ ॥ ਤਉ ਭੀ ਉਸ ਕਉ ਦੂਖ ਨ ਪਿਆਰੇ ॥ ਅਪਨੇ ਸੁਖ ਮੈਂ ਲੀਨ ਵਹੁ ਰਹੇ ॥ ਨਿਹਚਲ ਸੁਖ ਮੈ ਆਪ ਕੌ ਲਹੈ ॥੪੦॥ ਇਸ ਸੁਖ ਮੈਂ ਸਭ ਦੁਖ ਮਿਟ ਜਾਵੈ ॥ ਤਿਸ ਤੇਂ ਪਾਰਬ ਮੁਕਤ ਵਹੁ ਪਾਵੈ ॥ ਮਾਇਆ ਤੀਰ ਤਿਸੀ ਮੈ ਤਰੇ ॥ ਮਾਇਆ ਤਿਆਗ ਮੇਰੇ ਮੈ ਜੁੜੇ ॥੪੧॥ ਜੋਗ ਸੁਖ ਤਿਸ ਨਰ ਨੇ ਪਾਇਆ ॥ ਆਤਮ ਜੁੜੇ ਆਤਮ ਚਿਤ ਲਾਇਆ ॥ ਚਿਤਵਨਾ ਤਿਆਗੁ ਮਨ ਕੋ ਬਸ ਕਰੇ ॥ ਇੰਦ੍ਰੀ ਜੀਤ ਗਿਆਨ ਮਨ ਧਰੇ ॥੪੨॥ ਮਨ ਚਲਤੇ ਕੋ ਪਕੜ ਲਿਆਵੈ ॥ ਦੇਹ ਅਨਿਤ ਤਿਸ ਜਾਪ ਜਪਾਵੈ ॥ ਮਨ ਅਰ ਸਗਲੀ ਇੰਦ੍ਰੀ ਭਾਈ ॥ ਏਕਬਾਰ ਪਕਰੀ ਨਹੀ ਜਾਈ ॥੪੩॥ ਸਹਿਜ ਸਹਿਜ ਬੁਧ ਸੋ ਮਨ ਪਕੜੇ ॥ ਸਤ ਬੀਚਾਰ ਕਰਿ ਮਨ ਕੋ ਜਕੜੇ ॥ ਜਬ ਥਾਂਬਹੁ ਮੁਝ ਸਿਮ੍ਰਨ ਮਾਹੀ ॥ ਚਿਤ ਬ੍ਰਿਤ ਕੋ ਵਰਜ ਰਹਾਈ ॥੪੪॥ ਮਨ ਕੋ

ਚਲਨੇ ਮੂਲ ਨ ਦੇਵੈ ॥ ਬੁਧ ਸੌ ਬੇਗ ਪਕੜ ਕਰ ਲੇਵੈ ॥ ਯਾ ਐਸੇ ਮਨ ਕੌ ਸਮਝਾਵੈ ॥ ਜਹਾਂ ਜਾਇ ਤਹਾਂ ਬ੍ਰਹਮ ਦਿਖਾਵੈ ॥੪੫॥ ਮਿਥਿਆ ਮਾਇਆ ਮਨ ਕੌ ਕਹੈ ॥ ਆਤਮ ਬੁਧ ਸੌ ਮਨ ਕੋ ਗਹੈ ॥ ਇਹ ਸਾਧਨ ਮਨ ਕਾ ਤਬ ਲਗ ਕਰੇ ॥ ਜਬ ਲਗ ਦ੍ਰਿੜ ਅਭਿਆਸ ਮਨ ਧਰੇ ॥ ੪੬॥ ਮਨ ਜਬ ਮਾਇਆ ਤੇ ਦ੍ਰਿੜ ਰਾਖੈ ॥ ਆਤਮ ਮਾਹਿ ਆਪ ਕੋ ਲਾਖੈ ॥ ਆਪ ਬੀਚਾਰ ਆਤਮ ਕੋ ਪਾਵੈ ॥ ਯਹੀ ਮਨ ਆਤਮ ਹੋਇ ਜਾਵੈ ॥ ੪੭। ਸਾਂਤ ਸੁਖ ਮੈ ਲੀਨ ਮਨ ਹੋਵੈ ॥ ਪ੍ਰਕਿਰਤ ਗੁਨ ਤਬ ਸਗਲੀ ਖੋਵੈ ॥ ਰਜ ਤਮ ਮਿਟੈ ਪਾਪ ਸਭ ਜਾਵੈ ॥ ਵਹੁ ਜੋਗੀ ਬ੍ਰਹਮ ਭੂਤ ਕਹਾਵੈ ॥੪੮॥ ਤਬ ਮੁਝ ਆਤਮ ਸੋ ਇਕ ਹੋਇ ॥ ਮਹਾਂ ਅਨੰਦ ਸੁਖ ਪਾਵੈ ਸੋਇ ॥ ਬ੍ਰਹਮ ਪਰਸੇ ਤੇ ਬ੍ਰਹਮ ਹੋਇ ਜਾਵੈ ॥ ਬ੍ਰਹਮ ਹੋਇ ਤਬ ਅਤਿ ਸੁਖ ਪਾਵੈ ॥੪੯॥ ਸਭ ਕੋ ਜਾਨੈ ਆਪਨੇ ਮਾਹਿ ॥ ਆਪ ਜਾਨੈ ਸਭਹੂੰ ਮੈ ਆਹਿ ॥ ਐਸਾ ਜੋਗੀ ਬ੍ਰਹਮ ਮੈ ਲੀਨ ॥ ਦੇਖੈ ਮੁਝ ਕੌ ਐਸਾ ਚੀਨ ॥੫੦॥ ਬੈਰਾਠ ਰੂਪ ਬ੍ਰਿਛ ਮੁਝ ਕੋ ਦੇਖੈ ॥ ਚਉਰਾਸੀ ਲਖ ਜੀਉ ਬ੍ਰਿਛ ਪਰ ਪੇਖੈ ॥ ਜੋ ਕਛੁ ਦੀਸੈ ਮੁਝ ਮੈ ਬਸੈ ॥ ਯਹਿ ਜਾਨੈ ਮਨ ਤੇ ਦੁਖ ਨਸੈ ॥੫੧॥ ਜਿਸ ਪ੍ਰਕਾਰ ਮੈਂ ਸਭਹੂੰ ਮਾਹਿ ॥ ਅਬ ਯਹਿ ਕਹੌਂ ਜੈਸੇ ਸਭ ਆਹਿ ॥ ਏਕ ਬ੍ਰਹਮ ਅੰਤਰ ਸਭ ਬਿਆਪਿਆ ॥ ਇਸ ਪ੍ਰਕਾਰ ਮੈ ਸਭ ਬਿਧ ਜਾਪਿਆ ॥੫੨॥ ਜੋ ਮੁਝ ਕੋ ਸਭ ਕੇ ਮਧ ਜਾਨੈ ॥ ਆਪ ਕੌ ਭਿੰਨ ਮੁਝ ਤੇ ਨਹੀ ਮਾਨੈ ॥ ਉਸ ਕੇ ਨਿਕਟ ਸਦਾ ਹਉ ਰਹੌਂ ॥ ਜੋ ਵਹੁ ਕਹੈ ਸੋਈ ਮੈ ਕਹੌਂ ॥ ਉਹ ਮੁਝ ਦ੍ਰਿਸਟਿ ਆਗੈ ਨਿਤ ਰਹੈ ॥ ਉਸ ਕੀ ਦ੍ਰਿਸਟਿ ਮੁਝ ਪਰ ਨਿਤ ਅਹੈ ॥੫੩॥ ਪਉੜੀ ॥ ਸਭਹੂੰ ਪ੍ਰਾਨੀਓ ਮਾਂਹਿ ਮੁਝ ਆਤਮ ਨਿਤ ਦੇਖਤਾ ॥ ਏਕ ਅਦ੍ਵੈਤ ਬ੍ਰਹਮ ਸਭਹੂੰ ਮੈ ਪੇਖਤਾ ॥ ਐਸਾ ਹੋ ਮੈ ਬ੍ਰਹਮ ਜਿਸ ਰੂਪ ਨ ਰੇਖਤਾ ॥ ਮੁਝ ਕੋ ਜੋ ਪਹਿਚਾਨੈ ਕਰਮ ਨ ਲੇਖਤਾ ॥੫੪॥ ਤਿਸ ਬਹੁੜ ਨ ਹੋਵੇ ਜਨਮ ਮੇਰੀ ਸੀਖਤਾ ॥ ਮੁਝ ਮੈ ਵਰਤੇ ਮੀਤ ਮੈ ਤਿਸ ਵਲ ਪੇਖਤਾ ॥

ਤਿਸ ਕੀ ਏਹ ਨੀਸਾਨੀ ਜੋ ਮੁਝੇ ਨ ਰੇਖਤਾ ॥ ਜੋ ਅਪਨੇ ਦੁਖ ਸੁਖ ਅਵਰ ਮੈ ਪੇਖਤਾ ॥੫੫॥ ਸਲੋਕ ॥ ਪਰਮ ਜੋਗੀ ਤਿਸ ਨਾਮ ਦੁਖਾਵੈ ਕਿਸੈ ਨਾਂ ॥ ਸਭ ਕੋ ਏਹੀ ਦੇਖੈ ਏਕੋ ਬ੍ਰਹਮੁ ਜਾਨਾ ॥੫੬॥

ਅਰਜਨੋਵਾਚ ॥

ਦੋਹਰਾ ॥ ਅਰਜਨ ਇਹ ਬਿਧ ਸ੍ਰਵਨ ਕਰਿ ਮੁਖ ਤੇ ਭਾਖਿਓ ਏਹ ॥ ਹੇ ਪ੍ਰਭ ਮੇਰੇ ਪ੍ਰਸਨ ਕਾ ਬੇਗ ਹੀ ਉਤਰ ਦੇਇ ॥੫੭॥ ਦੋਹਰਾ ॥ ਪ੍ਰਭ ਜੋ ਕਹੀ ਬਿਧ ਜੋਗ ਕੀ ਜਾਨੈ ਕਠਨ ਅਤਿ ਏਹ ॥ ਤਿਨ ਕੀ ਜੁਗਤਿ ਅਤਿ ਕਠਨ ਹੈ ਕਰਨੇ ਤੇ ਦੁਖ ਦੇਹ ॥੫੮॥ ਚੰਚਲ ਮਨ ਇੰਦ੍ਰੀ ਸਭੀ ਕਉਨ ਭਾਂਤਿ ਥਿਰ ਹੋਇ ॥ ਅਤਿ ਬਲਵਾਨ ਮਨ ਰੂਪ ਹੈ ਪਕੜ ਨ ਸਾਕੌ ਸੋਇ ॥੫੯॥ ਦੋਹਰਾ ॥ ਇਹ ਮਨ ਪਉਨ ਤੇ ਸਰਸ ਹੈ ਕਿਹ ਬਿਧਿ ਪਕੜੋ ਮੀਤ ॥ ਬਿਨ ਸਾਧਨ ਜਿਸ ਤੇ ਰਹੈ ਸੋਈ ਬਤਾਵਹੁ ਰੀਤਿ ॥੬੦॥

ਟੀਕਾਕਾਰ ॥

ਚੌਪਈ ॥ ਰਿਖੀਕੇਸ ਸੁਨ ਉਤਰ ਕਹੇ ॥ ਅਰਜਨ ਕੇ ਸਗਲੇ ਦੁਖ ਦਹੇ ॥ ਸ੍ਰੀ ਭਗਵਾਨੋਵਾਚ ॥ ਹੇ ਮਹਾਂਬਾਹੁ ਮਨ ਐਸਾ ਆਹੀ ॥ ਮਾਰਤ ਰੂਪ ਹੈ ਸੰਸਾ ਨਾਹੀ ॥੬੧॥ ਬਹੁਤ ਕਠਨ ਪਕੜਨ ਮਨ ਹੋਇ ॥ ਬਹੁ ਅਭਿਆਸ ਕਰੇ ਨਿਤ ਸੋਇ ॥ ਅਭਿਆਸ ਬੀਚਾਰ ਜਬ ਮਨ ਮੇ ਆਇਆ ॥ ਚਿਤਵਨ ਰਹੀ ਸੁਖ ਤਿਸ ਪਾਇਆ ॥੬੨॥ ਚਿਤਵਨ ਠਉਰ ਬੀਚਾਰ ਜਬ ਭਇਆ ॥ ਤਬ ਬੀਚਾਰ ਭੀ ਸਭ ਹੀ ਰਹਿਆ ॥ ਉਨਮਨਿ ਅਵਸਥਾ ਸੋਈ ਹੋਇ ॥ ਚਲਤੇ ਰਹਤ ਮਨ ਹੋਵੈ ਸੋਇ ॥੬੩॥ ਦੋਊ ਬਾਤੈ ਇਹ ਬਸ ਹੋਇ ॥ ਪ੍ਰਿਥਮ ਅਭਿਆਸ ਬੈਰਾਗ ਹੈ ਦੋਇ ॥ ਅਭਿਆਸ ਬੈਰਾਗ ਤੇ ਨਿਹਚਲ ਰਹੈ ॥ ਪਰਮ ਬ੍ਰਹਮ ਆਪ ਕੋ ਲਹੈ ॥੬੪॥ ਸੰਸਾਰ ਬ੍ਰਿਤ ਮਨ ਮੈ ਨਹੀ ਆਵੈ ॥ ਜੋ ਆਵੈ ਤਿਸ ਬੇਗ ਮਿਟਾਵੈ ॥ ਜਾਨੈ ਏਕੋ ਗੋਬਿੰਦ ਰੂਪ ॥ ਜਹਾਂ ਜਾਵੈ ਤਹਾਂ ਵਹੀ ਸਰੂਪ ॥੬੫॥ ਜਿਨ ਅਭਿਆਸ ਮੈ ਮਨ ਨਹੀ ਦੀਆ ॥ ਅਉਰ

ਬੈਰਾਗੁ ਜਗਤੁ ਮੈ ਲੀਆ ॥ ਤਿਸ ਕੌ ਜਗਤ ਨਿਤ ਹੀ ਭਾਸੈ ॥ ਜਗਤ ਜਾਲ ਮੈ ਵਹੁ ਨਰ ਫਾਸੈ ॥੬੬॥ ਬੈਰਾਗ ਜਗਤ ਸੋ ਜਿਨ ਨਰ ਕੀਆ ॥ ਸਤ ਬੀਚਾਰ ਰਿਦੇ ਮੈ ਲੀਆ ॥ ਆਠ ਪਹਰ ਨਿਤ ਕਰੇ ਬੀਚਾਰ ॥ ਸੋ ਨਿਹਚੈ ਮੁਝ ਮਿਲਿਆ ਯਾਰ ॥੬੭॥ ਅਖੰਡ ਸੁਖ ਤਿਸ ਪ੍ਰਾਪਤ ਹੋਇ ॥ ਬ੍ਰਹਮ ਜਲ ਤੇ ਵਹਿ ਬਪ ਮਲ ਧੋਇ ॥

ਅਰਜਨੋਵਾਚ ॥

ਫੇਰ ਪ੍ਰਸਨ ਅਰਜਨ ਯਿਉ ਕਹੇ ॥ ਸੁਖ ਤਬ ਹੀ ਜਬ ਬ੍ਰਹਮ ਕੋ ਲਹੇ ॥੬੮॥ ਅਰ ਜੋ ਜੁੜੇ ਜੋਗ ਕੇ ਮਾਹਿ ॥ ਚਿਰੰਕਾਲ ਅਭਿਆਸ ਕਰਾਂਹਿ ॥ ਤਿਸ ਕੇ ਮਨ ਕੋ ਸਾਂਤ ਨ ਆਵੈ ॥ ਪਦਵੀ ਸਿਧੋ ਕੀ ਨਹੀ ਪਾਵੈ ॥੬੯॥ ਛੂਟ ਜਾਇ ਬੀਚ ਜਿਸ ਦੇਹਿ ॥ ਛੂਟਨ ਸਮੈ ਅਭਿਆਸ ਸਭੁ ਲੇਹਿ ॥ ਅਵਰ ਬਾਤ ਮੈ ਮਨ ਤਿਸ ਲਾਗੈ ॥ ਕਿਆ ਗਤਿ ਤਿਸ ਕੀ ਕਹੀਐ ਆਗੈ ॥੭੦॥ ਮੈਂ ਸੁਨਿਓ ਬੇਦੋ ਮੈ ਏਹਿ ॥ ਤਿਆਗ ਸਮੇ ਜਿਸ ਸੋ ਮਨ ਦੇਹਿ ॥ ਤੈਸੀ ਹੀ ਦੇਹੀ ਵਹੁ ਪਾਵੈ ॥ ਐਸੇ ਹੀ ਸਭ ਬੇਦ ਬਤਾਵੈ ॥੭੧॥ ਜਿਸ ਕਾ ਦੇਹ ਛੂਟਨ ਕੇ ਸਮੈ ॥ ਅਵਰ ਠਉਰ ਮੈ ਮਨ ਤਿਸ ਰਮੈ ॥ ਤੁਮਰਾ ਧਿਆਨ ਬਿਸਰ ਤਿਸ ਜਾਇ ॥ ਬ੍ਰਹਮ ਅਭਿਆਸ ਵਹੁ ਦੇਇ ਭੁਲਾਇ ॥੭੨॥ ਐਸਾ ਜੋਗ ਭਰਿਸਟ ਜੋ ਹੋਇ ॥ ਤਿਸ ਕੀ ਗਤਿ ਪ੍ਰਭ ਜੀ ਹੈ ਕੋਇ ॥ ਤਿਸ ਦਿਸਟਾਂਤ ਮੈ ਐਸਾ ਪਾਇਆ ॥ ਜੈਸੇ ਮੇਘ ਉਮਗ ਕੇ ਆਇਆ ॥੭੩॥ ਸਭ ਕੋ ਕਹੈ ਜੋ ਬਰਖਾ ਹੋਇ ॥ ਪਰਜਾ ਕੋ ਸੁਖ ਦੇਵੈ ਸੋਇ ॥ ਤਿਸੀ ਸਮੇ ਅਤਿ ਤੀਖਣ ਬਾਉ ॥ ਤਿਸ ਮੇਘ ਕੋ ਦੇਇ ਉਡਾਇ ॥੭੪॥ ਤਬ ਵਹੁ ਮੇਘ ਬਰਖਾ ਤੇ ਰਹੈ ॥ ਸਭ ਕੋ ਮੇਘ ਗਇਆ ਤਬ ਕਹੈ ॥ ਜੋਗੀ ਜੁੜੇ ਤੈਸੇ ਤੁਮ ਮਾਹਿ ॥ ਦੇਹਿ ਤਿਆਗ ਮੈ ਮਨ ਤਿਸ ਦਾਹਿ ॥੭੫॥ ਅਉਰ ਠਉਰ ਮੈ ਤਿਸ ਮਨ ਜਾਵੈ ॥ ਮੇਘੋ ਕੌ ਜਿਉ ਪਵਨ ਚਲਾਵੈ ॥ ਜੋਗੀ ਜੋਗ ਤਬ ਕਛੂ ਨ ਰਹੈ ॥ ਜਾਵੈ ਜੋਗ ਗਤਿ ਕੈਸੇ ਲਹੈ ॥੭੬॥ ਹੇ ਪ੍ਰਭ ਜੀ ਤਿਸ ਉਤਰ ਕਹੋ ॥ ਉਤਰ ਕਹਿ ਮੁਝ ਸੰਸਾ ਦਹੋ

॥ ਤੁਮਰੇ ਤੁਲ ਮੈ ਅਵਰ ਨ ਜਾਨੋ ॥ ਜਿਸ ਕੀ ਬਾਤ ਸੁਨੋ ਅਰ ਮਾਨੋ ॥੭੭॥ ਦੋਹਰਾ ॥ ਮਧਸੂਦਨ ਯਹਿ ਸੁਨਤ ਹੀ ਭਾਖੇ ਅਰਜਨ ਮਾਂਹਿ ॥ ਅਰਜਨ ਨਿਸਚੇ ਜਾਨ ਤੂ ਜੋ ਆਖੋ ਅਬ ਤਾਹਿ ॥੭੮॥

ਸ੍ਰੀ ਭਗਵਾਨੋਵਾਚ ॥

ਮੇਰੇ ਸਿਮਰਨ ਭਜਨ ਨਰ ਏਕ ਬਾਰ ਮਨ ਧਰੈ ॥ ਕਲਿਆਨ ਬੀਜ ਜਿਨ ਬੀਜਿਆ ਸੋ ਵਹਿ ਕੈਸੇ ਟਰੈ ॥੭੯॥ ਦੋਹਰਾ ॥ ਮਿਰਤ ਅਵਸਥਾ ਸਮੇ ਜਿਸ ਜੋਗ ਅਭਿਆਸ ਮਿਟ ਜਾਇ ॥ ਬੇਗ ਜਾਇ ਵਹਿ ਸੂਰਗ ਮੈ ਦੇਵੋ ਪਦਵੀ ਪਾਇ ॥੮੦॥ ਦੋਹਰਾ ॥ ਸੂਰਗ ਮਾਹਿ ਦਿਬ ਭੋਗ ਮੈ ਇੰਦ੍ਰੀ ਬਹੁ ਸੁਖ ਪਾਇ ॥ ਤਿਨ ਭੋਗੋ ਕੀ ਬਾਰਤਾ ਅਬ ਤੁਝ ਕਹੌ ਸਮਝਾਇ ॥੮੧॥ ਦੋਹਰਾ ॥ ਸੂੰਘਨ ਕੋ ਹੈ ਦਿਬ ਸੁਗੰਧ ਸੁਣਨੇ ਕੌ ਸੁਖ ਰਾਗ ॥ ਅਪਸਰਾ ਸੁੰਦਰ ਰੂਪ ਹੈ ਬਹੁ ਭੂਖਨ ਤਿਨ ਲਾਗ ॥੮੨॥ ਦੋਹਰਾ ॥ ਨਾ ਇਸਤ੍ਰੀ ਕੋ ਪੁਰਖ ਹੈ ਪੁਰਖ ਨਹੀ ਕੋ ਨਾਰ ॥ ਜਬ ਇਛਿਆ ਤਿਨ ਹੋਤ ਹੈ ਤਬ ਰਮਤੇ ਕਰਿ ਪਿਆਰ ॥੮੩॥ ਦੋਹਰਾ ॥ ਜੋਗ ਭ੍ਰਿਸਟ ਤਬ ਸੂਰਗ ਮੈ ਐਸੇ ਭੋਗੇ ਭੋਗ ॥ ਬਹੁ ਭੋਗੈ ਤਬ ਹੋਇ ਅਰੁਚ ਗਿੜੇ ਭ੍ਰਿਸਟੀ ਜੋਗ ॥੮੪॥ ਦੋਹਰਾ ॥ ਪਵਿਤ੍ਰ ਕੁਲ ਮੈ ਜਨਮ ਲੇ ਬ੍ਰਹਮਨ ਖਤ੍ਰੀ ਹੋਇ ॥ ਬਹੁ ਦ੍ਰਬ ਜਿਨ ਕੇ ਗ੍ਰਿਹ ਬਿਖੈ ਐਸਾ ਕੁਲ ਹੈ ਸੋਇ ॥੮੫॥ ਦੋਹਰਾ ॥ ਤਹਾਂ ਉਪਜੈ ਸੁਖ ਭੋਗ ਕੈ ਬਹੁੜ ਜੋਗ ਵਹੁ ਕਰੈ ॥ ਨਿਹਚਲ ਮਨ ਵਹੁ ਹੋਇ ਕਰਿ ਨਿਸਦਿਨ ਮੁਝ ਸੰਗ ਜੁੜੈ ॥੮੬॥ ਦੋਹਰਾ ॥ ਜੁੜਨੇ ਕੇ ਪ੍ਰਸਾਦਿ ਤੇ ਮੁਝ ਕੋ ਪ੍ਰਾਪਤ ਹੋਇ ॥ ਥੋੜਾ ਅਭਿਆਸ ਜਿਨ ਨਰ ਕੀਆ ਤਿਸ ਕੀ ਗਤਿ ਹੈ ਸੋਇ ॥੮੭॥ ਦੋਹਰਾ ॥ ਦੂਸਰ ਜੋਗੀ ਅਉਰ ਹੈ ਬਹੁ ਅਭਿਆਸ ਜਿਹ ਕੀਨ ॥ ਮਿਰਤ ਅਵਸਥਾ ਦੇਹ ਕੀ ਮਨ ਜਗਤ ਬਿਖੇ ਭਇਓ ਲੀਨ ॥੮੮॥ ਦੋਹਰਾ ॥ ਤਿਸ ਕੀ ਗਤਿ ਯਹਿ ਹੋਤ ਹੈ ਵਹੁ ਭੀ ਸੁਰਗੇ ਜਾਇ ॥ ਅਘਾਇ ਰਹੈ ਜਬ ਭੋਗ ਮੈ ਗਿੜੈ ਸੂਰਗ ਤੇ ਆਇ ॥੮੯॥ ਜੋਗੀਸਰ ਕੇ ਗ੍ਰਿਹ

ਬਿਖੇ ਜਨਮ ਲੇਵੈ ਵਹੁ ਸਾਧ ॥ ਜਿਉ ਸੁਖਦੇਵ ਬਿਆਸ ਕੇ ਗ੍ਰਿਹ ਮੈ ਭਏ ਅਗਾਧ ॥੯੦॥ ਦੋਹਰਾ ॥ ਜਨਮਤ ਹੀ ਤਿਸ ਪੁਰਖ ਕੀ ਬੁਧ ਹੋਇ ਪ੍ਰਗਾਸ ॥ ਬਹੁੜ ਜੁੜੇ ਮੁਝ ਜੋਗ ਮੈ ਪਾਵੈ ਸੁਖ ਮੈ ਬਾਸ ॥੯੧॥ ਦੋਹਰਾ ॥ ਜੈਸੇ ਕਾਰਜ ਕਰਤ ਹੀ ਸੋਇ ਜਾਇ ਕੋ ਮੀਤ ॥ ਜਬ ਜਾਗੇ ਤਬ ਫੇਰ ਵਹੁ ਕਾਰਜ ਰਾਖੇ ਚੀਤ ॥੯੨॥ ਦੋਹਰਾ ॥ ਅਪਨੇ ਕਾਰਜ ਮੈ ਲਗੇ ਤੈਸੇ ਜੋਗੀ ਜਾਨ ॥ ਜੋਗੀਸਰ ਕੇ ਗ੍ਰਿਹ ਬਿਖੈ ਉਪਜਤ ਜੋਗ ਕਮਾਨ ॥੯੩॥ ਦੋਹਰਾ ॥ ਅਭਿਆਸ ਜੋ ਪੂਰਬ ਜਨਮ ਕਾ ਤਿਸਕੇ ਮਨ ਮੋ ਸੋਇ ॥ ਜਤਨ ਬਿਨਾ ਅਭਿਆਸ ਵਹੁ ਆਪੇ ਹੀ ਸੋ ਹੋਇ ॥੯੪॥ ਦੋਹਰਾ ॥ ਅਬ ਅਭਿਆਸ ਕੇ ਜੋਗ ਸੋ ਬ੍ਰਹਮ ਸਬਦ ਵਹੁ ਪਾਇ ॥ ਅਰਥ ਸਾਸਤ੍ਰ ਬੇਦਾਂਤ ਕਾ ਅਪਨੇ ਮਨ ਮੈ ਲਾਇ ॥੯੫॥ ਦੋਹਰਾ ॥ ਬੀਚਾਰ ਅਰਥ ਬੇਦਾਂਤ ਤੇ ਮੁਝ ਕੋ ਜਾਨੈ ਮੀਤ ॥ ਪਰਮ ਬ੍ਰਹਮ ਜੋ ਆਤਮਾ ਤਿਸ ਕੋ ਰਾਖੇ ਚੀਤ ॥੯੬॥ ਚੌਪਈ ॥ ਹੇ ਮਹਾਂਬਾਹੁ ਜੋ ਮੈ ਤੁਝ ਕਹਾ ॥ ਜੋਗੀ ਗਤ ਤੈ ਮਨ ਮੌ ਲਹਾ ॥ ਏਕ ਜਨਮ ਵਹੁ ਸਿਧ ਨ ਪਾਵੈ ॥ ਓਹੁ ਜੋਗੀ ਬਹੁ ਦੇਹ ਹੰਢਾਵੈ ॥੯੭॥ ਕਰਮ ਜੋਗ ਸੋ ਜਬ ਸੁਧ ਹੋਇ ॥ ਸਗਲ ਪਾਪ ਮਨ ਕੇ ਤਬ ਖੋਇ ॥ ਤਬ ਗਿਆਂਨ ਤਿਸ ਰਿਦੇ ਮੈ ਆਵੈ ॥ ਗਿਆਨ ਧਾਰ ਮੁਕਤਿ ਕੋ ਪਾਵੈ ॥੯੮॥ ਤੀਨ ਮਾਰਗ ਕਰਿ ਮੁਝ ਕੌ ਮਿਲੈ ॥ ਤੀਨੋਂ ਮਾਰਗ ਹੈਂ ਅਤਿ ਭਲੇ ॥ ਪ੍ਰਿਥਮ ਗਿਆਂਨ ਹੈ ਦੁਤੀ ਤਪਸਿਆ ॥ ਤ੍ਰਿਤੀਐ ਮਾਰਗ ਜੋਗ ਕਾ ਦਸਿਆ ॥੯੯॥ ਤਪ ਤੇਂ ਅਧਿਕ ਗਿਆਂਨ ਕਹਾਵੈ ॥ ਕਰਮਜੋਗ ਸ੍ਰੇਸਟ ਅਤਿ ਪਾਵੈ ॥

ਟੀਕਾਕਾਰਵਾਚ ॥

ਮਨ ਰੋਕਨ ਕਰਮ ਕਾ ਅਰਥ ॥ ਜੋ ਮਨ ਰੋਕਨ ਹੋਇ ਸਮਰਥ ॥੧੦੦॥ ਐਸਾ ਕਰਮ ਕਰੇ ਜੇ ਕੋਈ ॥ ਮਨ ਕੌ ਸਾਂਤ ਕਰੇ ਹੈ ਸੋਈ ॥ ਮਨ ਚਲਤੇ ਤੇਂ ਸਾਂਤ ਜਬ ਭਇਆ ॥ ਤਬ ਉਸ ਦ੍ਰਿਸਟਿ ਏਕ ਬ੍ਰਹਮ ਹੀ ਰਹਿਆ ॥ ਤਾਂ ਤੇਂ ਕਰਮ ਜੋਗ ਅਤਿ ਨੀਕਾ ॥ ਸੰਸਾਰ

ਜੋਗ ਤੇ ਲਾਗੇ ਫੀਕਾ ॥੧੦੧॥ ਗਿਆਂਨ ਅਰਥ ॥ ਚੌਪਈ ॥ ਗਿਆਂਨ ਅਰਥ ਈਹਾਂ ਯਹਿ ਹੋਇ ॥ ਜੋ ਜਾਂਨੈ ਸਭ ਬ੍ਰਹਮ ਹੈ ਸੋਇ ॥ ਮਨ ਕੀ ਦਉੜ ਸਾਂਤ ਨਹੀ ਕਰੈ ॥ ਬਿਖਿਅਨ ਮੈ ਨਿਸਦਿਨ ਮਨ ਧਰੈ ॥੧੦੨॥ ਵਹੁ ਗਿਆਂਨ ਦੁਖ ਸਮੇ ਨ ਹੋਇ ॥ ਮਨ ਜਿਸ ਬਿਖਿਓ ਵਰਤੈ ਸੋਇ ॥ ਤਪਸਿਆ ਤੇ ਉਤਮ ਹੈ ਗਿਆਂਨ ॥ ਤਪ ਕੋ ਦੁਖ ਰੂਪ ਤੂੰ ਜਾਂਨ ॥੧੦੩॥ ਤਪ ਨਿਰਮਮ ਜੋ ਨਰ ਕੋ ਕਰੈ ॥ ਤਿਸ ਕੋ ਗਿਆਂਨ ਦੀਪਕ ਤਬ ਜਰੈ ॥ ਗਿਆਂਨ ਤੇ ਕਰਮ ਜੋਗ ਕੌ ਪਾਵੈ ॥ ਜੋਗ ਬੀਚਾਰ ਤੇ ਚਿਤ ਨ ਧਾਵੈ ॥੧੦੪॥ ਜਬ ਮਨ ਇਸਥਰ ਹੋਵੈ ਮੀਤ ॥ ਸੋਈ ਬ੍ਰਹਮ ਰਾਖੋ ਤੁਮ ਚੀਤ ॥ ਤਾਂਤੇਂ ਅਰਜਨ ਕੌ ਭਗਵਾਨ ॥ ਕਰਮ ਜੋਗ ਹੀ ਕਰੈ ਬਖਾਂਨ ॥੧੦੫॥

## ਸ੍ਰੀ ਭਗਵਾਨੋਵਾਚ ॥

ਪਉੜੀ ॥ ਅਰਜਨ ਤੂੰ ਜੋਗੀ ਹੋਇ ਮੀਤਾ  ਅਉਰ ਭਾਂਤ ਮੈ ਤੁਝ ਕੌ ਆਖੌ ॥ ਸੋ ਸਭਹੂੰ ਜੋਗੋ ਤੇ ਸ੍ਰੇਸਟ  ਜਿਸ ਕੀ ਬਾਤ ਤੁਝੈ ਮੈ ਭਾਖੌ ॥ ਗਲਤ ਭਇਆ ਮਨ ਤਿਸ ਕਾ ਮੁਝ ਮੈ  ਜਿਉ ਪਾਨੀ ਮੈ ਮਿਸਰੀ ਲਾਖੌ ॥ ਜਿਨ ਕੌ ਆਪਾ ਭੂਲ ਗਇਆ ਹਉ  ਅਪਨੇ ਸਿਮਰਨ ਮੈ ਤਿਸ ਰਾਖੌ ॥ ਸਰਧਾ ਸੰਜੁਗਤ ਮੁਝ ਦੇਖੇ ਚਾਹੇ  ਤਿਸ ਕੋ ਮੈ ਅਤਿ ਪ੍ਰੀਤਮੁ ਲਾਖੋ ॥ ਮੁਝ ਬਿਤ੍ਰੇਕ ਤਿਸ ਮਨ ਨਹੀ ਜਾਵੈ  ਤਿਸ ਕੌ ਤਬ ਮੈਂ ਮਨ ਮੌ ਰਾਖੌ ॥ ਸਭ ਜੋਗੋ ਮੈ ਸ੍ਰੇਸਟ ਜੋ ਕਹੀਐ  ਹੇ ਅਰਜਨ ਮੈ ਤੁਝ ਕੌ ਭਾਖੌ ॥੧੦੬॥

## ਟੀਕਾਕਾਰਵਾਚ ॥

ਚਉਪਈ ॥ ਛਠਵਾਂ ਧਿਆਉ ਗੀਤਾ ਕਹਿ ਗਾਇਆ ॥ ਜੋਗ ਗਿਆਨ ਕਾ ਭੇਦ ਬਤਾਇਆ ॥ ਮੁਖ ਸੋ ਕਹੇ ਨਿਰਭਉ ਹੋਇ ਵਰਤੇ ॥ ਮਨ ਠਾਕੇ ਨਹੀ ਬਿਖਿਆ ਕਰਤੇ ॥੧੦੭॥ ਗਿਆਂਨ ਪ੍ਰਾਪਤ ਤੇਂ ਵਹੁ ਸੁਖ ਪਾਵੈ ॥ ਜਬ ਦੁਖ ਹੋਇ ਤਬ ਗਿਆਂਨ ਭੁਲਾਵੈ ॥ ਕਰਮਜੋਗ ॥ ਕਰਮ ਜੋਗ ਹੈ ਇਸ ਕਾ ਨਾਂਉ ॥ ਮਨ ਕੀ ਚਾਲ ਜੋ ਸਾਂਤ ਕਰਾਂਹ

॥੧੦੮॥ ਮਨ ਧਾਵਤ ਵਰਜ ਕਰਿ ਰਾਖੇ ॥ ਅੰਮ੍ਰਿਤ ਅਪਨੇ ਅੰਤਰ ਰਾਖੇ ॥ ਅਮੰਨ ਹੋਇ ਫੁਰਹੈ ਕਛੁ ਨਾਂਹਿ ॥ ਸ੍ਰੇਸਟ ਕਰਮ ਜੋਗ ਜਿਉ ਆਹਿ ॥੧੦੯॥ ਦੋਨੋ ਮਾਰਗ ਮੁਕਤ ਕੇ ਮੀਤਾ ॥ ਦੋਨੋ ਸਾਧ ਮਨ ਅਪਨਾ ਜੀਤਾ ॥ ਮਨ ਜੀਤਾ ਤਬ ਬ੍ਰਹਮ ਸੁਖ ਪਾਇਆ ॥ ਸਭ ਹੀ ਬ੍ਰਹਮ ਤਬ ਦਿਸਟੀ ਆਇਆ ॥੧੧੦॥ ਯਹੀ ਗਿਆਂਨ ਬਾਤ ਪ੍ਰਭ ਕਹੀ ॥ ਕਰਮ ਜੋਗ ਮੈ ਸ੍ਰੇਸਟ ਲਹੀ ॥ ਕਰਮ ਜੋਗ ਗਿਆਂਨ ਇਕ ਮੀਤ ॥ ਦੋਨੋ ਕੀ ਹੈ ਏਕੋ ਰੀਤ ॥੧੧੧॥ ਜੋ ਨਰ ਸਭੀ ਏਕ ਹਰਿ ਦੇਖੈ ॥ ਆਪਸ ਕੌ ਭੀ ਹਰਿ ਹੀ ਪੇਖੈ ॥ ਜੋ ਇਹ ਜਾਨੈ ਮੁਕਤਾ ਸੋਇ ॥ ਤਿਸ ਕੋ ਆਵਾਗਵਨ ਨ ਹੋਇ ॥੧੧੨॥ ਆਵਾਗਵਨ ਨਹੀ ਕਛੁ ਭਾਈ ॥ ਮੁਕਤ ਬੰਧ ਸਭ ਮਨ ਤੇਂ ਪਾਈ ॥ ਮਨ ਕਰਿ ਮੁਕਤ ਸੋ ਮੁਕਤਾ ਜਾਨੋ ॥ ਮਨ ਕਰਿ ਬੰਧ ਸੋ ਬੰਧ ਪਹਿਚਾਨੋ ॥੧੧੩॥ ਜੋ ਦੀਸੈ ਸੋ ਏਕੋ ਮਨ ਹੈ ॥ ਮਨ ਹੀ ਬ੍ਰਹਮ ਮਨ ਹੀ ਬਹੁ ਤਨ ਹੈ ॥ ਜੋ ਮਨ ਜਾਇ ਕਛੁ ਦ੍ਰਿਸਟ ਨ ਆਵੈ ॥ ਅਵਾਚ ਦਿਸਾ ਐਸਾ ਕਹਲਾਵੈ ॥੧੧੪॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਆਤਮ ਸੰਯਮ ਯੋਗੋ ਨਾਮ ਛਠਵਾਂ ਧਿਆਇ ॥ ੬॥੬੯੨॥

## ਆਗੇ ਧਿਆਇ ਸਪਤਮਾ ਚਲਿਆ ॥

### ਸ੍ਰੀ ਭਗਵਾਨੋਵਾਚ ॥

ਦੋਹਰਾ ॥ ਚੇਤਾ ਅਪਨੇ ਮਨ ਕਾ ਜਿਹ ਰਾਖਿਓ ਮੁਝ ਮਾਂਹਿ ॥ ਸੋ ਜੋਗੀ ਅਤਿ ਸ੍ਰੇਸਟ ਹੈ ਜੋਗ ਪਾਇਓ ਹੈ ਤਾਂਹਿ ॥੧॥ ਚੌਪਈ ॥ ਜੋ ਨਰ ਮੇਰੇ ਜੋਗ ਸੋ ਜੁੜਿਆ ॥ ਮਨ ਤਿਸ ਕਾ ਬਿਖਿਆ ਤੇ ਮੁੜਿਆ ॥ ਮੇਰੇ ਆਸਰੇ ਹੋਇ ਮੁਖ ਕਹੈ ॥ ਕ੍ਰਿਪਾ ਪ੍ਰਭ ਤੇ ਇਹ ਜੋਗ ਅਹੈ ॥੨॥ ਮੁਝ ਤੇਂ ਕਛੂ ਨ ਹੋਵੈ ਸ੍ਵਾਮੀ ॥ ਹੇ ਕੇਸਵ ਜੀ ਅੰਤਰਜਾਂਮੀ ॥ ਐਸੇ ਸਮਝ ਜੋ ਜੋਗ ਕਮਾਵੈ ॥ ਤਿਸ ਕੇ ਸਮਝੇ ਗਿਆਂਨ ਕੋ ਪਾਵੈ ॥੩॥ ਗਿਆਂਨ ਪਾਇ ਸੰਦੇਹ ਸਭ ਜਾਈ ॥ ਜਿਉ ਕਾ ਤਿਉ ਮੁਝ ਦੇਖੇ ਭਾਈ ॥ ਜੈਸਾ ਮੁਝ ਕੋ ਜੋਗੀ ਜਾਨੈ ॥ ਜੈਸਾ ਜਾਨੈ ਕਰੌ ਬਖਾਨੈ ॥੪॥ ਸਗਲ ਮਾਨਸ ਤੇ ਬਿਰਕਤ ਕੋ ਹੋਈ ॥ ਕੋਟਿ ਬਿਰਕਤੋ ਮੈ ਸਿਧ ਕੋ ਹੋਈ ॥ ਕੋਟਿ ਸਿਧੋ ਮੈ ਮੁਕਤਿ ਕੋ ਪਾਵੈ ॥ ਕੋਟਨ ਸੋ ਮੁਝ ਮਾਹਿ ਸਮਾਵੈ ॥੫॥ ਕੋ ਵਿਰਲਾ ਮੁਝ ਕੋ ਪਹਿਚਾਨੈ ॥ ਮੇਰੇ ਪ੍ਰਤਾਪ ਕੋ ਮਨ ਮੈ ਆਨੈ ॥ ਆਗੇ ਤੁਝ ਕੌ ਜੁਗਤਿ ਬਤਾਵੌ ॥ ਦੇਹ ਸੰਜੋਗ ਕੀ ਕਥਾ ਸੁਨਾਵੌ ॥੬॥ ਛੰਦ ॥ ਭੂਮ ਜਲ ਅਰੁ ਅਗਨਿ ਵਾਇ ਪੰਚਮ ਆਕਾਸ ਤਤ ਹੈ ਮੀਤਾ ॥ ਯਹਿ ਪਾਚੋ ਬਾਹਿਰ ਭੀਤਰ ਵਰਤੇ ਪਾਂਚੋ ਵਰਤੇ ਦੇਹ ਕੇ ਭੀਤਾ ॥ ਮਨ ਬੁਧ ਅਹੰਕਾਰ ਯਹਿ ਤੀਨੋ ਉਪਜਨ ਮਾਇਆ ਤੇ ਇਨ ਕੀਤਾ ॥ ਨਉਵਾਂ ਜੀਉ ਤਿਹੰ ਮਾਂਹਿ ਬਿਰਾਜੇ ਸਗਲ ਸੰਸਾਰ ਤਿਹ ਮਹਿ ਉਪਜੀਤਾ ॥੭॥ ਛੰਦ ॥ ਲਖ ਚਉਰਾਸੀਹ ਜੀਉ ਤਿਹ ਤੇਂ ਜਬ ਸਾਜੈ ॥ ਸਭੀ ਦੇਹ ਕੌ ਸਾਜ ਬ੍ਰਹਮ ਤਿਹ ਮਾਹਿ ਬਿਰਾਜੈ ॥ ਮੇਰੀ ਉਸਤਤ ਸੁਨੋ ਆਪੇ ਜੈਸਾ ਮੈਂ ਆਹੀ ॥ ਜਗਤ ਸਾਜੋ ਪ੍ਰਿਤਪਾਲੋ ਅਰ ਸੰਘਾਰ ਕਰਾਹੀ ॥੮॥ ਮੁਝ ਤੇਂ ਪਰੇ ਨ ਕੋਈ ਐਸਾ ਜਾਨ ਤੂੰ ॥ ਸਗਲ ਸੰਸਾਰ ਪਰੋਇਆ ਜਾਨੋ ਮੁਝ ਮੂੰ ॥ ਸੂਤ ਮਾਹਿ ਜਿਉ ਮਨਕੇ ਪ੍ਰੋਏ ਜਾਨੀਐ ॥ ਤਿਉ ਸੰਸਾਰ ਕੇ ਭੀਤਰ ਮੁਝ

ਕੌ ਮਾਨੀਐ ॥੯॥ ਦੋਹਰਾ ॥ ਹੇ ਅਰਜਨ ਯਿਉ ਜਾਨ ਤੂੰ  ਸਭ ਜਗ ਤੋਇ ਅਧਾਰ ॥ ਤਿਸ ਜਲ ਕਾ ਜੀਉ ਰਸ ਹੈ  ਰਸ ਕੋ ਜਲੈ ਅਧਾਰ ॥੧੦॥ ਸੋ ਰਸ ਮੇਰੇ ਆਸਰੇ  ਮੁਝ ਅਧਾਰ ਸੋ ਆਹਿ ॥ ਜੋ ਮੈਂ ਵਰਤੋ ਸਰਬ ਮੈ  ਤਬ ਸਭ ਕੋ ਦਿਸਟਾਹਿ ॥੧੧॥ ਮੰਗਲ ਛੰਦ ॥ ਅਪਨੀ ਮਹਿਮਾ ਤੁਝ ਕੌ ਕਹੌ ॥ ਸਭ ਕਛੁ ਆਪ ਹੀ ਕੌ ਲਹੌ ॥ ਸੂਰਜ ਸੋਮ ਕੀ ਜੋ ਜੋਤ ॥ ਤਿਸ ਕੇ ਆਸਰੇ ਸਭ ਲੋਕ ॥੧੨॥ ਤਿਨ ਕੋ ਜੋਤ ਕਾ ਅਧਾਰ ॥ ਜੋਤ ਮੁਝ ਆਸਰੇ ਹੈ ਯਾਰ ॥ ਯਹਿ ਗਿਆਂਨ ਬੇਦੌ ਮਾਂਹਿ ॥ ਸੋ ਪ੍ਰਗਾਸ ਜਗਤ ਕਰਾਹਿ ॥੧੩॥ ਜਗਤ ਅਧਾਰ ਹੈ ਤਿਸ ਗਿਆਂਨ ॥ ਗਿਆਂਨ ਅਧਾਰ ਬੇਦ ਪਛਾਂਨ ॥ ਬੇਦ ਆਸਰੇ ਓਅੰਕਾਰ ॥ ਸੋ ਓਅੰਕਾਰ ਮੁਝ ਆਧਾਰ ॥੧੪॥ ਸਭ ਜਗ ਆਸਰੇ ਆਕਾਸ ॥ ਜਿਹ ਮੈ ਸਬਦ ਕਾ ਹੈ ਬਾਸ ॥ ਆਕਾਸ ਸਬਦ ਆਧਾਰ ॥ ਸਬਦ ਆਸਰੇ ਮੁਝ ਯਾਰ ॥੧੫॥ ਬਲ ਆਧਾਰ ਸਭ ਜਗ ਫਿਰੇ ॥ ਬਲ ਆਸਰੇ ਮੁਝ ਕਰੈ ॥ ਸਭੀ ਭੂਮ ਕਾ ਜੀਉ ਖੰਡ ॥ ਭੂਮ ਆਸਰਾ ਤਿਸ ਬੰਧ ॥੧੬॥ ਖੰਡ ਅਧਾਰ ਮੇਰਾ ਅਹੈ ॥ ਤਿਸ ਅਧਾਰ ਤੇਂ ਵਹਿ ਰਹੈ ॥ ਅਗਨਿ ਆਧਾਰ ਹੈ ਸੰਸਾਰ ॥ ਤੇਜ ਅਗਨਿ ਕੋ ਆਧਾਰ ॥੧੭॥ ਤੇਜ ਆਧਾਰ ਮੇਰਾ ਹੋਇ ॥ ਮੇਰੇ ਆਧਾਰ ਹੈ ਸਭ ਕੋਇ ॥ ਜੀਉ ਕਾ ਜੀਉ ਮੁਝ ਕੌ ਜਾਂਨ ॥ ਸਭ ਹੀ ਮਾਂਹਿ ਮੁਝ ਕੌ ਮਾਂਨ ॥੧੮। ਤਪਸੀ ਤਪ ਕਾ ਆਧਾਰ ॥ ਤਪ ਮੇਰੇ ਆਧਾਰ ਬੀਚਾਰ ॥ ਅਰਜਨ ਐਸਾ ਮੁਝ ਕੌ ਜਾਂਨ ॥ ਮੁਝ ਕੌ ਜਗਤ ਕੇ ਮਧ ਮਾਂਨ ॥੧੯॥ ਸੋਰਠਾ ॥ ਸਭ ਸੰਸਾਰ ਕਾ ਬੀਜ  ਮੁਝ ਕੌ ਜਾਨੌ ਮੀਤ ਤੂੰ ॥ ਐਸੇ ਹੀ ਤੂੰ ਸਮਝ  ਸਭ ਕਾ ਬੀਜ ਹੈ ਆਤਮਾ ॥੨੦॥ ਚੌਪਈ ॥ ਸਨਾਂਤਨ ਪੁਰਾਤਨ ਮੈ ਹੌ ਮੀਤਾ ॥ ਜਿਨ ਯਹਿ ਸਗਲ ਪਸਾਰਾ ਕੀਤਾ ॥

## ਟੀਕਾਕਾਰਵਾਚ ॥

ਨੇਤ੍ਰ ਉਘਾੜੌਂ ਤਬ ਜਗ ਦਿਸਟਾਵੈ ॥ ਮੂੰਦੋ ਆਖ ਸਭ ਲੈ ਹੋਇ ਜਾਵੈ ॥੨੧॥ ਅੰਤਾਕਰਨ ਮੈ ਸੁਪਨ ਬਤਾਵੌ ॥ ਸੁਪਨ ਤਿਆਗ ਸਖੋਪਤ ਮੈ ਜਾਵੌ ॥ ਤਹਾ ਅਰੂਪ ਨਿਰਦੁੰਦ ਬਿਰਾਜੌ ॥ ਸਭ ਕਾ ਸਾਖੀ ਸਭ ਕੋਂ ਸਾਜੌ ॥੨੨॥ ਜੋ ਦੀਸੈ ਸੋ ਸਗਲ ਅਕਾਲ ॥ ਹਰਿ ਹੈ ਤਰਨ ਬਿਰਧ ਹੈ ਬਾਲ ॥ ਸਭ ਕੋ ਰੂਪ ਬਿਸਨ ਹੈ ਭਾਈ ॥ ਏਕੋ ਬਿਸਨ ਦੂਜਾ ਨਹੀ ਪਾਈ ॥੨੩॥ ਵਹੀ ਬਿਸਨ ਜਬ ਮਾਇਆ ਰਾਚੈ ॥ ਵਰਨ ਆਸ੍ਰਮ ਮੈ ਆਪੇ ਨਾਚੈ ॥ ਆਪ ਤੇਂ ਭਲਾ ਅਵਰ ਕੌ ਜਾਂਨੈ ॥ ਜੀਉ ਦੁਖੀ ਆਪ ਕੌ ਮਾਂਨੈ ॥੨੪॥ ਜਬ ਚਾਹੌ ਮੈ ਪਾਵੌ ਆਪ ॥ ਨਿਤ ਅਨਿਤ ਕਾ ਜਾਪੋ ਜਾਪ । ਅਨਿਤ ਦੇਹ ਕੌ ਜਬ ਵਹਿ ਮਾਂਨੈ ॥ ਨਿਤ ਬਿਸਨ ਆਪ ਕੌ ਜਾਨੈ ॥੨੫॥ ਵਹੀ ਬਿਸਨ ਫਿਰਿ ਆਪ ਹੀ ਹੋਵੈ ॥ ਆਪ ਤੇ ਭਲਾ ਜੋ ਮਨ ਤੇਂ ਖੋਵੈ ॥ ਏਕ ਅਦ੍ਵੈਤ ਮੈ ਭਲਾ ਨ ਬੁਰਾ ॥ ਸੋ ਜਾਨੈ ਜੋ ਪ੍ਰਭ ਸੋ ਜੁੜਾ ॥੨੬॥

## ਸ੍ਰੀ ਭਗਵਾਨੋਵਾਚ ॥

ਦੋਹਰਾ ॥ ਤੇਜੋ ਕਾ ਮੈ ਤੇਜ ਹੌ ਅਰ ਬੁਧੋ ਕੀ ਮੈ ਬੁਧ ॥ ਬਲਵੰਤੋ ਮੈ ਬਲ ਮੈ ਸਿਧੋ ਕੀ ਮੈ ਸਿਧ ॥੨੭॥ ਦੋਹਰਾ ॥ ਕਿਸੀ ਵਸਤ ਕੀ ਕਾਂਮਨਾਂ ਰਾਖੋ ਮਨ ਮੇ ਨਾਹਿ ॥ ਮੋਹੁ ਨ ਰਾਖੌ ਕਿਸੀ ਸੌ ਐਸੇ ਭਾਖੇ ਤਾਂਹਿ ॥੨੮॥ ਚਉਪਈ ॥ ਜੇਤੇ ਧਰਮ ਧਾਰੀ ਜਗ ਮਾਂਹੀ ॥ ਸਭ ਕੇ ਅੰਤਰ ਮੈ ਹੀ ਆਹੀ ॥ ਧਰਮ ਮਾਰਗ ਜੋ ਮਾਰਨਹਾਰੇ ॥ ਤਿਨ ਮੈ ਕਾਂਮਦੇਵ ਮੈ ਪਿਆਰੇ ॥੨੯॥ ਤੀਨੋ ਗੁਨ ਭੀ ਮੁਝ ਕੋ ਜਾਨੋ ॥ ਅਤੀਤ ਸਭਹੂੰ ਤੇ ਮੁਝ ਕੋ ਮਾਨੋ ॥ ਤ੍ਰਿਗੁਨਮੈ ਮਾਇਆ ਮੈ ਕੀਨੀ ॥ ਸੋ ਮਾਇਆ ਮੈ ਜਗ ਕੋ ਦੀਨੀ ॥੩੦॥ ਤਿਸ ਮਾਇਆ ਜਗਤ ਕੋ ਮੋਹਿਓ ॥ ਮਾਇਆ ਲਾਗ ਮੁਝ ਜਾਨਨ ਖੋਇਓ ॥ ਮੈ ਹੋ ਪਰਮ ਅਬਿਨਾਸੀ ਰੂਪ ॥ ਸਭ ਹੀ ਮੁਝ ਸੋ ਜਾਨੋ ਭੂਪ ॥੩੧॥ ਹੇ ਅਰਜਨ ਤ੍ਰਿਗੁਨੀ ਜੋ ਮਾਇਆ ॥ ਜਿਨ ਯਹਿ ਸਗਲਾ ਜਗਤ ਭੁਲਾਇਆ ॥

ਅਤਿ ਦੁਤਰ ਹੈ ਮਾਇਆ ਮੇਰੀ ॥ ਤਿਸ ਕਾ ਤਰਨਾ ਕਠਨ ਘਨੇਰੀ ॥੩੨॥ ਜੇ ਕੋ ਮੇਰੀ ਸਰਨੀ ਆਵੈ ॥ ਸੋ ਯਹਿ ਕਠਨ ਮਾਇਆ ਤਰ ਜਾਵੈ ॥ ਮੂੜ ਪ੍ਰਾਨੀ ਮਾਨੁਖ ਜੋ ਆਹੀ ॥ ਸੋ ਯਹਿ ਮਾਇਆ ਤਰਤੇ ਨਾਹੀ ।੩੩॥ ਤਿਨ ਕਾ ਰਿਦਾ ਮਾਇਆ ਨੇ ਛਾਦਾ ॥ ਅਗਿਆਨ ਮੋਹੁ ਸੋ ਤਿਨ ਮਨ ਬਾਂਧਾ ॥ ਤਿਸ ਮੈਂ ਅੰਧ ਭਏ ਹੈਂ ਪ੍ਰਾਨੀ ॥ ਤਿਨ ਪ੍ਰਕਿਰਤ ਅਸੁਰੋ ਕੀ ਮਾਂਨੀ ॥੩੪॥ ਦੋਹਰਾ ॥ ਚਾਰ ਪ੍ਰਕਾਰ ਜਿਉ ਆਤਮਾਂ  ਮੁਝ ਕੋ ਸਿਮਰੇ ਮੀਤ ॥ ਗਿਆਂਨੀ ਜੋਗੀ ਰੋਗੀ ਅਰਥੀ ਯਹਿ ਚਾਰੋ ਧਰ ਚੀਤ ॥੩੫॥ ਦੋਹਰਾ ॥ ਗਿਆਨੀ ਸਭ ਤੇ ਸ੍ਰੇਸਟ ਹੈ ਜਿਉ ਕਾ ਤਿਉ ਮੁਝ ਜਾਂਨ ॥ ਏਕੋ ਮੁਝ ਕੋ ਦੇਖਤਾ  ਗਿਆਨੀ ਆਪ ਪਹਿਚਾਂਨ ॥੩੬॥ ਦੋਹਰਾ ॥ ਗਿਆਂਨੀ ਇਤ ਪ੍ਰਕਾਰ ਮੋ  ਮੁਝ ਕੋ ਅਤਿ ਪ੍ਰੈ ਆਂਹਿ ॥ ਬਾਂਛਾ ਕਛੂ ਵਹਿ ਨਾ ਕਰੈ  ਮੈ ਤਿਸ ਹਿਰਦੇ ਮਾਂਹਿ ॥੩੭॥ ਜੋਗੀ ਯਹਿ ਬਿਧ ਸਿੰਮ੍ਰਤਾ  ਮੁਝ ਦੇਖਨ ਧਰ ਚਿਤ ॥ ਰੋਗੀ ਰੋਗ ਸਰੀਰ ਕੇ  ਅਰਥੀ ਅਰਥ ਨਮਿਤ ॥੩੮॥ ਦੋਹਰਾ ॥ ਯਹਿ ਤੀਨੋ ਮੁਝ ਅਤਿ ਪ੍ਰੈ  ਮਨ ਕਰਿ ਜਾਪ ਕਰੇਨ ॥ ਤੀਨੋ ਮਹਾਂ ਪੁੰਨ ਆਤਮਾਂ ਮੇਰੀ ਭਗਤਿ ਮਨ ਦੇਨ ॥੩੯॥ ਦੋਹਰਾ ॥ ਗਿਆਂਨੀ ਮੇਰਾ ਆਤਮਾਂ ਗਿਆਨੀ ਮੇਰਾ ਰੂਪ ॥ ਪਰਮ ਆਤਮਾ ਮੁਝ ਜਾਨਤਾ  ਵਹਿ ਭੀ ਮੁਝ ਸਰੂਪ ॥੪੦॥ ਦੋਹਰਾ ॥ ਗਿਆਂਨੀ ਸੋਂ ਮੁਝ ਪ੍ਰੀਤ ਹੈ  ਜਿਉ ਪ੍ਰਤਖਿ ਤਿਸ ਮਾਂਹਿ ॥ ਮੁਝ ਗਿਆਨੀ ਮੈਂ ਭੇਦ ਨਾਹਿ  ਦੋਨੋ ਏਕੋ ਆਂਹਿ ॥੪੧॥ ਸੋਰਠਾ ॥ ਹੇ ਅਰਜਨ ਸੁਨ ਬਾਤ  ਆਗੇ ਤੁਝ ਕੋ ਮੈ ਕਹੋਂ ॥ ਤੁਝ ਸੰਦੇਹਿ ਮਿਟ ਜਾਤ  ਜਿਸ ਕੇ ਸੁਨਨੇ ਬੇਗ ਹੀ ॥੪੨॥ ਛੰਦ ॥ ਜੋਗ ਆਦਿ ਕਰਿ ਸਾਧਨ  ਬਹੁਤ ਜਨਮ ਕਰਤੇ ਜਬ ਬੀਤੇ ॥ ਤਿਹ ਕਰਤੇ ਅੰਤਹ ਸੁਧ ਹੋਵੈ  ਅੰਤਹ ਸੁਧ ਤੇ ਇੰਦ੍ਰੀ ਜੀਤੇ ॥ ਜਬ ਇੰਦ੍ਰੀ ਮਨ ਮੈ ਲੈ ਹੋਵੈ  ਮਨ ਬੁਧ ਆਤਮ ਮੈ ਲੈ ਕੀਤੇ ॥ ਤਬ ਗਿਆਨ ਮੇਰਾ ਤਿਸ ਉਪਜਿਆ  ਸਮ ਲਾਗੇ ਤਿਸ ਵੈਰੀ ਮੀਤੇ ॥੪੩॥ ਦੋਹਰਾ ॥ ਜਿਸ ਗਿਆਨ ਮੁਝ ਉਪਜਿਓ  ਦਿਸਟੀ ਐਸੀ ਤਿਸ ਹੋਇ ॥ ਜਾਨੈ

ਸਗਲਾ ਬਾਸਦੇਵ ਦੁਤੀਆ ਨਾਂਹੀ ਕੋਇ ॥੪੪॥ ਦੋਹਰਾ ॥ ਦ੍ਰਿਸਟਾ ਬਕਤਾ ਸੁਰਤਾ ਲੇਤਾ ਏਕੋ ਪ੍ਰਭ ਜੀ ਹੋਇ ॥ ਬਾਸਦੇਵ ਜਿਨ ਜਾਂਨਿਆਂ ਬਾਸਦੇਵ ਹੈ ਸੋਇ ॥੪੫॥ ਦੋਹਰਾ ॥ ਐਸਾ ਆਤਮਾ ਪੁਰਖ ਵਿਰਲਾ ਜਗ ਮੈ ਜਾਨੀਐ ॥ ਸੰਸਾਰ ਬਿਖੇ ਦੁਰਲੰਭ ਹੈ ਮੁਝ ਸਰੂਪ ਵਹਿ ਮਾਨੀਐ ॥੪੬॥ ਦੋਹਰਾ ॥ ਅਰਥ ਨਮਿਤ ਉਪਾਸਨਾ ਦੇਵੋ ਕੀ ਜੋ ਕਰੈ ॥ ਮੋ ਸੋ ਹੋਇ ਹੈ ਕਾਂਮਨਾਂ ਪ੍ਰੀਤ ਨ ਮੁਝ ਸੋ ਧਰੈ ॥੪੭॥ ਚੌਪਈ ॥ ਕਾਂਮਨਾਂ ਨਮਿਤ ਦੇਵ ਜੋ ਮਾਨੈ ॥ ਮੇਰਾ ਗਿਆਂਨ ਵਹੁ ਮੂਲ ਨ ਜਾਂਨੈ ॥ ਉਪਾਸਨਾਂ ਦੇਵੋ ਕੀ ਮਨ ਕਰੇ ॥ ਨਿਹਚਾ ਦ੍ਰਿੜ ਸੁਰੋ ਮੈ ਧਰੇ ॥੪੮॥ ਤਿਨ ਕਾ ਰਿਦਾ ਸੁਰੋ ਸੋ ਲਾਵੋ ॥ ਤਿਨ ਕੀ ਪ੍ਰੀਤ ਸੁਰ ਮਾਹਿ ਬਢਾਵੋ ॥ ਜਿਸ ਜਿਸ ਦੇਵਤਾ ਕੌ ਜੋ ਜਾਨੈ ॥ ਉਪਾਸਕ ਉਪਾਸਨਾਂ ਤਿਸ ਮੈ ਠਾਨੇਂ ॥੪੯॥ ਪੂਜਾ ਕਰਿ ਕਰਿ ਫਲ ਕੋ ਚਾਹੈ ॥ ਤਿਸੀ ਦੇਵਤਾ ਤੇ ਵਰ ਪਾਹੈ ॥ ਤਿਸੀ ਦੇਵ ਕੋ ਮੈ ਸਮਝਾਵੌਂ ॥ ਮਾਂਗਨਹਾਰ ਕੋ ਫਲ ਦੇਵਾਵੌਂ ॥੫੦॥ ਜੋ ਦੇਵਨ ਸੋ ਬਰ ਕੋ ਪਾਵੈ ॥ ਸੋ ਬਰ ਅਨਿਤ ਨਾਸ ਹੋਇ ਜਾਵੈ ॥ ਜਿਨ ਕੀ ਬੁਧਿ ਹੈ ਮਹਾਂ ਮਲੀਨ ॥ ਮੁਝ ਕੋ ਤਿਆਗ ਸੁਰੋ ਕੋ ਚੀਨ ॥੫੧॥ ਅਰਾਧਨ ਪੂਜਾ ਸੁਰੋ ਕੀ ਕਰੇਂ ॥ ਸੋ ਦੇਵੋਂ ਕੇ ਲੋਕ ਜਾ ਪਰੇਂ ॥ ਜਬ ਦੇਹ ਛਾਡ ਦੇਵਪੁਰ ਜਾਵੈ ॥ ਦੇਵਪੁਰੀ ਤੇਂ ਫੇਰ ਗਿੜ ਆਵੈ ॥੫੨॥ ਜੋ ਮੁਝ ਕੋ ਅਬਗਤ ਨਹੀ ਜਾਨੈਂ ॥ ਬਿਗਤ ਜਨਮਿਆ ਮੁਝ ਕੋ ਮਾਨੈ ॥ ਮੇਰਾ ਪ੍ਰਤਾਪ ਵਹੁ ਜਾਨੈ ਨਾਹੀ ॥ ਜੋ ਉਤਮ ਮੈ ਸਭ ਤੇਂ ਆਹੀ ॥੫੩॥ ਮੁਝ ਤੇ ਉਤਮ ਅਵਰ ਨ ਕੋਈ ॥ ਅਬਿਨਾਸੀ ਮੈ ਆਤਮ ਸੋਈ ॥ ਐਸਾ ਮੁਝ ਕੋ ਜਾਨੈ ਨਾਹੀ ॥ ਸੋ ਹੈ ਮੇਰੀ ਮਾਇਆ ਮਾਹੀ ॥ ਵਹ ਮੂਰਖ ਮੁਝ ਨਾਹਿ ਪਛਾਨੈ ॥ ਹਉ ਅਜਨਮ ਜਨਮ ਮੁਝ ਮਾਨੈ ॥੫੪॥ ਦੋਹਰਾ ॥ ਚਉਦਾ ਹੀ ਬ੍ਰਹਮੰਡ ਮੈ ਜੋ ਕੁਛ ਵਰਤੇ ਜੀਉ ॥ ਸਭਹੂੰ ਕੋ ਮੈ ਜਾਨਤਾ ਅਰ ਸਭ ਹੀ ਮੈ ਕੀਉ ॥੫੫॥ ਦੋਹਰਾ ॥ ਜਿਨ ਕੋ ਆਗੇ ਹੋਵਨਾ ਤਿਨ ਕੋ ਜਾਨੋ ਮੀਤ ॥ ਬੀਤੇ ਪੀਛੇ ਲੋਕ ਜੋ ਸਭ ਹੀ ਮੁਝ ਕੋ ਚੀਤ ॥੫੬॥

ਦੋਹਰਾ ॥ ਮੁਝ ਕੋ ਨਾ ਕੋਈ ਜਾਨਤਾ  ਮੈਂ ਗੋਬਿੰਦ ਭਗਵਾਨ ॥ ਸਭ ਦੇਹੋ ਕੇ ਅੰਤਰੇ  ਮੈ ਹੀ ਪੁਰਖ ਪ੍ਰਧਾਨ ॥੫੭॥ ਦੋਹਰਾ ॥ ਅਰਜਨ ਤੂੰ ਇਕ ਜਾਨਤਾ  ਜਿਉ ਕਾ ਤਿਉ ਮੁਝ ਮੀਤ ॥ ਸੰਸਾਰੀ ਮੁਝੇ ਨ ਜਾਨਤੇ  ਭੋਗੋ ਸੋ ਤਿਨ ਪ੍ਰੀਤ ॥੫੮॥ ਦੋਹਰਾ ॥ ਭਲੀ ਵਸਤ ਕੋ ਚਾਹਤੇ  ਬੁਰੀ ਵਸਤ ਤੇਂ ਕ੍ਰੋਧ ॥ ਗਿਆਨ ਹੀਨ ਕਰ ਮੂੜ ਹੈ  ਤਿਨ ਕੋ ਨਾਹੀ ਬੋਧ ॥੫੯॥ ਦੋਹਰਾ ॥ ਦੁਬਿਧਾ ਕਰਿ ਕਰਿ ਆਖ ਹੈ  ਜਨਮ ਮਰੈ ਵਹਿ ਨੀਤ ॥ ਉਪਜੈਂ ਬਿਨਸੈ ਜਗਤ ਮੈ  ਹੇ ਅਰਜਨ ਧਰ ਚੀਤ ॥੬੦॥ ਦੋਹਰਾ ॥ ਹੇ ਪਾਰਥ ਅਬ ਅਵਰ ਸੁਨ  ਸਗਲ ਗਏ ਤਿਸ ਪਾਪ ॥ ਸੋਈ ਆਤਮ ਜੀਉ ਹੈ  ਤਿਨਹ ਪਛਾਤਾ ਆਪ ॥੬੧॥ ਸੋਰਠਾ ॥ ਕਰਮ ਜੋਗੀ ਸੋ ਜਾਂਨ  ਪੰਚ ਤੀਨ ਤੇ ਮੁਕਤ ਹੈ ॥ ਸੋ ਮੇਰੇ ਸੰਗ ਮਾਂਨ  ਜਿਨ ਨਿਹਚਾ ਮੇਰੇ ਭਜਨ ਕਾ ॥੬੨॥ ਕਵਿਤ ॥ ਮੇਰੇ ਹੀ ਆਸਰੇ ਮੇਰੇ ਹੀ ਪੂਜਾ ਸੋ  ਮੇਰੇ ਧਿਆਂਨ ਸਾਥ ਮੇਰੇ ਸੰਗ ਜੁੜੇ ਹੈਂ ॥ ਜਰਾ ਮਰਨ ਆਦਿ ਤੇ ਸਗਲੇ ਜੋ ਦੁਖ ਹੈ  ਅਵਰ ਪਾਪ ਦੇਹ ਕੇ ਤਿਸ ਕੇ ਸਭ ਮੁੜੇ ਹੈਂ ॥ ਗਿਆਂਨ ਕੇ ਪ੍ਰਸਾਦਿ ਤੈ ਜਾਨੈ ਮੁਝ ਈਸਰ ਕੋ  ਮੇਰਾ ਹੀ ਸਿਮਰਨ ਤਿਨ ਅੰਤਰਿ ਮੈ ਫੁਰੇ ਹੈਂ ॥ ਅਧਿਆਤਮ ਵਹੁ ਸਭੀ ਤੇਂ ਜਾਨੈਂ ਹੈ ਮੇਰੇ ਕੋ  ਮੇਰੇ ਪਛਾਂਨੇ ਕਰਿ ਅਨੰਦ ਮਾਹਿ ਜੁੜੇ ਹੈ ॥੬੩॥ ਦੋਹਰਾ ॥ ਅਧਭੂਤਕ ਅਧਦੇਵ  ਗਿਆਨੀ ਜਾਨੈ ਮੁਝੀ ਕੋ ॥ ਤਿਸ ਜਾਨਨ ਪ੍ਰਸਾਦਿ  ਨਿਸਦਿਨ ਰਹਤੇ ਮੁਝੀ ਮੋ ॥ ੬੪॥ ਦੋਹਰਾ ॥ ਦੇਹ ਤਿਆਂਗਨ ਕੇ ਸਮੇ  ਮੁਝ ਸਿਮ੍ਰਿਨ ਮੈ ਆਹਿ ॥ ਤਿਆਗ ਕਰੇ ਜਬ ਦੇਹ ਕਾ  ਮੁਝ ਪਦਵੀ ਕੋ ਪਾਹਿ ॥੬੫॥ ਸੋਰਠਾ ॥ ਮੇਰੇ ਪਦ ਮੇ ਆਇ  ਜੋ ਨਰ ਪ੍ਰਾਪਤ ਹੋਤ ਹੈ ॥ ਮਹਾਂ ਪਰਮ ਸੁਖ ਪਾਇ  ਸਦਾ ਰਹੇ ਵਹੁ ਮੁਝ ਬਿਖੈ ॥੬੬॥

ਟੀਕਾਕਾਰਵਾਚ ॥

ਚੌਪਈ ॥ ਧਿਆਇ ਸਪਤਮੋ ਪੂਰਨ ਭਇਆ ॥ ਹੰਸ ਜੋਗ ਨਾਮ ਤਿਹ ਕਹਿਆ ॥ ਜੋ ਸੁਨ ਧਾਰੇ ਮਨ ਕੇ ਮਾਹਿ ॥ ਸੋਈ ਬਾਸਦੇਵ ਜੀ

ਆਹਿ ॥ ਸੰਸਾਰ ਭਰਮ ਤਿਸ ਦਿਸਟਿ ਨ ਆਵੈ ॥ ਏਕੋ ਬਾਸਦੇਵ ਸਭ ਪਾਵੈ ॥੬੭॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਗਿਆਨ ਵਿਗਿਆਨ ਯੋਗੋ ਨਾਮ ਸਪਤਮੋ ਧਿਆਇ ॥੭॥੭੫੯॥

## ਆਗੇ ਧਿਆਇ ਅਸਟਵਾਂ ਚਲਿਆ ॥

### ਅਰਜਨੋਵਾਚ ॥

ਦੋਹਰਾ ॥ ਅਰਜਨ ਮੁਖ ਸੋ ਜਿਉ ਕਹੈ ਹੇ ਪੁਰਖੋਤਮ ਦੇਵ ॥ ਬ੍ਰਹਮ ਅਖਰ ਕਾ ਅਰਥ ਕਿਆ ਤਾਂਕਾ ਆਖੋ ਭੇਵ ॥੧॥ ਦੋਹਰਾ ॥ ਅਧਿਆਤਮ ਅਧਭੂਤ ਅਧਦੇਵ ਅਧਜਗ ਤੁਮ ਭਾਖਹੋ ॥ ਆਖੋ ਤਾਂਕਾ ਭੇਉ ਅਰਥ ਜਾਂਨੋ ਤਬ ਸਾਂਤਹੋ ॥੨॥ ਸੋਰਠਾ ॥ ਮਧਸੂਦਨ ਭਗਵਾਂਨ ਯਹਿ ਭੀ ਕਹੋ ਕ੍ਰਿਪਾ ਕਰੇ ॥ ਛਾਡਨ ਸਮੇ ਪ੍ਰਾਨ ਕਿਉ ਕਰਿ ਤਿਆਗੈ ਦੇਹ ਕੋ ॥੩॥ ਦੋਹਰਾ ॥ ਤਿਆਗ ਦੇਹ ਕਾ ਜਬ ਕਰੈ ਤਉ ਤੇਰੇ ਪਦ ਕੋ ਜਾਹਿ ॥ ਕਿਹ ਬਿਧਿ ਯਹਿ ਪਦਵੀ ਲਹੇ ਮੋਹਿ ਸਮਝਾਵੋ ਆਹਿ ॥੪॥

### ਸ੍ਰੀ ਭਗਵਾਨੋਵਾਚ ॥

ਦੋਹਰਾ ॥ ਅਰਜਨ ਪ੍ਰਸਨ ਜਬ ਆਖਿਓ ਉਤਰ ਕਹੇਂ ਭਗਵਾਂਨ ॥ ਹੇ ਅਰਜਨ ਮੈ ਬ੍ਰਹਮ ਹੋ ਸਭ ਤੇ ਪਰੇ ਮੁਝ ਜਾਂਨ ।੫॥ ਚਉਪਈ ॥ ਸਭ ਤੇ ਪਰੇ ਅਬਿਨਾਸੀ ਆਂਹੀ ॥ ਇਹ ਬਿਧਿ ਬ੍ਰਹਮ ਕਹੇ ਮੁਝ ਮਾਂਹੀ ॥ ਅਧਿਆਤਮ ਅਰਥ ਅਖਰ ਚੌਪਾਈ ॥ ਤਿਸ ਕਾ ਲਛਨ ਸੁਨ ਰੇ ਭਾਈ ॥੬॥ ਆਧਿਆਤਮ ਨਾਮ ਜੋ ਮੇਰਾ ਗਿਆਨ ॥ ਤਿਸ ਕਾ ਅਰਥ ਤੂੰ ਐਸਾ ਜਾਂਨ ॥ ਅਪਨੇ ਪ੍ਰਤਾਪ ਤੇ ਮੁਝ ਪ੍ਰਤਾਪ ॥ ਅਪਨੇ ਗਿਆਂਨ ਸੌ ਜਾਪੌ ਜਾਪ ॥੭॥ ਅਪਨੈ ਪ੍ਰਕਾਸ ਜੋਤ ਮੁਝ ਅਹੈ ॥ ਮੇਰਾ ਪ੍ਰਕਾਸ ਸਭ ਬਪ ਮੈਂ ਰਹੈ ॥ ਬ੍ਰਹਮਾ ਆਦਿ ਚੀਟੀ ਪਰਜੰਤ ॥ ਤਿਨ ਕੇ ਮਧਿ ਮੈ ਹੀ ਵਰਤੰਤ ॥੮॥ ਸਭਹੂੰ ਕੋ ਉਤਪਤ ਮੈ ਕਰਤਾ ॥ ਕਰਮ ਰੇਖ ਸਭ ਕੇ ਸਿਰ ਧਰਤਾ ॥ ਜੈਸਾ ਲਿਖੋ ਮਸਤਕ ਕੇ ਮਾਹਿ ॥ ਤਿਸੀ ਭਾਂਤਿ ਵਹਿ ਦੇਹਿ ਵਰਤਾਹਿ ॥੯॥ ਅਧਿਭੂਤ ਅਰਥ ॥ ਚਉਪਈ ॥ ਅਬ ਅਧਿਭੂਤਕ ਅਰਥ ਸੁਣਾਵੋ ।ਭੂਤ ਅਰਥ ਤਤੋ ਕੋ ਪਾਵੋ ॥ ਤਿਨ ਤਤੋ ਮੈ ਰਮਿਓ ਰਾਮ ॥ ਜਿਉ ਅਧਿਭੂਤ ਹੈ ਮੇਰੋ ਨਾਂਮ ॥੧੦॥

ਅਧਦੇਵ ਅਰਥ ॥ ਅਧਦੇਵ ਅਰਥ ਅਖਰ ਪੁਨ ਜਾਨੋ ॥ ਦੇਵ ਨਾਮ ਹੋਨਹਾਰ ਕਾ ਮਾਨੋ ॥ ਤਿਸ ਹੋਨਹਾਰ ਕਾ ਮੈ ਪ੍ਰਭ ਆਪ ॥ ਅਧਦੇਵ ਨਾਮ ਹੈ ਮੁਝ ਪ੍ਰਤਾਪ ॥੧੧॥ ਮੈ ਠਾਕੁਰ ਸਭ ਸੁਰੋ ਕਾ ਮੀਤਾ ॥ ਸੁਰੋ ਜਾਪ ਨਿਤ ਮੇਰਾ ਕੀਤਾ ॥ ਤਾਤੇ ਅਧਦੇਵ ਅਖਰ ਮੈਂ ਆਪ ॥ ਸਭ ਕੇ ਅੰਤਰ ਰਹਿਆ ਬਿਆਪ ॥੧੨॥ ਅਧਜਗ ਅਰਥ ॥ ਅਧਜਗ ਮੈ ਇਹ ਬਿਧ ਹੋਇਆ ॥ ਜੇਤੇ ਜਗ ਹੋਵਨ ਵਿਚ ਭੋਇਆ ॥ ਦੇਵਤਾ ਪਿਤ੍ਰ ਨਮਿਤ ਜੋ ਕਰਤੇ ॥ ਠਾਕੁਰ ਕਉ ਅਧਿਕਾਰੀ ਧਰਤੇ ॥੧੩॥ ਸਭ ਜਗੋ ਕਾ ਮੈ ਅਧਿਕਾਰੀ ॥ ਪ੍ਰਿਥਮੇ ਸਭ ਮੁਝ ਨਾਂਮ ਉਚਾਰੀ ॥ ਜਿਸ ਜਗ ਮਾਂਹਿ ਪ੍ਰਿਥਮ ਮੁਝ ਪੂਜੈ ॥ ਸਫਲਾ ਜਗ ਸੋ ਸਭ ਕੋ ਸੂਝੈ ॥੧੪॥ ਸੋ ਸੁਰਪੁਰ ਕੋ ਪ੍ਰਾਪਤ ਹੋਇ ॥ ਅਧਜਗ ਨਾਮ ਐਸਾ ਮੁਝ ਸੋਇ ॥ ਦੇਹ ਭਰਤਾਂਬਰ ਨਾਂਮ ਮੁਝ ਸੁਨੋ ॥ ਸੋ ਅਰਜਨ ਤੁਮ ਸੋ ਅਬ ਭਨੋਂ ॥੧੫॥ ਸਭ ਤੇਂ ਸੁੰਦਰ ਬਪ ਮੁਝ ਹੋਇ ॥ ਮੁਝ ਬਪ ਸਾਰਖਾ ਦੇਹ ਨ ਕੋਇ ॥ ਜੋ ਬਲ ਮੇਰੀ ਦੇਹ ਮੈ ਅਹੇ ॥ ਤਿਸ ਕੇ ਸਮ ਅਵਰ ਨਾਂ ਲਹੇ ॥੧੬॥ ਦੇਹ ਧਾਰੀਓ ਬਿਖੇ ਸ੍ਰੇਸਟ ਆਹਿ ॥ ਦੇਹ ਭਰਤਾਂਬਰ ਮੁਝ ਨਾਮ ਕਹਾਇ ॥ ਸਭ ਨਾਮੋ ਕਾ ਅਰਥ ਤੁਝ ਕਹਾ ॥ ਸਭੀ ਨਾਮ ਅਪਨਾਂ ਮੈ ਲਹਾ ॥੧੭॥ ਦੋਹਰਾ ॥ ਪ੍ਰਾਂਨ ਛੋਡਨੇ ਕੇ ਸਮੈ ਸਿਮਰੇ ਮੇਰੋ ਜਾਪ ॥ ਜਬ ਵਹੁ ਪ੍ਰਾਨ ਤਿਆਗ ਹੈ ਮੁਝ ਮੈ ਰਹੈ ਬਿਆਪ ॥੧੮॥ ਦੋਹਰਾ ॥ ਸੰਸਾ ਇਸ ਮੈ ਕਛੁ ਨਹੀ ਮੁਝ ਕੋ ਪ੍ਰਾਪਤ ਹੋਇ ॥ ਜੋ ਜੀਵਤ ਮੁਝ ਕੋ ਮਿਲੈ ਮੇਰਾ ਰੂਪ ਹੈ ਸੋਇ ॥੧੯॥ ਮੰਗਲ ਛੰਦ ॥ ਸਭ ਬੇਦ ਭੀ ਜਿਉ ਕਹੈ ॥ ਸੰਸਾਰ ਲੋਕ ਜੋ ਅਹੈ ॥ ਜੋ ਵਸਤ ਸਿੰਮ੍ਰਿਨ ਕਰੈ ॥ ਤਬ ਜੀਉ ਤਿਸ ਮੈਂ ਧਰੈ ॥੨੦॥ ਜਬ ਪ੍ਰਾਂਨ ਤਿਆਗੈ ਆਂਹਿ ॥ ਫਿਰ ਤਿਸ ਵਸਤ ਹੀ ਕੋ ਪਾਹਿ ॥ ਤਿਸ ਕਾਰਨ ਤੁਝ ਕੋ ਕਹੌ ॥ ਅਪਨਾਂ ਮਿਤ੍ਰ ਤੁਝ ਕੋ ਲਹੋਂ ॥੨੧॥ ਨਿਸਦਿਨ ਸਿੰਮ੍ਰਿ ਮੇਰਾ ਨਾਮ ॥ ਸਿੰਮ੍ਰਿਨ ਮਾਂਹਿ ਕਰਿ ਬਿਸ੍ਰਾਂਮ ॥ ਛਿਨ ਭੰਗ੍ਰ ਦੇਹ ਹੈ ਮੀਤ ॥ ਤਬ ਤਿਆਗ ਤਿਸ ਕੀ ਪ੍ਰੀਤ ॥੨੨॥ ਕਿਆ

ਜਾਨੀਐ ਕਬ ਜਾਇ ॥ ਤਿਸ ਅਭਿਆਸ ਹੀ ਕੋ ਪਾਇ ॥ ਜੋ ਜਾਂਨਤੇਂ ਮੁਝ ਨਾਂਮ ॥ ਮੁਝ ਮਾਂਹਿ ਸਭ ਬਿਸ੍ਰਾਂਮ ॥੨੩॥ ਨਾਮ ਬਾਝ ਜੋ ਅਭਿਆਸ ॥ ਤਿਸ ਮੈ ਸਦਾ ਦੁਖ ਕੋ ਬਾਸ ॥ ਨਾਮ ਬਾਝ ਜੋ ਬਿਸ੍ਰਾਮ ॥ ਸੋ ਨਿਤ ਦੁਖ ਹੀ ਕਾ ਕਾਮ ॥੨੪॥ ਜੈਸਾ ਅਭਿਆਸ ਨਿਤ ਕੋ ਕਰੈ ॥ ਤੈਸੀ ਜੋਨ ਹੀ ਮੈਂ ਪਰੈ ॥ ਤਾਤੇ ਸੁਨੋ ਪਾਰਥ ਗਾਥ ॥ ਜੁਧ ਕਰੋ ਮਨ ਕੇ ਸਾਥ ॥੨੫॥ ਮਨ ਚਲਤ ਪਕੜਿ ਲਿਆਇ ॥ ਬੁਧ ਸਾਥ ਮਨ ਠਹਰਾਇ ॥ ਚੇਤਾ ਰਾਖ ਮੇਰੇ ਮਾਂਹਿ ॥ ਤਾਂਤੇਂ ਜੋਗ ਕੋ ਤੂੰ ਪਾਹਿ ॥੨੬॥ ਯਹਿ ਜੋਗ ਕਰਤਾ ਜੋਇ ॥ ਮੁਝਿ ਪਾਵਤਾ ਹੈ ਸੋਇ ॥ ਇਸ ਮਾਂਹਿ ਸੰਸਾ ਨਾਂਹਿ ॥ ਜੈਸੀ ਮਤਿ ਸੋ ਗਤਿ ਪਾਹਿ ॥੨੭॥ ਦੋਹਰਾ ॥ ਜਿਸ ਜੈਸਾ ਅਭਿਆਸ ਕਰਿ  ਮਨ ਰਾਖਿਆ ਮੁਝ ਮਾਂਹਿ ॥ ਚਿਤਵਨ ਮਨ ਕੀ ਸਾਂਤ ਕਰਿ  ਮੁਝਿ ਧਿਆਨ ਕੋ ਆਹਿ ॥੨੮॥ ਦੋਹਰਾ ॥ ਸਭ ਤੇਂ ਪਰੇ ਮੈਂ ਦਿਬ ਪੁਰਖ  ਕਿਸ ਕਰਿ ਮੁਝ ਕੋ ਪਾਂਹਿ ॥ ਸਰਬੰਗੀ ਸਭ ਜਾਨਤਾ  ਸਨਾਤਨ ਪੁਰਾਤਨ ਆਹਿ ॥੨੯॥ ਦੋਹਰਾ ॥ ਭਲਿਓ ਤੇ ਮੈ ਭਲਾ ਹੋ  ਸਭ ਕੋ ਆਗਿਆ ਕਰੋ ॥ ਮੁਝਿ ਅਗਿਆਨ ਕੋ ਨਾ ਕਰੈ ਮੈ ਸੂਖਮ ਦੇਹ ਧਰੋਂ ॥੩੦॥ ਉਤਪਤ ਕਰਤਾ ਸ੍ਰਿਸਟਿ ਕਾ  ਐਸਾ ਮੁਝ ਪ੍ਰਤਾਪ ॥ ਚਿਤ ਕਰਿ ਚਿਤਵਿਆ ਜਾਇ ਨਾ  ਅਚਿੰਤ ਰੂਪ ਮੈ ਆਪ ॥੩੧॥ ਦੋਹਰਾ ॥ ਸੂਰਜ ਤੇ ਜੋ ਆਦਿ ਲੇ  ਪ੍ਰਕਾਸ ਕਰੇ ਜਗ ਸੋਇ ॥ ਤਿਨ ਕੀ ਜੋਤਿ ਮੈ ਜੋਤਿ ਮੁਝ  ਸੋ ਪ੍ਰਕਾਸ ਮੁਝ ਹੋਇ ॥੩੨॥ ਦੋਹਰਾ ॥ ਐਸਾ ਮੁਝ ਪਹਿਚਾਨ ਕਰਿ  ਮਨ ਸੋ ਸਿਮਰੇ ਜੋਇ ॥ ਜਬ ਵਹੁ ਪ੍ਰਾਨ ਤਿਆਗਤਾ  ਮੁਝ ਕੋ ਪ੍ਰਾਪਤ ਹੋਇ ॥੩੩॥ ਚਉਪਈ  ॥ ਭਗਤ ਦੇਹ ਤਿਆਗਨ ਕੇ ਸਮੇ ॥ ਮੇਰੇ ਸਰੂਪ ਮੈਂ ਮਨ ਕਰਿ ਰਮੈਂ ॥ ਜਨਮ ਸੇ ਆਦਿ ਨਾਸ ਪਰਜੰਤ ॥ ਮੇਰੀ ਭਗਤਿ ਕੇ ਮਾਹਿ ਵਰਤੰਤ ॥੩੪॥ ਭਗਤਿ ਜੋਗ ਕੇ ਬਲ ਕਰਿ ਪ੍ਰਾਨੀ ॥ ਦੇਹ ਤਿਆਗ ਮੈ ਮੇਰੋ ਧਿਆਂਨੀ ॥ ਮੇਰੇ ਧਿਆਨ ਤੇ ਮੁਝ ਕੋ ਮਿਲੇ ॥ ਐਸੇ ਭਗਤ ਕੇ ਕਿਲਵਿਖ ਸਭ ਟਲੇ ॥੩੫॥ ਅਰ ਜੋਗੀਸਰ ਭਲੇ ਪ੍ਰਕਾਰ

॥ ਲਿਆਵੈ ਪ੍ਰਾਨ ਤ੍ਰਿਕੁਟੀ ਮੈ ਯਾਰ ॥ ਪ੍ਰਾਂਨੋ ਕੋ ਤ੍ਰਿਕੁਟੀ ਮੈਂ ਠਾਨੇ ॥ ਦਿਬ ਪੁਰਖ ਪਰੇ ਤੇ ਪਰੇ ਵਹਿ ਜਾਨੇ ॥੩੬॥ ਤਿਸੀ ਜਾਪ ਮੈ ਪ੍ਰਾਨ ਤਿਆਗੈ ॥ ਬੇਗ ਮੇਰੇ ਪਦ ਮੈਂ ਵਹੁ ਲਾਗੈ ॥ ਹੇ ਅਰਜਨ ਸਭ ਤੇਜ ਪ੍ਰਤਾਪ ॥ ਤੁਝ ਕੌ ਕਹੇ ਸਗਲ ਮੈ ਆਪ ॥੩੭॥ ਅਬਿਨਾਸੀ ਬੇਦ ਬਕਤਾ ਜਿਸ ਕਹਤੇ ॥ ਸਗਲੇ ਜੀਉ ਤਿਸੀ ਮੈ ਰਹਤੇ ॥ ਸਭ ਪ੍ਰਾਨੀ ਸੰਸਾਰ ਮੈ ਜੋ ਹੈਂ ॥ ਪ੍ਰਾਨ ਤਿਆਗ ਤਿਸ ਪ੍ਰਾਪਤ ਹੋ ਹੈਂ ॥੩੮॥ ਨਮਿਤ ਪਾਵਨੇ ਤਿਸ ਕੇ ਕਾਰਨ ॥ ਬ੍ਰਹਮਚਰਜ ਬ੍ਰਹਮਚਾਰੀ ਧਾਰਨ ॥ ਤਿਸ ਪੁਰਖ ਕਾ ਇਹ ਪ੍ਰਤਾਪ ॥ ਥੋੜੇ ਮੈਂ ਕਹਿਓ ਤਿਸ ਜਾਪ ॥੩੯॥ ਆਗੇ ਤੁਝ ਕੋ ਅਵਰ ਸੁਨਾਵੌਂ ॥ ਜੋਗੀਸਰ ਕੀ ਜੁਗਤਿ ਬਤਾਵੌਂ ॥ ਐਸੀ ਭਾਂਤਿ ਏਕ ਮੁਝ ਕੋ ਚੇਤੇ ॥ ਨਉ ਦੁਆਰ ਸੰਜਮ ਕਰਿ ਬੈਠੇ ॥੪੦॥ ਮਨ ਕੋ ਮੇਰੇ ਮਾਂਹਿ ਵਹ ਰਾਖੈ ॥ ਪ੍ਰਾਨਵਾਇ ਮਸਤਕ ਮੈ ਰਾਖੈ ॥ ਜੋਗ ਜੁਗਤਿ ਕੀ ਧਾਰਨਾ ਧਾਰੇ ॥ ਓਅੰ ਬ੍ਰਹਮ ਇਹ ਜਾਪ ਉਚਾਰੇਂ ॥੪੧॥ ਐਸੇ ਜਾਪ ਮੈ ਬਪ ਕੋ ਛੋੜੇ ॥ ਪਾਂਚ ਤੀਨ ਕੋ ਬੰਧਨ ਤੋੜੇ ॥ ਮੇਰੀ ਗਤਿ ਕੋ ਪ੍ਰਾਪਤ ਹੋਵੈ ॥ ਮੁਝ ਕੌ ਲਾਗ ਬਪ ਮਲ ਧੋਵੈ ॥੪੨॥ ਦੋਹਰਾ ॥ ਪ੍ਰਿਥਮੇ ਮੇਰੇ ਭਗਤ ਕਾ  ਵਰਤੰਤ ਸੁਨੋ ਤੁਮ ਮੀਤ ॥ ਨਿਹਚਲ ਚੇਤਾ ਚਿਤ ਕਾ  ਮੁਝ ਮੈ ਰਾਖੈ ਨੀਤ ॥੪੩॥ ਦੋਹਰਾ ॥ ਮੇਰੀ ਕਰੈ ਉਪਾਸਨਾ  ਮੇਰਾ ਨਾਮ ਨਿਤ ਲੇਇ ॥ ਮੇਰੇ ਨਾਮ ਅਧਾਰ ਬਿਨ  ਸ੍ਵਾਸ ਨ ਜਾਨੈ ਦੇਇ ॥੪੪॥ ਦੋਹਰਾ ॥ ਤਿਨ ਕੋ ਮੈ ਸੁਖ ਦੇਤ ਹੋਂ  ਕਸਟ ਬਿਨਾ ਮੁਝ ਪਾਇ ॥ ਮੇਰੇ ਸੁਖ ਸੋ ਮਗਨ ਹੋਇ  ਮੇਰੇ ਜੋਗ ਜੁਰ ਜਾਇ ॥੪੫॥ ਦੋਹਰਾ ॥ ਮੁਝ ਬੇਗ ਵਹੁ ਪਾਵਤੇ  ਸਭ ਦੁਖ ਤਿਸ ਕੇ ਜਾਂਹਿ ॥ ਜਨਮ ਮਰਨ ਤੇਂ ਮੁਕਤ ਹੋਇ ਸਦਾ ਰਹੇ ਮੁਝ ਮਾਹਿ ॥੪੬॥ ਦੋਹਰਾ ॥ ਸੰਸਾਰ ਜਨਮ ਅਤਿ ਦੁਖ ਹੈ ਸੁਖ ਨਾਹੀ ਤਿਸ ਕੋਇ ॥ ਜਿਨ ਪੁਰਖੋ ਹਰਿ ਜਾਨਿਆ  ਯਹਿ ਜਾਨੇ ਹੈ ਸੋਇ ॥੪੭॥ ਦੋਹਰਾ ॥ ਪਰਮ ਪਦ ਬੈਕੁੰਠ ਜੋ  ਤਿਸ ਮੈਂ ਪ੍ਰਾਪਤ ਪਾਂਹਿ ॥ ਐਸੇ ਮੁਕਤਿ ਕੇ ਲਾਭ ਤੇਂ  ਬਹੁੜ ਨ ਜਗ ਮੈਂ ਆਹਿ

॥੪੮॥ ਕਬਿਤ ॥ ਬ੍ਰਹਮਾਂ ਕੇ ਲੋਗ ਲਗ ਕਰਮੀ ਜੀਉ ਜਾਤ ਹੈਂ ਕਰਮੋ ਕੋ ਭੋਗ ਕਰਿ ਤਹਾਂ ਤੇ ਗਿੜਿ ਆਵੇ ਹੈਂ ॥ ਗਿੜ ਕਰਿ ਸੰਸਾਰ ਮੈ ਕਰਮੋ ਕੇ ਭਾਉ ਤੇ ਵਹੀ ਜੀਉ ਕਰਮੀ ਫਿਰ ਜਨਮ ਪਾਵੇ ਹੈਂ ॥ ਕਰਮ ਅਭਿਮਾਨੀ ਕੀ ਐਸੀ ਗਤਿ ਕਹੀ ਮੋਹਿ ਨਿਰ–ਅਭਿਮਾਨੀ ਸੋ ਹਰਿ ਮੈ ਸਮਾਵੇ ਹੈਂ ॥ ਜਾਨੈ ਅਨਿਤ ਦਿਨ ਬ੍ਰਹਮਾ ਅਰ ਮਾਨਸਾ ਕਾ ਥੋੜਾ ਅਰੁ ਬਹੁਤ ਬਰਾਬਰ ਮਨ ਲਾਵੇ ਹੈਂ ॥੪੯॥ ਚੌਪਈ ॥ ਜਿਨ ਮੁਝ ਗਿਆਨ ਦ੍ਰਿਸਟਿ ਸੋ ਪੇਖਾ ॥ ਤਿਸ ਕਾ ਗਿਆਨ ਮੁਝ ਐਸੇ ਦੇਖਾ ॥ ਐਸਾ ਮਨ ਮੋ ਕਰੇ ਬੀਚਾਰ ॥ ਸੰਸਾਰ ਮਾਹਿ ਜੁਗ ਵਰਤੈ ਚਾਰ ॥੫੦॥ ਚਾਰ ਸਹੰਸਰ ਬਾਰ ਜਬ ਵਰਤੇ ॥ ਏਕ ਦਿਨ ਬ੍ਰਹਮੇਂ ਕਾ ਮਨ ਧਰਤੇ ॥ ਜਬ ਬਹੁੜ ਚਾਰ ਸਹੰਸਰ ਬਾਰ ॥ ਬਰਤੇ ਰਾਤ੍ਰ ਤਬੈ ਤਿਸ ਯਾਰ ॥੫੧॥ ਜਿਨ ਨਰ ਗਿਆਂਨ ਸੋ ਮੁਝੇ ਪਛਾਨਿਆ ॥ ਤਿਸ ਮੁਝ ਭਗਤ ਨੇ ਐਸਾ ਜਾਨਿਆ ॥ ਬ੍ਰਹਮੇ ਕਾ ਦਿਨ ਨ ਨਰੋ ਸਮਾਂਨ ॥ ਲਘ ਦੀਰਘ ਅਨਿਤ ਸਭ ਜਾਂਨ ॥੫੨॥ ਜੋ ਜੋ ਵਸਤ ਬਿਨਾਸੀ ਹੋਇ ॥ ਲਘ ਦੀਰਘ ਏਕ ਸਮ ਸੋਇ ॥ ਜੋ ਕਛੁ ਗਿਨਤੀ ਕੇ ਮਧਿ ਆਇਆ ॥ ਸੋ ਅਨਿਤ ਬੇਦੋ ਨੇ ਗਾਇਆ ॥੫੩॥ ਇਸ ਕਾਰਨ ਤੇ ਪੁਰਖ ਗਿਆਨੀ ॥ ਬ੍ਰਹਮੇ ਨਰ ਕੀ ਅਉਧ ਸਮ ਜਾਨੀ ॥ ਅਬ ਆਗੇ ਜੋ ਅਬਗਤ ਰੂਪ ॥ ਤਿਸ ਕੀ ਬਾਤ ਸੁਨ ਅਰਜਨ ਭੂਪ ॥੫੪॥ ਤਿਸ ਮੇਰੀ ਅਵਗਤ ਮੈ ਹੋਇ ॥ ਉਤਪਤ ਦਿਨ ਬ੍ਰਹਮੇ ਕੇ ਜੋਇ ॥ ਤਿਸ ਕੇ ਦਿਨ ਮੈ ਸਭ ਜਗ ਹੋਇ ॥ ਤਿਸ ਕੀ ਰਾਤ੍ਰ ਮੈ ਬਿਨਸੈ ਸੋਇ ॥੫੫॥ ਰਾਤ੍ਰ ਮਾਂਹਿ ਸ੍ਰਿਸਟਿ ਲੈ ਕਰੌਂ ॥ ਅਪਨੀ ਅਬਗਤ ਮੈ ਸਭ ਧਰੌਂ ॥ ਹੇ ਅਰਜਨ ਤੁਮ ਐਸਾ ਜਾਨੌਂ ॥ ਉਤਪਤ ਸ੍ਰਿਸਟਿ ਬ੍ਰਹਮੇ ਦਿਨ ਮਾਨੌਂ ॥੫੬॥ ਐਸੇ ਦਿਨਸ ਮਾਂਹਿ ਜਗ ਹੋਇ ॥ ਰਾਤ੍ਰ ਮਾਂਹਿ ਬਿਨਸੈ ਸਭ ਕੋਇ ॥ ਬ੍ਰਹਮੇ ਕੀ ਰਾਤ੍ਰ ਪਰਲੈ ਭਾਈ ॥ ਉਤਪਤ ਪਰਲੈ ਅਨਿਤ ਕਹਿ ਗਾਈ ॥੫੭॥ ਤਾਂਤੇ ਜੀਉ ਹਾਥ ਕਛੁ ਨਾਂਹਿ ॥ ਈਸਰ ਕੀ ਮਾਇਆ ਵਰਤਾਂਹਿ ॥ ਸੋ ਮਾਇਆ ਮੇਰੇ ਆਧੀਨ ॥

ਅਬਗਤ ਰੂਪ ਮੁਝ ਐਸਾ ਚੀਨ ॥੫੮॥ ਵਹੁ ਸਰੂਪ ਉਪਜਿਓ ਹੀ ਨਾਂਹਿ ॥ ਸਭ ਤੇ ਪਰੇ ਸਨਾਂਤਨ ਆਂਹਿ ॥ ਪੁਰਾਤਨ ਐਸਾ ਪੁਰਖ ਹੈ ਸੋਇ ॥ ਜਗ ਨਾਸ ਵਹੁ ਨਾਸ ਨ ਹੋਇ ॥੫੯॥ ਹਰਿ ਅਬਗਤ ਅਬਿਨਾਸੀ ਰੂਪ ॥ ਅਖੰਡ ਅਚਲ ਅਨਾਸ ਅਨੂਪ ॥ ਜਿਸ ਕੇ ਲਾਭ ਤੇ ਦੁਖ ਮਿਟ ਜਾਵੈ ॥ ਬਹੁੜ ਜਗਤ ਮੈਂ ਜਨਮ ਨ ਪਾਵੈ ॥੬੦॥ ਸੋ ਪਰਮ ਧਾਂਮ ਤੁਮ ਮੇਰਾ ਜਾਂਨੋ ॥ ਸਭ ਤੇਂ ਪਰੇ ਗੋਬਿੰਦ ਕੋ ਮਾਂਨੋ ॥

## ਟੀਕਾਕਾਰਵਾਚ ॥

ਜੇ ਕੋ ਪ੍ਰਾਂਨੀ ਐਸਾ ਜਾਂਨੇਂ ॥ ਆਪਸ ਕੋ ਜੋ ਬੰਧ ਪਹਿਚਾਂਨੇਂ ॥੬੧॥ ਜਾਨੈ ਕਰਤਾ ਅਵਰ ਹੈ ਕੋਇ ॥ ਜਿਸ ਤੇ ਪ੍ਰਗਟ ਸਭੁ ਕਛੁ ਹੋਇ ॥ ਜੋ ਤਿਸ ਇਛਿਆ ਸੋਈ ਕਰੇ ॥ ਭਰੇ ਸਖਾਰੇ ਖਾਲੀ ਭਰੇ ॥੬੨॥ ਸਭੁ ਕਛੁ ਵਰਤੈ ਤਿਸੀ ਰਜਾਇ ॥ ਜਿਤ ਭਾਵੈ ਤਿਤ ਜੀਉ ਕੋ ਲਾਇ ॥ ਜੀਉ ਮਾਂਹਿ ਸਕਤ ਕਛੁ ਨਾਂਹਿ ॥ ਜੋ ਤਿਸ ਭਾਵੈ ਸੋ ਵਰਤਾਹਿ ॥੬੩॥ ਤਾਂਤੇ ਆਪਾ ਬੇਗ ਤਿਆਗੋ ॥ ਤਿਸ ਕੇ ਹੁਕਮ ਮੈ ਨਿਸਦਿਨ ਲਾਗੋ ॥ ਜਾਨੋ ਮੁਝ ਸੋ ਹੋਇ ਕਛੁ ਨਾਂਹੀ ॥ ਜੋ ਹਰਿ ਭਾਵੈ ਸੋ ਵਰਤਾਹੀ ॥੬੪॥ ਤਾਤੇ ਏਕ ਗੋਬਿੰਦ ਹੈ ਭਾਈ ॥ ਯਹੀ ਬਾਤ ਨਿਆਇ ਕਹਿ ਗਾਈ ॥ ਬੇਦਾਂਤ ਅਰਥ ॥ ਜੋ ਜਾਨੋ ਬੇਦਾਂਤ ਕਾ ਜਾਪ ॥ ਏਕੋ ਬ੍ਰਹਮ ਹੈ ਸਭ ਕਛੁ ਆਪ ॥੬੫॥ ਤਿਸਤੇ ਭੀ ਦੂਜਾ ਕੋ ਨਾਂਹੀ ॥ ਏਕੋ ਰਾਖੋ ਮਨ ਕੇ ਮਾਂਹੀ ॥ ਮੀਮਾਂਸਾ ਅਰਥ ॥ ਅਰਥ ਮੀਮਾਂਸਾ ਕਾ ਜੋ ਜਾਨੋ ॥ ਕਰਮ ਬਾਤ ਰਿਦੇ ਮੈਂ ਮਾਨੋ ॥੬੬॥ ਭਲੇ ਕਰਮ ਤੇਂ ਸੁਭ ਤੁਮ ਪਾਵਹੁ ॥ ਬੁਰੇ ਕਰਮ ਤੇ ਦੁਖ ਮੈਂ ਧਾਵਹੁ ॥ ਬੁਰਾ ਭਲਾ ਤੁਮ ਤੇਂ ਹੀ ਹੋਇ ॥ ਸੁਖ ਦੁਖ ਤੁਮ ਕੋ ਦੇਇ ਨ ਕੋਇ ॥੬੭॥ ਤਾਂਤੇ ਮੀਮਾਂਸਾ ਯਹਿ ਕਹੈ ॥ ਜੈਸਾ ਬੀਜੈ ਤੈਸਾ ਲਹੈ ॥ ਸਭ ਕਿਛੁ ਹੈ ਜੋ ਤੁਮਰੇ ਹਾਥ ॥ ਤੁਮ ਕਿਉ ਰਾਚੋ ਦੁਤੀਏ ਸਾਥ ॥੬੮॥ ਬ੍ਰਹਮ ਰੂਪ ਕਰਮ ਸੁਭ ਬੋਵਹੁ ॥ ਜੈਸਾ ਬੋਵਹੁ ਤੈਸਾ ਹੋਵਹੁ ॥ ਤਾਤੇ ਜੋ ਦੀਸੈ ਸੋ ਬ੍ਰਹਮ ॥ ਭਲਾ ਬੁਰਾ ਹੈ ਮਨ ਕਾ ਕਰਮ ॥੬੯॥ ਸਾਂਖ ਅਰਥ ॥ ਅਰ

ਜੋ ਸਾਂਖ ਬਾਤ ਚਿਤ ਧਰੋ ॥ ਨਿਤ ਅਨਿਤ ਬਿਬੇਕ ਨਿਤ ਕਰੋ ॥ ਤਾ ਭੀ ਜਗਤ ਨਹੀ ਏਕ ਵਹੀ ॥ ਭਰਮ ਮਾਂਹਿ ਜਗਤ ਸਭ ਅਹੀ ॥੭੦॥ ਏਕ ਬ੍ਰਹਮ ਸਾਂਖ ਕਹਿ ਗਾਇਓ ॥ ਦ੍ਰਿਸਟਮਾਨ ਅਨਿਤ ਬਤਾਇਓ ॥ ਬਸੇਖਕ ਅਰਥ ॥ ਜੋ ਬਸੇਖਕ ਕੋ ਤੁਮ ਧਾਰੋ ॥ ਸਭ ਆਧੀਨ ਕਾਲ ਬੀਚਾਰੋ ॥੭੧॥ ਸਮੈ ਮਾਹਿ ਜੋ ਕਛੁ ਤੁਮ ਦੇਖੋ ॥ ਸਾਖੀ ਸਭ ਮੈ ਆਪ ਕੋ ਪੇਖੋ ॥ ਮਰਨ ਜੀਵਨ ਕੀ ਸੋਝੀ ਜਾਨੋ ॥ ਸੀਤ ਉਸਨ ਕੌ ਬੇਗ ਪਛਾਨੋ ॥੭੨॥ ਤੁਮਰੀ ਇਛਿਆ ਸਮਾ ਹੈ ਭਾਈ ॥ ਇਛਿਆ ਨਿਤ ਤੁਮ ਬੀਜ ਕਹਾਈ ॥ ਤੁਮਰੀ ਇਛਿਆ ਬੀਚੇ ਹੋਇ ॥ ਵਹੀ ਸਮਾ ਫਿਰ ਆਵੈ ਸੋਇ ॥੭੩॥ ਤਾਤੇ ਸਮਾਂ ਤੁਝ ਇਛਿਆ ਮਾਂਹਿ ॥ ਦੂਜਾ ਨਹੀ ਸਮਾ ਏਕ ਆਂਹਿ ॥ ਤੁਮ ਅਰ ਇਛਿਆ ਏਕੋ ਆਹੀ ॥ ਜੈਸੇ ਬਿਰਛ ਮਾਂਹਿ ਪਰਛਾਂਹੀ ॥੭੪॥ ਤਾਤੇ ਏਕ ਬ੍ਰਹਮ ਹੈ ਮੀਤ ॥ ਬ੍ਰਹਮ ਇਛ ਏਕੋ ਹੈ ਨੀਤ ॥ ਪਾਤੰਜਲ ਅਰਥ ॥ ਜੋ ਪਾਤੰਜਲ ਪਰ ਚਿਤ ਧਰੇ ॥ ਜੋਗ ਮਾਰਗ ਕੋ ਤੂੰ ਨਿਤ ਕਰੇ ॥੭੫॥ ਦਸਵੇ ਚੜਾਇ ਜੋਤ ਕੋ ਦੇਖੇ ॥ ਸੋ ਭੀ ਏਕ ਆਪ ਕੋ ਪੇਖੇ ॥ ਐਸਾ ਹੈ ਤੂੰ ਪੂਰਨ ਪ੍ਰਾਂਨੀ ॥ ਉਦਮ ਕਰਿ ਕਰਿ ਜੋਤ ਤੁਮ ਜਾਂਨੀ ॥੭੬॥ ਪ੍ਰਿਥਮ ਜੋਤ ਕੇ ਤੁਮ ਹੋ ਮੀਤਾ ॥ ਜਿਨ ਦੇਖਨ ਕਾ ਉਦਮ ਕੀਤਾ ॥ ਅਪਨੇ ਖਿਆਲ ਸਭ ਜੋਤ ਬਨਾਈ ॥ ਤੂੰ ਦੇਖੇ ਤਬ ਦੇਹਿ ਦਿਖਾਈ ॥੭੭॥ ਸਭ ਕਾ ਦੇਖਨਹਾਰ ਤੂੰ ਆਪ ॥ ਸਰਬ ਮਾਂਹਿ ਤੂੰ ਰਹਿਓ ਬਿਆਪ ॥ ਸਰਬ ਨਹੀ ਤੂੰ ਗੋਬਿੰਦ ਏਕ ॥ ਏਕੋ ਤੂੰ ਜਿਸ ਤੇ ਅਨੇਕ ॥੭੮॥ ਤਾਤੇਂ ਨਿਰਬਚਨੀ ਯਹਿ ਬਾਤ ॥ ਖਾਲਸੇ ਮਾਂਹਿ ਕਹੀ ਅਬ ਸਾਂਤ ॥ ਖਾਲਸਾ ਵਹੀ ਜੋ ਏਕੋ ਜਾਨੇ ॥ ਜਗਤ ਆਪ ਗੋਬਿੰਦ ਏਕ ਮਾਨੇ ॥੭੯॥

## ਸ੍ਰੀ ਭਗਵਾਨੋਵਾਚ ॥

ਸੋਰਠਾ ॥ ਅਬਗਤ ਸਰੂਪ ਕੀ ਬਾਤ ਹੇ ਪਾਰਥ ਤੁਝ ਕੋ ਕਹੋ ॥ ਅਬ ਤੂੰ ਸੁਨ ਹੇ ਤਾਤ ਜਿਸ ਪ੍ਰਕਾਰ ਤੇ ਲਾਭ ਹੋ ॥੮੦॥ ਦੋਹਰਾ ॥ ਅਬਗਤ ਸਰੂਪ ਸਭ ਤੇਂ ਪਰੈ ਕਠਨ ਪਾਵੈ ਤਿਸ ਕੋਇ ॥ ਅਖੰਡ

ਭਗਤ ਮੈ ਜੁੜ ਰਹੇ ਤਿਸ ਕੋ ਪਾਵੈ ਸੋਇ ॥੮੧॥ ਅਖੰਡ ਭਗਤ ਕਾ ਅਰਥ ਯਹਿ ਜੋ ਜਾਨੇ ਸਭ ਏਕ ॥ ਆਠ ਪਹਰ ਨਾਂ ਦੇਖਤਾ ਮੁਝ ਅਬਗਤ ਬਿਤ੍ਰੇਕ ॥੮੨॥ ਦੋਹਰਾ ॥ ਸ੍ਵਾਸ ਨ ਲੇਤਾ ਮੁਝ ਬਿਨਾਂ ਸੁਨੇ ਨਹੀ ਬੀਆ ਬਾਤ ॥ ਸੁਨੇ ਸੁਨਾਵੈ ਮੁਝ ਕਥਾ ਚਿਤਵੇ ਮੇਰੀ ਗਾਥ ॥੮੩॥ ਦੋਹਰਾ ॥ ਮੇਰੇ ਬਚਨ ਤੇ ਬਾਹਰਾ ਸ੍ਵਾਸ ਨ ਲੇਤਾ ਕੋਇ ॥ ਇਸੀ ਭਾਂਤ ਜੋ ਵਰਤਦਾ ਅਟਲ ਭਗਤ ਹੈ ਸੋਇ ॥੮੪॥ ਦੋਹਰਾ ॥ ਐਸੀ ਭਗਤਿ ਅਤਿ ਸ੍ਰੇਸਟ ਹੈ ਤਿਸ ਤੇ ਪਾਵੈ ਮੋਹਿ ॥ ਮੇਰੇ ਤੇ ਸਭ ਉਪਜ ਹੈ ਫੇਰ ਲੀਨ ਮੁਝ ਹੋਇ ॥੮੫॥ ਦੋਹਰਾ ॥ ਯਹਿ ਮੇਰਾ ਪਰਤਾਪ ਜੋ ਤੁਝ ਕੋ ਕਹਾ ਬਖਾਂਨ ॥ ਕਹੌਂ ਜੋਗੀਸਰ ਕੀ ਕਥਾ ਤਿਸ ਦੋ ਮਾਰਗ ਜਾਨ ॥੮੬॥ ਚੌਪਈ ॥ ਏਕ ਜੋਗੀ ਦੇਹ ਕੋ ਤਿਆਗ ॥ ਮੁਝ ਬ੍ਰਹਮ ਸੰਗ ਰਹਤਾ ਲਾਗ ॥ ਮੁਝ ਕੌ ਪ੍ਰਾਪਤ ਹੋਵਹਿ ਜੋਗੀ ॥ ਜਿਨ ਦੇਖਿਆ ਏਕ ਹਰਿ ਸਭ ਲੋਗੀ ॥੮੭॥ ਏਕ ਚੰਦ੍ਰਮਾ ਕੀ ਜੋਤ ਪਰਜੰਤ ॥ ਜਾਵੈ ਗਿਰੇ ਫਿਰ ਜਗ ਵਰਤੰਤ ॥ ਤਿਨ ਕੀ ਜੁਗਤ ਵਿਸਥਾਰ ਕਰਿ ਸੁਨੋ ॥ ਹੇ ਅਰਜਨ ਜੈਸੇ ਅਬ ਭਨੌ ॥੮੮॥ ਵਹੁ ਜੋਗੀ ਹੈ ਇਛਿਆ ਚਾਰੀ ॥ ਆਵਨ ਜਾਵਨ ਇਛਿਆ ਧਾਰੀ ॥ ਜਬ ਇਛਿਆ ਤਿਹ ਮੁਕਤਿ ਕੀ ਹੋਇ ॥ ਦੇਹਿ ਤਿਆਗ ਮੁਝ ਮਿਲਤੇ ਸੋਇ ॥੮੯॥ ਮੇਰੇ ਮਾਂਹਿ ਵਹੁ ਲੀਨ ਹੀ ਰਹੈ ॥ ਜਨਮ ਮਰਨ ਕਾ ਮਾਰਗ ਦਹੈ ॥ ਛਾਡਨ ਦੇਹ ਵਹਿ ਐਸੀ ਭਾਂਤ ॥ ਸੁਨ ਵਰਤੰਤ ਜਿਹ ਆਵੈ ਸਾਂਤ ॥੯੦॥ ਸੁਕਲ ਪਖ ਪਿਤ੍ਰੋਂ ਕਾ ਲਹੌਂ ॥ ਦੇਵਤਾ ਦਿਵਸ ਅਵਰ ਅਬ ਕਹੌਂ ॥ ਜਬ ਸੂਰਜ ਉਤਰਾਇਣ ਆਵੈ ॥ ਸੋਈ ਦੇਵੋਂ ਕਾ ਦਿਵਸ ਕਹਾਵੈ ॥੯੧॥ ਜਬ ਛੈ ਮਾਸ ਦਖਣਾਂਇਣ ਜਾਵੈ ॥ ਦੇਵੋ ਕੀ ਵਹੁ ਰਾਤ੍ਰ ਕਹਾਵੈ ॥ ਵਹੁ ਜੋਗੀ ਦੇਵੋਂ ਦਿਨ ਮਾਂਹੀ ॥ ਦੇਹ ਤਿਆਗ ਬ੍ਰਹਮਪੁਰ ਮੈਂ ਜਾਹੀ ॥੯੨॥ ਪ੍ਰੋਜਨ ਤਿਨ ਕਾ ਅਬ ਸੁਨ ਲੇਹਿ ॥ ਸੁਕਲ ਪਖ ਜੋ ਤਿਆਗੈ ਦੇਹਿ ॥ ਦੇਵਤਿਓ ਕੇ ਲੋਕੋ ਕੇ ਮਾਂਹਿ ॥ ਤਿਨ ਕੇ ਲੋਕ ਦੇਖਤੇ ਜਾਹਿ ॥੯੩॥ ਦੇਵ ਦਿਨ ਸਮੇਂ ਤਿਨ

ਕੌ ਦੇਖੈ ॥ ਦੇਵਨ ਕਾ ਮਾਰਗ ਸਭ ਪੇਖੈ ॥ ਵਹਿ ਮਾਰਗ ਕੋ ਦੇਖ ਤਿਆਗੇ ॥ ਅਨਿਤ ਜਾਂਨ ਬ੍ਰਹਮ ਸੰਗ ਲਾਗੇ ॥੯੪॥ ਮੁਝ ਬ੍ਰਹਮ ਮੈ ਲੀਨ ਜਬ ਹੋਇ ॥ ਸੰਸਾਰ ਮੈ ਬਹੁੜ ਨਾ ਆਵੈ ਸੋਇ ॥ ਬ੍ਰਹਮ ਪਹਿਚਾਨ ਬ੍ਰਹਮ ਹੋਇ ਗਇਆ ॥ ਆਵਾਗਵਨ ਜਗਤ ਤੇ ਰਹਿਆ ॥੯੫॥ ਦੋਹਰਾ ॥ ਅਬ ਜੋ ਫਿਰ ਜਗ ਆਵਤਾ  ਤਾਂ ਕੀ ਆਖੋ ਬਾਤ ॥ ਦੇਹਿ ਤਿਆਗੇ ਕਿਸਨ ਪਖ  ਜੋ ਸੁਰ ਪਿਤ੍ਰ ਰਾਤ ॥੯੬॥ ਦੋਹਰਾ ॥ ਸੂਰਜ ਦਖਣ ਹੋਤ ਹੈ  ਜਬ ਵਹਿ ਤਿਆਗੇ ਦੇਹ ॥ ਸੋ ਦੇਵੋ ਕੀ ਰਾਤ੍ਰ ਹੈ  ਹੇ ਅਰਜਨ ਸੁਨ ਲੇਹ ॥੯੭॥ ਦੋਹਰਾ ॥ ਜੋਗੀ ਦੇਹ ਤਿਆਗ ਕੇ ਸੋਮ ਜੋਤਿ ਮੈ ਜਾਇ ॥ ਤਹਾਂ ਸੁਰਨ ਕਾ ਮੰਦ੍ਰ ਹੈ  ਤਾ ਮੈ ਪ੍ਰਾਪਤ ਪਾਇ ॥੯੮॥ ਦੋਹਰਾ ॥ ਤਹਾਂ ਪ੍ਰਾਪਤ ਜੋ ਭਇਆ ਬਹੁੜ ਗਿੜੇ ਜਗ ਮਾਂਹਿ ॥ ਜਨਮ ਲੇਤ ਸੰਸਾਰ ਮੈ  ਕਰਮੋ ਹੀ ਕੋ ਪਾਹਿ ॥੯੯॥ ਚੌਪਈ ॥ ਦੋ ਮਾਰਗ ਜੋਗੀ ਕੇ ਮੀਤਾ ॥ ਤਿਨ ਕਾ ਨਾਮ ਸੁਨੋ ਦੇ ਚੀਤਾ ॥ ਏਕ ਮਾਰਗ ਸੁਕਲ ਗਤ ਕਹੀਐ ॥ ਤਿਸ ਤੇ ਬ੍ਰਹਮ ਪਦਾਰਥ ਲਹੀਐ ॥੧੦੦॥ ਦੁਤੀਆ ਮਾਰਗ ਕਿਸਨ ਗਤ ਜਾਨੌ ॥ ਜਿਸ ਤੇ ਜੋਗੀ ਗਿੜਿਆ ਮਾਨੌ ॥ ਪੁਰਾਤਨ ਮੈ ਦੋ ਮਾਰਗ ਕਹੀਐ ॥ ਤਿਨ ਕੀ ਗਤ ਭਿੰਨ ਭਿੰਨ ਲਹੀਐ ॥੧੦੧॥ ਏਕ ਮਾਰਗ ਤੇ ਮੁਕਤ ਕੋ ਪਾਵੈ ॥ ਦੁਤੀ ਮਾਰਗ ਤੇ ਫਿਰ ਜਨਮ ਆਵੈ ॥ ਹੇ ਪਾਰਥ ਦੋ ਗਤਿ ਤੁਝ ਆਖੀ ॥ ਜਿਨ ਸੁਣ ਸਮਝੀ ਰਿਦ ਮੈ ਰਾਖੀ ॥੧੦੨॥ ਸੋ ਜੋਗੀ ਐਸੀ ਗਤਿ ਪਾਵੈ ॥ ਮਾਇਆ ਕਰਿ ਮੋਹਿਆ ਨਹੀ ਜਾਵੈ ॥ ਰੈਨ ਦਿਨਸ ਮੁਝ ਜੋਗ ਕਮਾਂਵੈ ॥ ਮੇਰੇ ਜੋਗ ਤੇ ਮੁਕਤਿ ਕੋ ਪਾਵੈ ॥੧੦੩॥

## ਟੀਕਾਕਾਰਵਾਚ ॥

ਟੀਕਾਕਾਰ ਅਬੈ ਜਿਉ ਆਖੈ ॥ ਅਰਥ ਸੁਕਲ ਕਿਸਨ ਕਾ ਭਾਖੈ ॥ ਦੋ ਪਖ ਅਰਜਨ ਕੋ ਪ੍ਰਭ ਕਹੇ ॥ ਤਿਨ ਕਾ ਅਰਥ ਮੈ ਐਸੇ ਲਹੇ ॥੧੦੪॥ ਪ੍ਰਿਥਮ ਸੁਕਲ ਅਰਥ ਜਿਉ ਕਹੌ ॥ ਸੁਕਲ ਨਾਮ ਚਾਂਦਨ

ਕਾ ਲਹੌ ॥ ਚਾਂਦਨ ਅਰਥ ਗਿਆਨ ਧਰ ਚੀਤ ॥ ਗਿਆਂਨ ਮੈ ਬਪ ਜੋ ਤਿਆਗੈ ਮੀਤ ॥੧੦੫॥ ਤਿਸ ਪ੍ਰਸਾਦਿ ਸੁਰਲੋਕ ਵਹੁ ਦੇਖੈ ॥ ਤਿਨ ਕੌ ਦੇਖ ਅਨਿਤ ਸਭ ਪੇਖੈ ॥ ਸੁਰਗ ਬੈਕੁੰਠ ਮਾਹਿ ਨਾ ਰਹੇ ॥ ਬ੍ਰਹਮ ਪ੍ਰਾਪਤ ਜੋਗੀ ਲਹੇ ॥੧੦੬॥ ਬ੍ਰਹਮ ਜਾਂਨ ਬ੍ਰਹਮ ਹੋਇ ਜਾਵੈ ॥ ਬ੍ਰਹਮ ਮਿਲੈ ਫਿਰ ਜਨਮ ਨ ਆਵੈ ॥ ਜਿਉ ਬੂੰਦ ਭਿੰਨ ਸਾਗਰ ਤੇ ਹੋਇ ॥ ਪਾਨੀ ਬੂੰਦ ਕਹੈ ਸਭ ਕੋਇ ॥੧੦੭॥ ਨਾਂਮ ਬੂੰਦ ਤਿਸ ਤੇ ਨਹੀ ਜਾਇ ॥ ਜਬ ਲਗ ਸਾਗਰ ਮਿਲੈ ਨ ਧਾਇ ॥ ਜਬ ਵਹਿ ਬੂੰਦ ਸਾਗਰ ਮੈ ਮਿਲੈ ॥ ਵਹੀ ਬੂੰਦ ਸਾਗਰ ਹੋਇ ਚਲੈ ॥੧੦੮॥ ਬੂੰਦ ਨਾਮ ਤਬ ਕਹੈ ਨ ਕੋਇ ॥ ਵਹੀ ਬੂੰਦ ਸਾਗਰ ਹੀ ਹੋਇ ॥ ਬੂੰਦ ਸਾਗਰ ਪਾਂਨੀ ਏਕੋ ਭਾਈ ॥ ਗਿਆਨ ਨੇਤ੍ਰ ਮੈ ਏਕ ਦ੍ਰਿਸਟਾਈ ॥੧੦੯॥ ਆਪ ਮਾਂਹਿ ਐਸੀ ਲਿਵ ਲਾਵਹੁ ॥ ਬੂੰਦ ਮਾਂਹਿ ਸਾਗਰ ਕੋ ਪਾਵਹੁ ॥ ਤਬ ਜੀਉ ਬੁਧ ਕਾ ਨਾਮ ਨ ਰਹੈ ॥ ਏਕੋ ਬ੍ਰਹਮ ਆਪ ਕੋ ਲਹੈ ॥੧੧੦॥ ਤੈਸੇ ਗਿਆਂਨ ਮਾਂਹਿ ਬਪ ਤਿਆਗੈ ॥ ਸੋ ਤੋ ਬ੍ਰਹਮ ਨਿਰਗੁਨ ਮੈਂ ਲਾਗੈ ॥ ਤਹਾਂ ਲਾਗ ਫਿਰ ਜਨਮ ਨ ਧਾਰੇ ॥ ਬੂੰਦ ਵਿਸਾਰ ਸਾਗਰ ਵੀਚਾਰੇ ॥੧੧੧॥ ਜਿਸ ਮੋ ਭਗਤ ਤਿਆਗ ਅਰ ਗਿਆਂਨ ॥ ਭਾਂਨ ਗਿਆਂਨ ਉਤਰਾਇਣ ਮਾਂਨ ॥ ਗਿਆਨੀ ਨਰ ਮੈਂ ਚਾਹਿ ਨ ਕੋਇ ॥ ਜੀਵਤ ਮੁਕਤ ਬ੍ਰਹਮ ਵਹਿ ਸੋਇ ॥੧੧੨॥ ਸੁਕਲ ਪਖ ਉਤਮ ਪੁੰਨ ਹੋਇ ॥ ਦਿਵਸ ਪਿਤ੍ਰੋ ਕਾ ਕਹੀਐ ਸੋਇ ॥ ਸੁਰ ਕੋ ਅਰਥ ਗਿਆਨੀ ਜਾਂਨੋ ॥ ਆਤਮ ਰਮੇ ਸੋ ਸੁਰ ਤੁਮ ਮਾਂਨੋ ॥੧੧੩॥ ਕਿਸਨ ਪਖ ਕਾ ਅਰਥ ਇਹੁ ਭਇਆ ਅਰਥ ਸਿਆਮ ਕਿਸਨ ਕਾ ਲਇਆ ॥ ਅੰਧਕਾਰ ਜੜ ਰੂਪ ਹੈ ਭਾਈ ॥ ਸੋ ਦੇਵੋ ਕੀ ਰਾਤ੍ਰ ਕਹਾਈ ॥੧੧੪॥ ਜੜ ਕੋ ਅਰਥ ਕਰਮ ਚਿਤ ਧਰੋ ॥ ਕਰਮ ਮਾਂਹਿ ਬ੍ਰਹਮ ਤੇ ਗਿੜੋ ॥ ਬਪ ਜੋ ਤਿਆਗੇ ਕਰਮੋ ਮਾਂਹੀ ॥ ਚੰਦ ਲੋਕ ਮੈ ਸੁਕਲ ਹੋ ਜਾਹੀ ॥੧੧੫॥ ਵਹੁ ਬੀਰਜ ਬਰਖਾ ਸੰਗ ਕਰੈ ॥ ਬਹੁੜ ਆਂਨ ਧਰਤੀ ਪਰ ਪੜੈ ॥ ਸੋ ਬੀਰਜ ਫਿਰ ਅੰਨ ਹੋਇ ਜਾਵੈ ॥ ਤਿਸ

ਕੋ ਕਾਟ ਕਰਿ ਸਭ ਜਗ ਖਾਵੈ ॥੧੧੬॥ ਜੋ ਖਾਵੈ ਤਿਸ ਬੀਰਜ ਹੋਇ ॥ ਵਹੀ ਬੀਰਜ ਫਿਰ ਜਨਮੈ ਸੋਇ ॥ ਕਿਸਨ ਪਖ ਜੋ ਦੇਹ ਤਿਆਗੇ ॥ ਆਵਾਗਵਨ ਮਾਂਹਿ ਸੋ ਲਾਗੇ ॥੧੧੭॥ ਕਰਮ ਸਿਆਂਮ ਰੂਪ ਹੈ ਸੋਇ ॥ ਅਗਿਆਂਨ ਮਾਂਹਿ ਕਰਮ ਸਭ ਹੋਇ ॥ ਗਿਆਂਨ ਬਾਤ ਕੋ ਚਿਤ ਨ ਧਰੈ ॥ ਕ੍ਰਿਸਨ ਪਖ ਮੈ ਸਹਜੇ ਮਰੈ ॥੧੧੮॥ ਤਪਸਿਆ ਵਰਤ ਹੋਇ ਜਿਹ ਮਾਹਿ ॥ ਸੋ ਕਰਮ ਪਖ ਦਖਣਾਇਣ ਮਾਂਹਿ ॥ ਤਾਂ ਤੇ ਫਿਰ ਵਹਿ ਜਗ ਮਹਿ ਆਇ ॥ ਭੂਪ ਹੋਇ ਕਰਮੋ ਕੋ ਪਾਇ ॥੧੧੯॥ ਭੋਗ ਰਾਜ ਫਿਰ ਨਰਕੇ ਜਾਇ ॥ ਐਸੇ ਹੀ ਆਵੈ ਅਰ ਜਾਇ ॥ ਖਾਲਸੇ ਮਾਂਹਿ ਐਸੇ ਅਬ ਭਾਖੌ ॥ ਅਕਾਲ ਜਾਪ ਤਿਨ ਕੋ ਨਿਤ ਆਖੌ ॥੧੨੦॥ ਤੁਮ ਭੀ ਸਗਲ ਗਿਆਨ ਕੋ ਧਾਰੋ ॥ ਅਕਾਲ ਸਰਬ ਕੇ ਮਧ ਬੀਚਾਰੋ ॥ ਸਭ ਮੈ ਤੁਮ ਭੀ ਆਪ ਕੋ ਜਾਨੌ ॥ ਆਪ ਮਧ ਅਕਾਲ ਪਹਿਚਾਨੌ ॥੧੨੧॥ ਜੋ ਅਕਾਲ ਹੈ ਤੁਮਰੇ ਮਾਂਹਿ ॥ ਤੁਮ ਨਾਹੀ ਅਕਾਲ ਹੀ ਆਂਹਿ ॥ ਜਬ ਅਕਾਲ ਏਕ ਤੁਮ ਜਾਂਨਿਆ ॥ ਅਕਾਲ ਮਾਹਿ ਆਪ ਕੋ ਮਾਨਿਆਂ ॥੧੨੨॥ ਅਬ ਤੁਮ ਮੁਕਤ ਸਗਲ ਹੀ ਹੋਵਹੁ ॥ ਅਗਿਆਂਨ ਕ੍ਰਿਸਨ ਪਖ ਕੌ ਖੋਵਹੁ ॥ ਐਸਾ ਬਾਸਦੇਵ ਜੀ ਕਹਿਓ ॥ ਅਪਨੇ ਮਨ ਮੈ ਅਰਜਨ ਲਹਿਓ ॥੧੨੩॥

ਸ੍ਰੀ ਭਗਵਾਨੋਵਾਚ ॥

ਦੋਹਰਾ ॥ ਫਲ ਇਸ ਅਠਵੇ ਧਿਆਇ ਕਾ ਐਸੇ ਤੂ ਚਿਤ ਲਾਇ ॥ ਜੇ ਕੋ ਸੁਨੇ ਅਥਵਾ ਪੜੇ ਸੋ ਇਤ ਪਦ ਕੋ ਪਾਇ ॥੧੨੪॥ ਕਵਿਤ ॥ ਚਾਰੋ ਬੇਦ ਪੜੇ ਤੇ ਸਰਬ ਜਗ ਕਰੇ ਤੇ ਤੀਰਥੋ ਕੇ ਨਾਏ ਤੇ ਜੋ ਕਛੁ ਫਲ ਪਾਵੇ ਹੈ ॥ ਪੁੰਨ ਅਨਿਕ ਧਰੇ ਤੇ ਅਨਾਥ ਉਦਰ ਭਰੇ ਤੇ ਰਣ ਮ੍ਰਿਤ ਪਾਏ ਤੇ ਜੋ ਅਪਸਰਾ ਰਮਾਵੇ ਹੈ ॥ ਤਿਨ ਤੇਂ ਅਵਸੇਖ ਫਲ ਜੋ ਕੋ ਯਹਿ ਬ੍ਰਹਮ ਵਿਦਿਆ ਪੜੇ ਸੁਣੇਂ ਅਰ ਧਾਰੇ ਸਮਝਾਵੇ ਹੈ ॥ ਪਾਵੈ ਵਹੁ ਐਸਾ ਨਰ ਪਦਵੀ ਮੁਝ ਬ੍ਰਹਮ ਕੀ ਬ੍ਰਹਮ ਮਾਹਿ ਲੀਨ ਹੋਇ ਸੁਖ ਸੋ ਸਮਾਵੇ ਹੈ ॥੧੨੫॥

ਟੀਕਾਕਾਰਵਾਚ ॥

ਚਉਪਈ ॥ ਅਠਵਾਂ ਧਿਆਉ ਅਤਿ ਨਿਰਮਲ ਰੀਤ ॥ ਭਾਖਿਆ ਕਹੀ ਤਿਨ ਕੀ ਹੇ ਮੀਤ ॥ ਜੇ ਕੋ ਪੜੇ ਅਰ ਮਨ ਮੈ ਧਾਰੇ ॥ ਬ੍ਰਹਮ ਵਿਦਿਆ ਕੌ ਨਿਤ ਵੀਚਾਰੇ ॥ ਮੁਕਤਿ ਪਾਵੇ ਹੈ ਐਸਾ ਸੋਇ ॥ ਸੋ ਭੀ ਆਪ ਬ੍ਰਹਮ ਹੀ ਹੋਇ ॥੧੨੬॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਅਖਰ ਬ੍ਰਹਮ ਯੋਗੋ ਨਾਮ ਅਸ਼ਟਮੋ ਧਿਆਇ॥੮॥੮੮੫॥

## ਆਗੇ ਧਿਆਇ ਨਾਵਾਂ ਚਲਿਆ ॥

### ਸ੍ਰੀ ਭਗਵਾਨੋਵਾਚ ॥

ਸੋਰਠਾ ॥ ਬੋਲੇ ਸਿਰੀ ਭਗਵਾਂਨ ਅਰਜਨ ਪਿਆਰੇ ਮੀਤ ਸੋ ॥ ਸੁਨ ਪਾਰਥ ਯਹਿ ਗਿਆਨ ਗੁਹਜ ਤੇ ਗੁਹਜ ਮੈ ਕਹਤ ਹੋਂ ॥੧॥ ਦੋਹਰਾ ॥ ਤੁਝ ਕੌ ਕਹੋ ਇਸ ਕਾਰਨੇਂ ਜੋ ਤੂੰ ਮੇਰਾ ਮੀਤ ॥ ਮੋ ਭਾਖਨ ਨਿੰਦਿਆ ਨਾ ਕਰੇ ਸਤਿ ਸਤਿ ਮਾਨੇ ਨੀਤ ॥੨॥ ਕਵਿਤ ॥ ਜੇਤੀ ਹੈ ਬਿਦਿਆ ਸਭਹੂੰ ਕੋ ਭੂਪ ਏਹੁ ਗੁਹਜ ਬਾਤ ਸਗਲ ਤੇ ਉਤਮ ਯਹਿ ਗਿਆਂਨ ਹੈ ॥ ਅਗਮ ਤੇਂ ਅਗਮ ਜਾਂਨ ਅਗਮ ਕੀ ਪਹਿਚਾਂਨ ਮਾਂਨ ਜਿਸ ਕੇ ਉਚਰੇ ਅਰੁ ਸੁਨੇ ਤੇ ਅਗਮ ਪੁਰਖ ਮਾਂਨ ਹੈ ॥ ਅਬਿਨਾਸੀ ਸੁਖ ਪ੍ਰਾਪਤ ਹੋਇ ਜੇ ਕੋ ਮਨ ਧਾਰੇ ਸੁਨ ਮਹਿਮਾਂ ਇਸ ਗਿਆਂਨ ਕੀ ਸ੍ਰੇਸਟ ਪ੍ਰਧਾਨ ਹੈ ॥ ਤਿਸ ਕੇ ਮਨ ਧਾਰੇ ਤੇਂ ਬਪ ਸੋਂ ਨਿਆਰਾ ਮਾਂਨ ਅਪਨੇ ਹੀ ਆਪ ਮੈ ਦੇਖੈ ਹਰਿ ਭਾਂਨ ਹੈ ॥੩॥ ਦੋਹਰਾ ॥ ਜੋ ਯਹਿ ਗਿਆਂਨ ਨ ਪਾਵਤੇ ਐਸੀ ਹੈ ਤਿਹ ਬਾਤ ॥ ਮੁਕਤ ਨ ਹੋਤੇ ਦੇਹ ਮੈ ਆਵਾਗਵਨ ਭ੍ਰਮਾਤ ॥੪॥ ਦੋਹਰਾ ॥ ਬਾਰ ਬਾਰ ਸੰਸਾਰ ਮੈ ਜਨਮੇ ਮਰੇ ਵਹੁ ਨੀਤ ॥ ਬਿਨ ਸਰਧਾ ਮੇਰੇ ਗਿਆਂਨ ਕੀ ਮੁਕਤਿ ਨ ਪਾਵੈ ਮੀਤ ॥੫॥ ਦੋਹਰਾ ॥ ਹੇ ਅਰਜਨ ਤੂੰ ਅਵਰ ਸੁਨ ਤ੍ਰੈ ਬਿਧਿ ਮੇਰੋ ਰੂਪ ॥ ਪ੍ਰਿਥਮੇ ਅਬਿਗਤ ਦੁਤੀ ਵੈਰਾਟ ਤ੍ਰਿਤੀਐ ਕ੍ਰਿਸਨ ਸਰੂਪ ॥੬॥ ਸੋਰਠਾ ॥ ਅਬਗਤ ਰੂਪ ਅਪਾਰ ਸਭ ਕਛੁ ਪ੍ਰਗਟ ਤਿਨ ਕੀਆ ॥ ਨਾਂਨਾਂ ਬਿਧਿ ਸੰਸਾਰ ਉਪਜਿਓ ਹੈ ਸਭ ਤਿਸੀ ਸੋ ॥੭॥ ਸੋਰਠਾ ॥ ਬੈਰਾਠ ਭੂਪ ਮੁਝ ਜਾਂਨ ਧਾਰ ਰਹਿਆ ਹੈ ਸਰਬ ਕੋ ॥ ਸੋ ਹੈ ਮਹਾਂ ਪ੍ਰਧਾਂਨ ਏਕ ਸਰੀਰ ਸਭ ਜਗਤ ਹੈ ॥੮॥ ਸੋਰਠਾ ॥ ਇਕ ਸਰੂਪ ਇਹ ਪੇਖ ਅਪਨੇ ਰਥ ਕਾ ਸਾਰਥੀ ॥ ਪਰਤਖ ਮੁਝ ਕੋਂ ਦੇਖ ਗਿਆਨ ਉਪਦੇਸੋ ਭਗਤ ਕੋ ॥੯॥ ਅੜਲ ॥ ਸਰਬ ਜਗਤ ਕਾ ਈਸਰ ਸਭ ਕਾ ਬੀਜ ਮੈ ॥ ਸਭਹੂੰ ਕੇ ਮਧ ਵਰਤੌਂ ਰਹੌਂ ਅਬੀਜ ਮੈ

॥ ਨਿਰਲੇਪ ਨਿਆਰੋਂ ਵਸੌ  ਉਪਜਾਵੌਂ ਸਰਬ ਕੌ ॥ ਜੈਸੇ ਪਉਨ ਨਿਤ ਰਹੈ  ਅਕਾਸ ਕੇ ਉਦਰ ਮੌ ॥ ਅਕਾਸ ਨਾਂਹਿ ਸੋ ਪਰਸੇ  ਤੈਸੇ ਜਾਂਨ ਮੁਝ ॥ ਇਸ ਬਿਧਿ ਬੀਜ ਨਿਆਰਾ  ਭਾਖੋ ਮੀਤ ਤੁਝ ॥੧੦॥ ਦੋਹਰਾ ॥ ਉਤਪਤਿ ਕਰੋਂ ਸਭ ਜਗਤ ਕੌ  ਲੇਪ ਨ ਲਾਗੇ ਮੋ ॥ ਸਦਾ ਨਿਰਲੇਪੀ ਰਹਾ ਮੈ  ਉਪਜਾਵਾਂ ਸਭ ਕੋ ॥੧੧॥ ਮੰਗਲ ਛੰਦ ॥ ਹੇ ਕੁੰਤੀ ਸੁਤ ਤੁਝ ਕੋ ਕਹੌ ॥ ਤੁਝ ਕੋ ਮਿਤ੍ਰ ਅਪਨਾ ਲਹੌਂ ॥ ਕਲਪੰਤ ਕੀ ਯਹਿ ਬਾਤ ॥ ਮਹਾਂ ਪ੍ਰਲੈ ਜਬ ਹੋ ਤਾਤ ॥੧੨॥ ਤਬ ਸਗਲ ਪ੍ਰਾਨੀ ਜੋ ॥ ਲੀਨ ਮਾਇਆ ਕੇ ਮਧ ਹੋ ॥ ਸੋ ਮਾਇਆ ਮੁਝ ਮੈ ਰਹੈ ॥ ਅਰਥ ਮਾਇਆ ਕਾ ਇਛ ਅਹੈ ॥੧੩॥ ਜਬ ਬਹੁੜ ਇਛਾ ਮੈ ਕਰੌ ॥ ਆਦਿ ਰੂਪ ਅਪਨਾਂ ਧਰੌਂ ॥ ਜੋ ਇਛ ਮਾਇਆ ਰੂਪ ॥ ਸੰਸਾਰ ਇਛ ਸਰੂਪ ॥੧੪॥ ਸਿਰਜੋ ਜਗਤ ਮਾਇਆ ਸਾਥ ॥ ਸਭ ਬ੍ਰਹਮੰਡ ਕਾ ਮੈ ਨਾਥ ॥ ਸੋ ਬ੍ਰਹਮੰਡ ਆਪ ਬਸ ਨਾਂਹਿ ॥ ਮੇਰੀ ਮਾਇਆ ਕੇ ਬਸ ਆਹਿ ॥੧੫॥ ਜੋ ਕਛੁ ਕਰੈ ਪ੍ਰਾਨੀ ਕੋ ॥ ਤਿਸ ਕੌ ਲੇਪ ਨਾਹੀ ਹੋ ॥ ਮੁਝ ਇਛ ਵਰਤੇ ਮੀਤ ॥ ਸਭ ਕਰਮ ਮਾਇਆ ਰੀਤ ॥੧੬॥ ਅਬ ਸੁਨ ਧਨੰਜੈ ਯਾਰ ॥ ਸਿਰਜੈ ਅਨਿਕ ਬਿਧਿ ਸੰਸਾਰ ॥ ਰਚਨਾਂ ਰਚੌ ਪ੍ਰਿਤਪਾਲੌਂ ॥ ਸੰਖਾਰੋਂ ਆਪ ਮੈ ਡਾਲੌਂ ॥੧੭॥ ਲਾਗੈ ਨਾਂਹਿ ਮੁਝ ਕੋ ਲੇਪ ॥ ਰਹਤਾ ਸਰਬ ਮਧ ਅਲੇਪ ॥ ਅਬ ਨਿਰਲੇਪ ਗਤਿ ਤੁਮ ਸੁਨੋਂ ॥ ਹੇ ਅਰਜਨ ਜੈਸੇ ਭਨੋਂ ॥੧੮॥ ਮਮ ਮੋਹ ਨਾਹੀ ਕਰੌ ॥ ਉਦਾਸੀ ਰੀਤ ਅਪਨੀ ਧਰੌ ॥ ਸੰਸਾਰ ਤੇ ਜੋ ਉਦਾਸ ॥ ਨਿਰਲੇਪ ਜਾਨੋ ਤਾਸ ॥੧੯॥ ਜੋ ਉਦਾਸ ਜਗਤ ਤੇ ਰਹੈ ॥ ਤਿਸ ਬੰਧਨ ਕੋ ਨਾ ਲਹੈ ॥ ਹੇ ਸਖੇ ਜਿਉ ਧਰ ਚੀਤ ॥ ਉਦਾਸੀ ਹੋਹਿ ਤੂੰ ਨੀਤ ॥ ਤਬ ਕੋ ਲੇਪ ਤੁਝ ਨਾ ਲਗੈ ॥ ਮਮ ਮੋਹ ਤੁਝਿ ਸੋ ਭਗੈ ॥੨੦॥ ਦੋਹਰਾ ॥ ਅਬ ਮੇਰੀ ਬਿਰਥਾ ਸੁਨੋ  ਜੋ ਮੈ ਕੈਸਾ ਮੀਤ ॥ ਇਸਥਾਵਰ ਜੰਗਮ ਜਗਤ ਸਭ  ਮਾਇਆ ਮੇਰੀ ਕੀਤ ॥੨੧॥ ਦੋਹਰਾ ॥ ਉਪਜਨ ਠਉਰ ਸੰਸਾਰ ਕੀ  ਮੁਝ ਸੋ ਅਵਰ ਨ ਜਾਂਨ ॥ ਮੁਝ ਤੇ ਸ੍ਰੇਸਟ ਅਵਰ ਕੋ

ਹੇ ਅਰਜਨ ਮਤ ਮਾਨ ॥੨੨॥ ਦੋਹਰਾ ॥ ਬਿਰਾਜੋ ਤੇਰੇ ਰਥ ਬਿਖੈ ਮੈ ਪ੍ਰਭ ਤ੍ਰਿਭਵਣ ਨਾਥ ॥ ਜੋ ਕਛ ਦ੍ਰਿਸਟੀ ਆਵਤਾ  ਏਕੋ ਮੈਂ ਸਭ ਸਾਥ ॥੨੩॥ ਦੋਹਰਾ ॥ ਮੁਝ ਈਸਰ ਭਗਵਾਂਨ ਕੋ  ਮੂਰਖ ਮੂੜ ਅਰ ਅਗ ॥ ਮਾਨੁਖ ਰੂਪ ਜੋ ਧਾਰਿਆ  ਪੇਖਨ ਨਹੀ ਕਰਤਗ ॥੨੪॥ ਦੋਹਰਾ ॥ ਜਾਨੈ ਨਹੀ ਪ੍ਰਤਾਪ ਮੁਝ  ਪਹਿਚਾਨੈ ਨਾਹੀ ਕੋਇ ॥ ਕਹੈ ਕਿਸਨ ਇਕ ਬਪ ਹੈ  ਅਵਰ ਦੇਹਿ ਜਿਉ ਹੋਇ ॥੨੫॥ ਦੋਹਰਾ ॥ ਤਿਨ ਕਾ ਫਲ ਤੂੰ ਸੁਨ ਸਖੇ  ਕਿਆ ਪਾਵੈ ਵਹੁ ਲੋਕ ॥ ਰਹੇ ਗਿਆਨ ਤੇ ਹੀਨ ਵਹੁ  ਬੂਡੇ ਸਾਗਰ ਸੋਕ ॥੨੬॥ ਦੋਹਰਾ ॥ ਕਰਮ ਭਲੇ ਜੋ ਵਹੁ ਕਰੈ  ਤਿਨ ਕਾ ਫਲ ਦੁਖ ਹੋਇ ॥ ਗਿਆਨ ਸੁਨੈ ਅਰ ਪੜੈ ਬਹੁ ਰਿਦੈ ਨ ਆਵੈ ਸੋਇ ॥੨੭॥ ਦੋਹਰਾ ॥ ਮੁਝੇ ਪਹਿਚਾਂਨੇ ਨਾਹਿ ਜੋ  ਸੋ ਅਗਿਆਂਨੀ ਮੂੜ ॥ ਰਾਖਸ ਦੈਤ ਪ੍ਰਕਿਰਤਿ ਤਿਹ  ਮੋਹੇ ਹੈ ਸੁਨ ਕੂੜ ॥੨੮॥ ਦੋਹਰਾ ॥ ਦੇਵੀ ਪ੍ਰਕਰਤਿ ਜਿਹ ਨਰੋ ਕੀ  ਸੋ ਹੈ ਪੁਰਖ ਸੁਜਾਨ ॥ ਜੈਸਾ ਹੈ ਪ੍ਰਤਾਪ ਮੁਝ  ਸੋ ਵਹਿ ਐਸਾ ਜਾਨ ॥੨੯॥ ਦੋਹਰਾ ॥ ਮੇਰੇ ਪਹਿਚਾਨੈ ਬਿਨਾ  ਕਰੇ ਕਰਮ ਜੋ ਕੋਇ ॥ ਸੋਈ ਕਰਮ ਤਿਸ ਬੰਧ ਹੈ  ਜਨਮੈ ਮਰਤਾ ਸੋਇ ॥੩੦॥ ਦੋਹਰਾ ॥ ਜਿਨ ਮੁਝ ਕੋ ਪਹਿਚਾਨਿਆਂ  ਕਰਮ ਨ ਕਰਤੇ ਜੋਇ ॥ ਅਘਾਇ ਰਹੇ ਹਰਿ ਦੇਖ ਕੈ ਅਵਰ ਚਾਹਿ ਨਹੀ ਕੋਇ ॥੩੧॥ ਦੋਹਰਾ ॥ ਮੁਝ ਕੋ ਈਸਰ ਜਾਂਨ ਕੈ ਸਿੰਮ੍ਰਨ ਮਨ ਮੋ ਧਾਰ ॥ ਇਸਥਾਵਰ ਜੰਗਮ ਜਗਤ ਕੇ  ਮੁਝ ਕੌ ਆਦਿ ਬੀਚਾਰ ॥੩੨॥ ਅਬਿਨਾਸੀ ਮੁਝ ਜਾਨ ਕੇ  ਨਿਤ ਸਿੰਮਰਨ ਮੁਝ ਕਰੇ ॥ ਨਿਰੰਤਰ ਜਪੈ ਗੋਬਿੰਦ ਕੌ  ਨਿਹਚਾ ਤਿਸ ਮੈ ਧਰੇ ॥੩੩॥ ਦੋਹਰਾ ॥ ਪੂਜਾ ਮੇਰੀ ਕਰੇ ਵਹੁ  ਪ੍ਰੇਮ ਭਗਤ ਕੇ ਸਾਥ ॥ ਬਾਰੰ ਬਾਰ ਨਮਸਕਾਰ ਕਰਿ  ਗਾਵੈ ਮੇਰੀ ਗਾਥ ॥੩੪॥ ਦੋਹਰਾ ॥ ਇਤ ਪ੍ਰਕਾਰ ਨਿਤ ਜੁਗਤਿ ਸੋ  ਦੇਵੀ ਪੁਰਖ ਹੈ ਜੋ ॥ ਦੂਜੀ ਗਿਆਨੀ ਕੀ ਕਥਾ  ਅਬ ਕਹਤ ਹੌਂ ਸੋ ॥੩੫॥ ਸੋਰਠਾ ॥ ਗਿਆਂਨੀ ਮੇਰਾ ਭਗਤ  ਗਿਆਂਨ ਜਗ ਕਰਿ ਪੂਜਤਾ ॥ ਗਿਆਂਨੀ ਅੰਮ੍ਰਿਤ ਕੋ ਲਗਤ

ਜੈਸਾ ਹੌ ਤੈਸਾ ਕਹੇ ॥੩੬॥ ਕਵਿਤ ॥ ਪਰਮ ਬ੍ਰਹਮ ਈਸਰ ਤੇ ਰਚਨਾਂ ਹੈ ਰੰਗਾ ਰੰਗ ਬਹੁਤੇ ਪ੍ਰਕਾਰ ਏਕੁ ਈਸੁਰ ਬਿਆਪਿਆ ਜੀ ॥ ਕਾਰਨ ਕਾਰਜ ਵਹੀ ਜਗ ਹੋਮ ਸਭ ਵਹੀ ਕਰਤਾ ਤਿਸ ਜਗ ਕਾ ਏਕੋ ਪ੍ਰਭੁ ਜਾਪਿਆ ਜੀ ॥ ਸਮਗ੍ਰੀ ਅਰ ਧਰ ਵਹੀ ਮੰਤ੍ਰ ਜਗ ਕਰ ਵਹੀ ਹੋਮ ਹੋਮਨਹਾਰ ਵਹੀ ਸਭੀ ਆਪ ਥਾਪਿਆ ਜੀ ॥ ਐਸੇ ਮੁਝ ਬ੍ਰਹਮ ਕੌ ਜਾਨੇ ਵਹੀ ਗਿਆਂਨੀ ਨਰ ਤਿਸ ਕੇ ਬੀਚਾਰ ਸੋ ਮਗਨ ਹੋ ਧ੍ਰਾਪਿਆ ਜੀ ॥੩੭॥ ਚਉਪਈ ॥ ਹੇ ਅਰਜਨ ਤੂੰ ਐਸੇ ਜਾਨ ॥ ਪਿਤਾਮਾ ਜਗਤ ਕਾ ਮੁਝ ਕੋ ਮਾਂਨ ॥ ਮਾਤਾ ਧਾਤਾ ਸਭ ਕਾ ਮੈ ਹੌ ॥ ਬਾਂਧਵ ਪਿਤਾ ਸਭ ਜਗ ਕੋ ਕਹਹੌ ॥੩੮॥ ਬੇਦੋ ਬਿਖੈ ਜੋ ਹੈ ਓਅੰਕਾਰ ॥ ਸੋ ਭੀ ਮੈ ਹੌ ਅਰਜਨ ਯਾਰ ॥ ਤੀਨੋ ਬੇਦ ਭੀ ਮੁਝ ਕੋ ਜਾਨੋ ॥ ਸੰਸਾਰ ਪ੍ਰਕਿਰਤ ਸਭ ਮੁਝ ਸੌ ਮਾਨੋ ॥੩੯॥ ਸਭ ਕਾ ਸਾਖੀ ਮੈ ਹੋ ਪਿਆਰੇ ॥ ਭਜਨੇ ਜੋਗ ਸਭ ਨਾਮ ਹਮਾਰੇ ॥ ਜੋ ਦੀਸੈ ਸੋ ਸਭ ਮੈ ਆਪ ॥ ਸਰਬ ਹੋਇ ਮੈ ਰਹਾ ਬਿਆਪ ॥੪੦॥ ਸਭ ਜਗ ਮੁਝ ਤੇ ਉਪਜਤ ਪਾਰਥ ॥ ਸਭ ਕੀ ਪਰਲੈ ਕਰੌਂ ਜਥਾਰਥ ॥ ਫਿਰ ਸਭ ਲੀਨ ਆਪ ਮੈਂ ਕਰੌ ॥ ਕਉਤਕ ਅਪਨਾਂ ਆਪ ਮੈ ਧਰੋਂ ॥੪੧॥ ਪੂਰਨ ਸਭ ਬਾਤੋ ਮੁਝ ਜਾਨੋ ॥ ਸਭ ਕਾ ਬੀਜ ਇਕ ਮੁਝ ਕੌ ਮਾਨੋ ॥ ਸੂਰਜ ਹੋਇ ਤਪਾਵੋ ਤਾਪ ॥ ਬਰਖੌ ਜਲ ਮੇਘ ਹੋਇ ਆਪ ॥੪੨॥ ਸੰਸਾਰ ਆਪ ਮੈ ਪ੍ਰਗਟ ਕਰੌ ॥ ਸੰਖਾਰੌ ਫਿਰ ਆਪ ਮੈ ਧਰੌ ॥ ਸੁਰਗੁਨ ਅਮਰ ਮੁਝੀ ਤੇਂ ਜਾਂਨ ॥ ਮਿਰਤ ਸੰਸਾਰ ਕੀ ਮੁਝ ਸੋ ਮਾਂਨ ॥੪੩॥ ਅਵਰ ਸੁਨੋ ਅਬ ਅਰਜਨ ਮੀਤ ॥ ਧਰਮ ਅਰਥ ਮੋਖ ਕੀ ਰੀਤ ॥ ਤ੍ਰਿਬਿਧਿ ਬਿਦਿਆ ਇਹੁ ਜਗ ਕਹਾਵੈ ॥ ਕਰਨਹਾਰ ਤਿਸ ਤੇ ਸੁਖ ਪਾਵੈ ॥੪੪॥ ਜੋ ਯਹਿ ਜਗ ਕਰਿ ਮੁਝ ਕੌ ਪੂਜੈ ॥ ਤਿਸ ਕੀ ਬਾਤ ਤਿਸੀ ਮੈ ਬੂਝੈ ॥ ਸੁਮਤਿ ਨਾਮਾਂ ਇਕ ਜਗ ਹੈ ਮੀਤਾ ॥ ਤਿਸ ਕਰਿ ਮੁਝ ਤਿਸ ਪੂਜਨ ਕੀਤਾ ॥੪੫॥ ਪੂਜਾ ਕਰਿ ਮਾਂਗੇ ਫਲ ਤਿਸ ਕੇ ॥ ਸੂਰਗ ਪ੍ਰਾਪਤਿ ਹੋਵੈ ਉਸ ਕੇ ॥ ਸੂਰਗ ਮਾਹਿ ਜਾਇ ਪ੍ਰਾਪਤ ਹੋਇ ॥

ਇੰਦ੍ਰੀ ਭੋਗ ਭੋਗੇ ਬਹੁ ਸੋਇ ॥੪੬॥ ਮਿਰਜਾਦਾ ਪੁੰਨ ਹੋਵੈ ਜਿਸ ਜੇਤੀ ॥ ਅਤਿ ਸੁਖ ਭੋਗੈ ਦੇਵੋ ਸੇਤੀ ॥ ਤਿਸ ਕਾ ਪੁੰਨ ਖੀਣ ਜਬ ਹੋਇ ॥ ਜੋਨ ਮਾਨੁਖ ਫਿਰ ਪਾਵੈ ਸੋਇ ॥੪੭॥ ਇਤ ਪ੍ਰਕਾਰ ਤ੍ਰੈਬਿਧਿ ਜਬ ਕਰੈ ॥ ਤਿਨ ਕਾ ਫਲ ਨਿਤ ਮਨ ਮੋ ਧਰੈ ॥ ਸ੍ਵਰਗ ਜਾਇ ਵਹੁ ਬਹੁੜ ਗਿੜ ਆਵੈ ॥ ਆਵਾਗਵਨ ਨਿਤ ਵਹਿ ਪਾਵੈ ॥੪੮॥ ਸਕਾਮ ਕਰਮ ਤੇ ਨਿਤ ਦੁਖ ਲਹੈ ॥ ਨਿਤ ਜਨਮ ਮਰਨ ਮੈ ਰਹੈ ॥ ਕਾਂਮਨਾਂ ਮੈ ਦੁਖੀ ਹੈ ਨਿਤ ॥ ਸੁਖ ਨਾਹੀ ਤਿਸ ਚਲਤਾ ਚਿਤ ॥੪੯॥ ਦੋਹਰਾ ॥ ਕਾਂਮਨਾਂ ਜਿਸ ਕੋ ਕਛੂ ਨਾਹਿ  ਨਿਹਕਾਂਮ ਕਰੇ ਵਹਿ ਭਗਤਿ ॥ ਮਨ ਕਾ ਚੇਤਾ ਮੁਝ ਬਿਖੈ  ਸੁਖੀ ਰਹੈ ਵਹੁ ਜਗਤ ॥੫੦॥ ਸੋਰਠਾ ॥ ਅਚਾਹ ਅਰ ਨਿਹਚਲ ਬੁਧ  ਐਸਾ ਮੇਰਾ ਭਗਤ ਜੋ ॥ ਸੋ ਹੈ ਨਿਰਮਲ ਸੁਧ  ਚਹੂੰ ਓਰ ਤਿਸ ਕੇ ਫਿਰੋ ॥੫੧॥ ਦੋਹਰਾ ॥ ਤਿਸ ਕੇ ਸਭ ਕਲਿਆਨ ਕੋ  ਫਿਰਤਾ ਰਹੌ ਮੈ ਮੀਤ ॥ ਤਿਸ ਕਾ ਅਬ ਦਿਸਟਾਂਤ ਯਹਿ  ਸੁਨ ਕਰਿ ਰਾਖੋ ਚੀਤ ॥੫੨॥ ਦੋਹਰਾ ॥ ਜੈਸੇ ਘਰ ਧੰਨਵੰਤ ਕੇ  ਪਾਹਰੂ ਚਉਕੀ ਦੇਹ ॥ ਤੈਸੇ ਹੀ ਮੈ ਭਗਤ ਕੀ ਰਖਿਆ ਨਿਤ ਕਰੇਹ ॥੫੩॥ ਦੋਹਰਾ ॥ ਆਠ ਪਹਰ ਤਿਸ ਸੋ ਫਿਰੋਂ ਐਸਾ ਮੁਝ ਕੌ ਜਾਂਨ ॥ ਜਿਉ ਤੂੰ ਮੇਰਾ ਭਗਤ ਹੈ  ਦੇਵੋ ਤੁਝ ਕਲਿਆਨ ॥੫੪॥ ਸੋਰਠਾ ॥ ਐਸੇ ਦੇਖ ਤੂੰ ਆਪ  ਤੁਝ ਰਖਿਆ ਕੋ ਸਾਵਧਾਂਨ ॥ ਰਥ ਤੇਰੇ ਪਰ ਬਿਆਪ  ਸਭ ਦਿਨ ਦੇਹ ਤੁਝ ਰਾਖਤਾ ॥੫੫॥ ਦੋਹਰਾ ॥ ਤੇਰੇ ਦੇਹ ਅਰ ਰਥ ਕੀ  ਰਖਿਆ ਕਰੌ ਮੈ ਮੀਤ ॥ ਮਨ ਤੁਝ ਰਖਿਆ ਜਿਉ ਕਰੌ  ਤਿਸ ਕੀ ਆਖੌ ਰੀਤ ॥੫੬॥ ਅਪਨੀ ਮਹਿਮਾਂ ਸੁਨਾਇ  ਤੁਝ ਨਿਤ ਰਾਖ ਹੋ ॥ ਐਸਾ ਤੂੰ ਚਿਤ ਲਾਇ  ਸਭ ਬਿਧਿ ਰਖਿਆ ਤੁਝ ਕਰੌ ॥੫੭॥ ਚਉਪਈ ॥ ਅਬ ਦੇਵ ਉਪਾਸਕ ਕੀ ਸੁਨ ਬਾਤ ॥ ਜੋ ਦੇਵ ਉਪਾਸਕ ਹੈਂ ਰੇ ਤਾਤ ॥ ਸਰਧਾ ਸੰਜੁਗਤ ਦੇਵ ਕੋ ਪੂਜੈਂ ॥ ਅਪਨੇ ਫਲ ਤੇ ਦੇਵ ਤੇ ਸੂਝੈ ॥੫੮॥ ਦੇਵ ਪੂਜਾ ਭੀ ਮੇਰੀ ਜਾਨ ॥ ਜੋ ਦੀਸੈ ਸੋ ਮੁਝ ਕੌ ਮਾਂਨ ॥ ਮੁਝੇ ਛਾਡ ਦੇਵ ਚਿਤ

ਧਰੇ ॥ ਤੇ ਚਤਰ ਨਾਹਿ ਭੂਲ ਕੇ ਕਰੇ ॥੫੯॥ ਕੈਸੇ ਭੂਲੈ ਵਹੁ ਪੂਜਾਰੀ ॥ ਜੋ ਜਗੋਂ ਕਾ ਮੈ ਹਿਤਕਾਰੀ ॥ ਭੋਗਤਾ ਸਰਬ ਜਗਤ ਕਾ ਮੈ ਹੌ ॥ ਸਭ ਕਾ ਪ੍ਰਭੁ ਆਪ ਕੋ ਲੈ ਹੌ ॥੬੦॥ ਪ੍ਰਿਥਮ ਪੂਜਾ ਸਭ ਮੇਰੀ ਹੋਇ ॥ ਮੁਝ ਪੂਜਾ ਤੋਖੇ ਸਭ ਕੋਇ ॥ ਐਸਾ ਮੁਝੈ ਪਹਿਚਾਨੈ ਨਾਹੀ ॥ ਫਿਰ ਦੇਵੋ ਕੀ ਪੂਜ ਕਰਾਂਹੀ ॥੬੧॥ ਤਿਸ ਪੂਜਾ ਤੇਂ ਜਨਮੇ ਮਰੇ ॥ ਸਕਾਮ ਪੂਜ ਤੇ ਭ੍ਰਮਤਾ ਫਿਰੈ ॥ ਜਨਮ ਮਰਨ ਪਾਵੈ ਵਹੁ ਨੀਤ ॥ ਤਿਸ ਪੂਜਾਰੀ ਕੀ ਯਹਿ ਰੀਤ ॥੬੨॥ ਅਵਰ ਪ੍ਰਗਟ ਤੁਝ ਬਾਤ ਸੁਨਾਵੌ ॥ ਦੇਵ ਪੂਜਾ ਕਾ ਲਾਭ ਬਤਾਵੌ ॥ ਦੇਵਤਾ ਕੌ ਪੂਜੈ ਜੇ ਕੋਇ ॥ ਸੋ ਦੇਵ ਲੋਕ ਮੈਂ ਪ੍ਰਾਪਤ ਹੋਇ ॥੬੩॥ ਰਹੇ ਤਹਾ ਜੇਤਾ ਪੁੰਨ ਹੋਇ ॥ ਪੁੰਨ ਖੀਣ ਗਿੜੇ ਹੈ ਸੋਇ ॥ ਪਿਤ੍ਰੌਂ ਕੋ ਜੋ ਪੂਜਨਹਾਰ ॥ ਪਿਤ੍ਰਲੋਕ ਮੈ ਤਿਸੇ ਬੀਚਾਰ ॥੬੪॥ ਭੂਤ ਪ੍ਰੇਤ ਜੋ ਪੂਜਨਹਾਰੇ ॥ ਸੋ ਤਿਨ ਕੇ ਲੋਕੋ ਮਾਹਿ ਸਧਾਰੇ ॥ ਜੈਸੀ ਮਤਿ ਤੈਸੀ ਤਿਹ ਗਤ ॥ ਯਹੀ ਬਾਤ ਜਾਨੋ ਤੁਮ ਸਤ ॥੬੫॥ ਬ੍ਰਹਮ ਪੂਜ ਬਿਨ ਮੁਕਤ ਨ ਹੋਇ ॥ ਬ੍ਰਹਮ ਪੂਜੈ ਸੋ ਬ੍ਰਹਮ ਹੈ ਸੋਇ ॥ ਆਗੈ ਅਰਜਨ ਤੁਝ ਆਖੌ ਬਾਤ ॥ ਪ੍ਰਿਤਮਾਂ ਪੂਜਨਹਾਰ ਕੀ ਗਾਥ ॥੬੬॥ ਪ੍ਰਿਤਮਾਂ ਸਾਲਗ੍ਰਾਮ ਕੀ ਹੋਇ ॥ ਅਥਵਾ ਧਾਤ ਪਖਾਂਨ ਕੀ ਜੋਇ ॥ ਮੁਝ ਕੌ ਨਿਸਚੇ ਉਸ ਮੋ ਜਾਨੈ ॥ ਮੇਰੀ ਪ੍ਰਿਤਮਾਂ ਕੀ ਪੂਜਾ ਮਾਨੈ ॥੬੭॥ ਸਰਧਾ ਸੰਜੁਗਤ ਪੂਜੈ ਮੁਝ ਤਾਂਈ ॥ ਮੈ ਤਿਸ ਕਾ ਦੀਆ ਭੋਜਨ ਖਾਂਈ ॥ ਤਿਸ ਕਾਰਨ ਤੇ ਹੇ ਕੁੰਤੀ ਸੁਤ ॥ ਐਸੀ ਸੁਨ ਤੂੰ ਮੇਰੀ ਮਤ ॥੬੮॥ ਜੋ ਕਛੁ ਕਰੇ ਅਰੁ ਭੋਜਨ ਖਾਵੈ ॥ ਹੋਮ ਵਸਤ ਜੋ ਤੇਜ ਮੈ ਪਾਵੈ ॥ ਸਭੀ ਸਮਰਪੈ ਮੁਝ ਕੌ ਆਪ ॥ ਤਿਸ ਕੇ ਫਲ ਕਾ ਸੁਨ ਪ੍ਰਤਾਪ ॥੬੯॥ ਸੰਸਾਰ ਮਾਹਿ ਭਲਾ ਅਰ ਬੁਰਾ ॥ ਇਨ ਦੋ ਬੰਧਨ ਮੈ ਜਗ ਜੁੜਾ ॥ ਤਿਨ ਬੰਧਨ ਤੇ ਮੁਕਤਾ ਹੋਵੈ ॥ ਮੁਕਤ ਆਸਨ ਪਹਿ ਨਿਸਦਿਨ ਸੋਵੈ ॥੭੦॥ ਜਿਸ ਗਤ ਕੌ ਸੰਨਿਆਸੀ ਜਾਂਹਿ ॥ ਸੋ ਗਤ ਅਰਜਨ ਤੂੰ ਭੀ ਪਾਂਹਿ ॥

## ਟੀਕਾਕਾਰਵਾਚ ॥

ਅਬ ਆਗੈ ਜਿਉ ਟੀਕਾਕਾਰ ॥ ਪ੍ਰਿਤਮਾਂ ਅਰਥ ਕਹੈ ਬੀਚਾਰ ॥੭੧॥ ਜੇ ਕੋ ਗਿਆਂਨ ਕੀ ਬਾਤ ਨ ਮਾਨੈ ॥ ਕਰਮ ਜੋਗ ਕੋ ਮੂਲ ਨ ਜਾਂਨੈ ॥ ਸੋ ਤੌ ਅਧਮ ਪੁਰਖ ਹੈ ਭੋਗੀ ॥ ਉਤਮ ਗਿਆਂਨੀ ਮਧਮ ਜੋਗੀ ॥੭੨॥ ਅਧਮ ਪੁਰਖ ਕੌ ਪ੍ਰਿਤਮਾ ਦੀਜੈ ॥ ਪ੍ਰਿਤਮਾ ਸੰਗ ਪ੍ਰੀਤ ਤਿਹ ਕੀਜੈ ॥ ਜਬ ਵਹੁ ਪ੍ਰੀਤ ਪ੍ਰਿਤਮਾਂ ਸੋਂ ਕਰੇ ॥ ਸਹਜੇ ਕਰਮਜੋਗ ਚਿਤ ਧਰੇ ॥੭੩॥ ਕਰਮਜੋਗ ਤੇ ਗਿਆਨ ਕੌ ਪਾਵੈ ॥ ਗਿਆਨ ਪਾਇ ਮੁਕਤ ਹੋਇ ਜਾਵੈ ॥ ਤਾਂਤੇ ਪ੍ਰਿਤਮਾਂ ਕੀ ਸੁਨ ਬਾਤ ॥ ਬੇਦੋ ਮਾਂਹਿ ਕਹੀ ਯਹਿ ਗਾਥ ॥੭੪॥ ਸਤਜੁਗ ਕਾ ਜੁਗ ਪੂਰਨ ਭਇਆ ॥ ਤ੍ਰੇਤਾਜੁਗ ਬੇਦ ਤਬ ਕਹਿਆ ॥ ਬੁਧ ਮਲੀਨ ਨਰੌ ਕੀ ਹੋਈ ॥ ਨਿਰਮਲ ਬੁਧ ਅਪਨੀ ਤਿਸ ਖੋਈ ॥੭੫॥ ਸਰੂਪ ਅਪਨੇਂ ਤੇ ਭੂਲ ਵਹੁ ਗਏ ॥ ਪ੍ਰਭ ਖੋਜਨ ਤੇ ਨਉਨਿਧਿ ਲਹੈ ॥ ਜੇ ਕੋ ਤਿਨ ਕੋ ਗਿਆਂਨ ਬਤਾਵੈ ॥ ਤਿਨ ਕੇ ਹਿਰਦੈ ਗਿਆਂਨ ਨ ਆਵੈ ॥੭੬॥ ਕਰਮਜੋਗ ਕਰੇ ਵਹੁ ਨਾਂਹੀ ॥ ਕਹੈ ਅਉਧ ਅਲਪ ਸੀ ਆਹੀ ॥ ਪ੍ਰਭ ਕੋ ਢੂਢਤ ਜਬ ਵਹੁ ਫਿਰੇ ॥ ਤਬ ਬ੍ਰਹਮੇ ਬਚਨ ਇਹੁ ਕਰੇ ॥੭੭॥ ਧਾਤ ਪਖਾਨ ਕੀ ਪ੍ਰਿਤਮਾਂ ਸਾਜੋ ॥ ਤਿਨ ਕੇ ਧਿਆਂਨ ਮੈ ਨਿਤ ਬਿਰਾਜੋ ॥ ਚਿਰੰਕਾਲ ਧਿਆਨ ਤਿਨ ਕਰਾ ॥ ਐਸਾ ਤਿਨ ਤਬ ਮਨ ਮੌ ਧਰਾ ॥੭੮॥ ਕਹੇ ਰਿਦੇ ਮੈ ਐਸੀ ਬਾਤ ॥ ਪ੍ਰਿਤਮਾਂ ਕਿਆ ਪੂਜੈ ਹਮ ਸਾਤ ॥ ਨੇਤ੍ਰ ਨਾਸ ਜੋ ਪ੍ਰਿਤਮਾਂ ਮਾਂਹੀ ॥ ਸੋ ਸਭ ਇੰਦ੍ਰੀ ਮੁਝ ਮੈ ਆਹੀ ॥੭੯॥ ਮੁਖ ਸੀਸ ਪ੍ਰਿਤਮਾਂ ਜੋ ਅਹੈ ॥ ਸੋ ਨਿਤ ਵਹੁ ਭੀ ਮੁਝ ਮੈ ਰਹੈ ॥ ਜੋ ਕਛੁ ਪ੍ਰਿਤਮਾਂ ਮੈ ਮੁਝ ਦੇਖਿਆ ॥ ਵਸੇਖ ਪ੍ਰਿਤਮਾਂ ਤੇ ਆਪ ਕੋ ਪੇਖਿਆ ॥੮੦॥ ਬੋਲੈ ਨਾਹੀ ਜੜ ਦ੍ਰਿਸਟ ਆਵੈ ॥ ਮੈ ਚਈਤਨ ਜੋ ਸਭ ਕੋ ਪਾਵੈ ॥ ਜਬ ਚਈਤਨ ਤਿਸ ਆਪ ਕੌ ਮਾਨਿਆ ॥ ਸਾਖੀ ਜੜ ਚਈਤਨ ਕੋ ਜਾਂਨਿਆ ॥੮੧॥ ਕਹੇ ਸਭੀ ਕਛੁ ਮੁਝ ਸੋ ਅਹੈ ॥ ਜੈਸੇ ਸੁਪਨ ਤੇਂ ਸਭ ਕਛੁ ਲਹੈ ॥ ਜਗ ਆਪ ਮੈ ਸੁਪਨਾਂ ਜਾਨੈ ॥

ਦੇਖਨਹਾਰ ਆਪ ਕੌ ਮਾਂਨੈ ॥੮੨॥ ਤਬ ਅਪਨਾਂ ਸਰੂਪ ਤਿਹ ਪਾਇਆ ॥ ਗਿਆਂਨ ਪਾਇ ਕਰਿ ਭਰਮ ਗਵਾਇਆ ॥ ਤਿਸ ਦਿਸਟਾਂਤ ਬਹੁੜ ਅਬ ਕਹੌ ॥ ਜੈਸਾ ਸਾਂਖ ਬੇਦ ਮੋ ਲਹੌ ॥੮੩॥ ਭੰਗ ਦੁਖ ਯਿਉ ਮੁਖ ਕੌ ਹੋਇ ॥ ਟੇਡਾ ਮੁਖ ਹੋਵੈ ਤਬ ਸੋਇ ॥ ਵੈਦ ਤਿਨ ਕੌ ਯਹਿ ਜੁਗਤਿ ਬਤਾਵੈ ॥ ਛੈ ਮਾਸ ਦਰਪਨ ਦਿਖਰਾਵੈ ॥ ਦਰਪਨ ਦੇਖ ਵਹੁ ਮੁਖ ਕੌ ਫੇਰੈ ॥ ਐਸੇ ਕਰਤ ਤੈਸੇ ਜਬ ਧਰੈ ॥੮੪॥ ਤਬ ਮੁਖ ਸੀਧਾ ਤਿਨ ਕਾ ਹੋਇ ॥ ਜੈਸਾ ਥਾ ਪਾਵੈ ਹੈ ਸੋਇ ॥ ਤਿਉ ਮਲੀਨ ਰਿਦਾ ਜਿਸ ਹੋਇ ॥ ਗਿਆਂਨ ਬਾਤ ਨ ਸਮਝੈ ਸੋਇ ॥੮੫॥ ਕਰਮਜੋਗ ਪਰ ਚਿਤ ਨ ਧਰੈ ॥ ਮੋਹ ਲੋਭ ਮੈ ਨਿਸਦਿਨ ਫਿਰੈ ॥ ਤਿਨ ਕੋ ਪ੍ਰਿਤਮਾਂ ਪੂਜ ਕਹੀ ਹੈ ॥ ਬੇਦ ਮਾਂਹਿ ਯਹਿ ਬਾਤ ਲਹੀ ਹੈ ॥੮੬॥ ਅਰਜਨ ਮੋਹਿ ਸੋ ਮੋਹਿਤ ਭਇਆ ॥ ਪ੍ਰਿਤਮਾਂ ਪੂਜਨ ਤਬ ਹਰਿ ਕਹਿਆ ॥ ਅਬ ਆਗੈ ਪ੍ਰਭ ਅਵਰ ਸੁਨਾਵੈ ॥ ਅਪਨਾ ਪ੍ਰਤਾਪ ਅਰਜਨ ਪੈ ਗਾਵੈ ॥੮੭॥

## ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਦੇਵ ਉਪਾਸਕ ਸਾਥ ਵੈਰ ਭਾਉ ਮੈ ਨ ਕਰੋਂ ॥ ਸਭ ਕੋ ਏਕ ਸਮਾਂਨ ਐਸੇ ਮਨ ਅਪਨੇਂ ਧਰੌ ॥੮੮॥ ਦੋਹਰਾ ॥ ਪ੍ਰੀਤ ਨਹੀ ਮੈ ਕਿਸੀ ਸੋ ਵੈਰ ਨ ਕਾਹੂ ਸਾਥ ॥ ਜੋ ਮੇਰਾ ਸਿਮਰਨ ਕਰੈ ਬੇਗ ਗਹੌ ਤਿਹ ਹਾਥ ॥੮੯॥ ਦੋਹਰਾ ॥ ਹੇ ਅਰਜਨ ਅਬ ਅਵਰ ਸੁਨ ਜੇ ਕੋ ਮੂਰਖ ਅਗ ॥ ਬੁਰੇ ਕਰਮ ਕਰਤਾ ਰਹੇ ਨਾਹੀ ਤਿਸ ਕੋ ਤਗ ॥੯੦॥ ਦੋਹਰਾ ॥ ਕਿਸੀ ਸਮੇ ਅਤਿ ਪ੍ਰੇਮ ਸੋਂ ਮੁਝ ਕੋ ਜਪਤਾ ਸੋਇ ॥ ਮੁਖੌ ਕਹੇ ਹੇ ਮਹਾਂਰਾਜ ਮੈ ਜੈਸਾ ਕੈਸਾ ਤੋਹਿ ॥੯੧॥ ਦੋਹਰਾ ॥ ਤਿਸ ਕੌ ਭੀ ਤੂੰ ਸਾਧ ਜਾਨ ਹੇ ਅਰਜਨ ਪਰਧਾਨ ॥ ਜਿਸ ਕਾ ਨਿਹਚਾ ਮੁਝ ਬਿਖੈ ਸੋਈ ਸਾਧ ਪਰਵਾਨ ॥੯੨॥ ਦੋਹਰਾ । ਤਿਸ ਕਾ ਅਬ ਦਿਸਟਾਂਤ ਸੁਨ ਜੈਸੇ ਈਧਨ ਢੇਰ ॥ ਜਬ ਉਸ ਪਹੁਚੇ ਟੁਕ ਅਗਨ ਜਲਤ ਨ ਲਾਗੈ ਬੇਰ ॥੯੩॥ ਦੋਹਰਾ ॥ ਤੈਸੇ ਮੇਰੇ ਭਜਨ

ਤੇਂ ਪਾਪ ਹੋਹਿ ਸਭ ਨਾਸ ॥ ਤਾਤਕਾਲ ਮੁਝ ਭਜਨ ਤੇਂ ਪਾਵੈ ਮੁਝ ਮੈਂ ਬਾਸ ॥੯੪॥ ਸੋਰਠਾ ॥ ਹੇ ਕੁੰਤੀ ਸੁਤ ਜਾਂਨ ਨਾਸ ਨ ਮੇਰੇ ਭਗਤ ਕਾ ॥ ਭਗਤੋ ਉਪਜੈ ਗਿਆਂਨ ਗਿਆਂਨ ਪਾਇ ਮੁਝ ਕੋ ਮਿਲੈ ॥੯੫॥ ਸੋਰਠਾ ॥ ਪਾਪ ਜੋਨ ਜੋ ਆਹਿ ਇਸਤ੍ਰੀ ਸੂਦਰ ਬੈਸ ਭੀ ॥ ਵਹੁ ਭੀ ਮੁਕਤੇ ਜਾਨ ਜਬ ਮੁਝ ਕਰੇ ਉਪਾਸਨਾਂ ॥੯੬॥ ਸੋਰਠਾ ॥ ਤੇ ਭੀ ਪਰਮ ਗਤਿ ਪਾਹਿ ਮੇਰੇ ਪਦ ਕੋ ਆਵਤੇ ॥ ਪੁੰਨ ਜਨਮ ਜੋ ਆਹਿ ਖਤ੍ਰੀ ਬ੍ਰਹਮਨ ਰਾਜ ਰਿਖ ॥੯੭॥ ਦੋਹਰਾ ॥ ਤਿਨ ਕਿਰਤਾਰਥ ਹੋਵਨਾ ਕਿਆ ਅਸਚਰਜ ਹੈ ਮੀਤ ॥ ਅਰਜਨ ਯਹਿ ਮਾਨੁਖ ਦੇਹ ਉਤਮ ਧਰ ਤੂੰ ਚੀਤ ॥੯੮॥ ਦੋਹਰਾ ॥ ਸੁਖ ਨਾਹੀ ਇਸ ਦੇਹ ਮੈਂ ਤਾ ਕੋ ਗਿੜਿਆ ਜਾਂਨ ॥ ਸਦਾ ਰਹੋ ਮੁਝ ਭਜਨ ਮੈ ਤਿਸ ਤੇ ਪਾਵੈ ਗਿਆਨ ॥੯੯॥ ਦੋਹਰਾ ॥ ਮਨ ਕਾ ਚੇਤਾ ਮੁਝ ਬਿਖੇ ਯਹੀ ਭਜਨ ਤੂੰ ਜਾਂਨ ॥ ਮੇਰਾ ਭਗਤ ਤੂੰ ਹੋਇ ਕਰਿ ਪੂਜੋ ਮੁਝ ਕਰਿ ਗਿਆਂਨ ॥੧੦੦॥ ਦੋਹਰਾ ॥ ਇਤ ਪ੍ਰਕਾਰ ਮੁਝ ਭਗਤਿ ਕਰਿ ਮਨ ਰਾਖੋ ਮੁਝ ਮਾਂਹਿ ॥ ਜੈਸੇ ਜਲ ਸੋ ਜਲ ਮਿਲੈ ਤਿਉ ਤੂੰ ਮੁਝੈ ਮਿਲਾਂਹਿ ॥੧੦੧॥ ਚਉਪਈ ॥ ਨਉਮੋਂ ਧਿਆਇ ਸੰਪੂਰਨ ਭਇਆ ॥ ਵਿਦਿਆ ਰਾਜ ਨਾਮ ਤਿਹੰ ਲਹਿਆ ॥ ਜੇ ਕੋ ਸੁਨੇ ਅਰ ਮਨ ਮੋ ਧਾਰੇ ॥ ਸੋ ਭਗਵਾਂਨ ਕੋ ਅਤਿ ਹੈਂ ਪਿਆਰੇ ॥੧੦੨॥ ਧਿਆਵਨਹਾਰ ਭਗਵਾਂਨ ਹੈਂ ਆਪ ॥ ਜਾਪੈ ਵਹੀ ਸਭ ਅਪਨਾਂ ਜਾਪ ॥ ਏਕ ਗੋਬਿੰਦ ਸਭੀ ਕਛੁ ਆਪ ॥ ਬਾਜੀਧਾਰ ਵਿਚ ਰਹਿਆ ਬਿਆਪ ॥ ਬਾਜੀ ਬਾਜੀਗਰ ਹੈ ਏਕ ॥ ਤਿਸੀ ਏਕ ਸੋ ਹੋਇ ਅਨੇਕ ॥੧੦੩॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੁ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਰਾਜ ਵਿਦਿਆ ਰਾਜ ਗੁਹਯ ਯੋਗੋ ਨਾਮ ਨਵਮੋ ਧਿਆਇ ॥੯॥੯੮੮॥

## ਆਗੇ ਧਿਆਇ ਦਸਵਾਂ ਚਲਿਆ ॥

### ਸ੍ਰੀ ਭਗਵਾਨੋਵਾਚ ॥

ਦੋਹਰਾ ॥ ਹੇ ਅਰਜਨ ਤੂੰ ਅਵਰ ਸੁਨ ਤੁਝ ਆਖੋਂ ਯਹਿ ਰੀਤ ॥ ਜੋ ਤੂੰ ਮੇਰਾ ਭਗਤ ਹੈਂ ਸੁਣਨੇ ਕੀ ਤੁਝ ਪ੍ਰੀਤ ॥੧॥ ਦੋਹਰਾ ॥ ਤੁਝ ਕਲਿਆਂਨ ਨਮਿਤ ਮੈ ਅਪਨਾਂ ਕਹੌਂ ਪ੍ਰਤਾਪ ॥ ਬ੍ਰਹਮਾਂ ਰੁਦ੍ਰ ਅਰ ਦੇਵਤਾ ਨਾਂ ਜਾਣੈ ਯਹਿ ਜਾਪ ॥੨॥ ਸੋਰਠਾ ॥ ਸਪਤ ਰਿਖ ਤੇ ਆਦਿ ਰਿਖ ਮੁਝ ਪ੍ਰਤਾਪ ਨਹੀ ਜਾਂਨਤੇ ॥ ਰਿਖ ਅਰ ਦੇਵ ਮਾਨੁਖ ਸਭ ਉਪਜੇ ਹੈਂ ਮੁਝੀ ਸੋ ॥੩॥ ਚਉਪਈ ॥ ਏਹ ਬਾਤ ਪ੍ਰਗਟ ਸਭ ਮਾਨੈ ॥ ਕਾਰਨ ਕਾਰਜ ਗਤ ਨਹੀ ਜਾਨੈ ॥ ਜੋ ਸੁਤ ਪਿਤ ਤੇ ਉਪਜਤ ਭਇਓ ॥ ਪਿਤ ਕੀ ਮਹਿਮਾਂ ਕੋ ਨਹੀ ਲਹਿਓ ॥੪॥ ਸਰਬਮਈ ਕੋ ਮੈਂ ਉਪਜਾਇਆ ॥ ਮੁਝ ਪ੍ਰਤਾਪ ਕਿਸਹੀ ਨਹੀ ਪਾਇਆ ॥ ਇਤ ਕਾਰਨ ਸਭ ਦੇਵ ਰਿਖੀਸਰ ॥ ਨਾਂ ਜਾਂਨਤ ਮਹਿਮਾਂ ਮੁਝ ਈਸਰ ॥੫॥ ਅਬ ਅਰਜਨ ਸੁਨ ਮੁਝ ਪ੍ਰਤਾਪ ॥ ਜਿਸ ਕੇ ਸੁਨੇ ਮਿਟੈ ਸੰਤਾਪ ॥ ਜਨਮ ਰਹਤ ਜੋ ਮੁਝ ਕੋ ਜਾਂਨੈ ॥ ਸਭ ਲੋਕੋ ਕਾ ਈਸਰ ਮਾਂਨੈ ॥੬॥ ਜਿਨਹੂੰ ਐਸਾ ਮਨ ਮੋ ਜਾਨਿਆ ॥ ਮੁਕਤ ਪਾਪ ਤੇਂ ਵਹੀ ਪਛਾਨਿਆ ॥ ਤੀਸ ਪ੍ਰਕਾਰ ਕੇ ਲਛਨ ਮਾਂਹਿ ॥ ਭੂਤ ਪ੍ਰਾਨੀ ਸਗਲੇ ਬਰਤਾਂਹਿ ॥ ਹਉ ਤੀਸੋ ਤੇਂ ਨਿਆਰਾ ਭਾਈ ॥ ਤੀਸੋਂ ਜੁਗਤਿ ਕਹੋਂ ਪ੍ਰਗਟਾਈ ॥੭॥ ਛੰਦ ॥ ਬੁਧ ਗਿਆਂਨ ਮੋਹ ਅਰ ਖਿਮਾਂ ਇੰਦ੍ਰੀ ਜੀਤਨ ਬੋਲਨ ਸਤ ॥ ਉਪਜਨ ਖਪਨ ਅਰ ਭੈ ਨਿਰਭੈਤਾ ਦਇਆ ਸੰਤੋਖ ਅਰ ਸਮਤਾ ਮਤ ॥ ਸੁਖ ਦੁਖ ਅਰ ਦਾਂਨ ਤਪਸਿਆ ਜਸ ਅਪਜਸ ਅਰ ਕ੍ਰੋਧ ਮਮਤ ॥ ਹਰਖ ਸੋਗ ਰਾਗ ਦ੍ਵੈਖ ਅਹੰਕਾਰ ਲੋਭ ਮਤਸਰ ਅਰ ਜਤ ॥ ਤੀਸਵੀ ਨਿੰਦਿਆ ਇਹ ਸਭ ਲਛਨ ਇਸ ਮਾਂਹੀ ਸਭ ਦੇਹ ਵਰਤੰਤ ॥ ਮੈ ਨਿਆਰਾ ਤੀਸੋ ਤੇ ਅਰਜਨ ਮੁਝ ਪ੍ਰਤਾਪ ਕੀ ਐਸੀ

ਗਤ ॥੮॥ ਮੰਗਲ ਛੰਦ ॥ ਅਬ ਜਾਂਨ ਲੇ ਤੂੰ ਮੀਤ ॥ ਮੁਝ ਬਾਤ ਧਰ ਤੂੰ ਚੀਤ ॥ ਹਉ ਪੁਰਖ ਅਪਰ ਅਪਾਰ ॥ ਬ੍ਰਹਮਾ ਭਇਓ ਮੁਝ ਤੇ ਯਾਰ ॥੯॥ ਬ੍ਰਹਮਾ ਉਪਜਿਓ ਜਬ ਮੀਤ ॥ ਮਨਸਾ ਸ੍ਰਿਸਟਿ ਕੀ ਤਿਨ ਕੀਤ ॥ ਸਪਤ ਰਿਖ ਉਪਜਤ ਭਏ ॥ ਮਨ ਚਾਰ ਉਤਪਤ ਲਹੈ ॥੧੦॥ ਤਿਨ ਸਿਰਜਿਆ ਸੰਸਾਰ ॥ ਸਭ ਮੁਝ ਹੀ ਸੌ ਬੀਚਾਰ ॥ ਸਭ ਅੰਸ ਮੇਰੀ ਜਾਂਨ ॥ ਸਭ ਕਾ ਤੇਜ ਮੁਝ ਕੌ ਮਾਂਨ ॥੧੧॥ ਜਿਨ ਯਹਿ ਰਿਦੈ ਜਾਂਨੀ ਬਾਤ ॥ ਤਿਨ ਜੋਗ ਪਾਇਆ ਤਾਤ ॥ ਇਸ ਬਿਖੇ ਸੰਸਾ ਨਾਂਹਿ ॥ ਉਪਜਾਂਵਨਹਾਰ ਸਭ ਕਾ ਆਹਿ ॥੧੨॥ ਮੁਝ ਕੁੰਭਾਰ ਕੀ ਹੈ ਰੀਤ ॥ ਤਿਨ ਕਾਰਜ ਮਾਟੀ ਕੀਤ ॥ ਭਾਂਜਨ ਮਾਟੀ ਹੀ ਸੋ ਧਰੈ ॥ ਮਾਟੀ ਬਾਝੁ ਕਛੁ ਨਾਂ ਕਰੈ ॥੧੩॥ ਮੈਂ ਤਿਸ ਨਿਆਈ ਨਾਂਹਿ ॥ ਸਭ ਹੀ ਲੋਕੋ ਕੌ ਉਪਜਾਹਿ ॥ ਦੁਤੀਏ ਰਹਤ ਸਭੁ ਕਛੁ ਕੀਆ ॥ ਮੁਝ ਇਛ ਤੇਂ ਸਭ ਭਇਆ ॥੧੪॥ ਜੇ ਕੋ ਐਸਾ ਮੁਝ ਕੋ ਕਹੈ ॥ ਸੋ ਨਰ ਗਿਆਂਨੀ ਮੇਰੇ ਅਹੈ ॥ ਯਹ ਜਾਨ ਸਿਮਰੇ ਮੋਹਿ ॥ ਨਿਤ ਸੰਜੁਗਤ ਸਰਧਾ ਹੋਇ ॥ ਮੇਰਾ ਭਜਨ ਕਰਤੇ ਮੀਤ ॥ ਨਿਸਦਿਨ ਭਜਨ ਸੌ ਤਿਹ ਪ੍ਰੀਤ ॥੧੫॥ ਦੋਹਰਾ ॥ ਐਸਾ ਮੇਰਾ ਭਜਨ ਵਹੁ ਕਰਤੇ ਹੈ ਦਿਨ ਰਾਤ ॥ ਮਨ ਕਾ ਚੇਤਾ ਮੁਝ ਬਿਖੈ ਨਿਸਚਲ ਰਾਖੈ ਤਾਤ ॥੧੬॥ ਸੋਰਠਾ ॥ ਗਲਤ ਭਏ ਤਿਹ ਪ੍ਰਾਨ ਮੇਰੇ ਪ੍ਰੇਮ ਕੀ ਬਾਤ ਸੋ ॥ ਸੰਸਾਰ ਬਾਤ ਮੈ ਨਾਹਿ ਜਗਤ ਜੁਗਤਿ ਤਿਨ ਸੋ ਰਹੇ ॥੧੭॥ ਦੋਹਰਾ ॥ ਆਪਸ ਮਾਂਹਿ ਇਕਤ੍ਰ ਹੋ ਕਹੇ ਕਥਾ ਮੁਝ ਨੀਤ ॥ ਸੁਨ ਸੁਨ ਕਹੇ ਕਰਿ ਕਥਾ ਮੋ ਅਤਿ ਸੁਖ ਪਾਵੈ ਮੀਤ ॥੧੮॥ ਦਿਨ ਦਿਨ ਪ੍ਰੀਤ ਤਿਨ ਨਰੋਂ ਕੀ ਮੁਝ ਮੈ ਬਢਤੀ ਜਾਇ ॥ ਪ੍ਰੀਤ ਸੰਜੁਗਤ ਜੋ ਸਿਮਰਤੇ ਸੋ ਅਤਿ ਨਉਨਿਧਿ ਪਾਇ ॥੧੯॥ ਦੋਹਰਾ ॥ ਕਿਰਪਾ ਕਰੌ ਮੈ ਤਿਨੋਂ ਪਰ ਦੇਵੋਂ ਤਿਹ ਬੁਧ ਜੋਗ ॥ ਜਿਸ ਬੁਧ ਕਰਿ ਮੁਝ ਪਾਵਤੇ ਆਵੈ ਮੇਰੇ ਲੋਕ ॥੨੦॥ ਦੋਹਰਾ ॥ ਜਿਸ ਪਰ ਕਿਰਪਾ ਮੈ ਕਰੌ ਤਿਸ ਕੋ ਦੇਵੋ ਗਿਆਂਨ ॥ ਤਿਨ ਕੇ ਘਟ ਮੈਂ ਗਿਆਨ ਦੀਪ ਤੂੰ ਪ੍ਰਕਾਸੇ ਜਾਂਨ

॥੨੧॥ ਦੋਹਰਾ ॥ ਤਿਸ ਪ੍ਰਕਾਸ ਤੇ ਜੀਉ ਬੁਧ ਸਹਜੇ ਗਲਤ ਹੋਇ ਜਾਇ ॥ ਮੇਰਾ ਰੂਪ ਵਹੁ ਹੋਤ ਹੈ ਗਿਆਂਨ ਰੂਪ ਕੌ ਪਾਇ ॥॥੨੨॥ ਦੋਹਰਾ ॥ ਸੁਨ ਕਰ ਅਰਜਨ ਬਾਰਤਾ ਬੋਲੇ ਹੇ ਭਗਵਾਂਨ ॥ ਏਕ ਬਿਨਤੀ ਮੈ ਕਰੌ ਸੁਨ ਕਰਿ ਦੀਜੈ ਦਾਨ ॥੨੩॥

ਅਰਜਨੋਵਾਚ ॥

ਚਉਪਈ ॥ ਹੇ ਪ੍ਰਭ ਜੀ ਤੂੰ ਬ੍ਰਹਮ ਸਰੂਪ ॥ ਜੋ ਦੇਖੋ ਸੋ ਤੇਰਾ ਰੂਪ ॥ ਪਰਤਖ ਬ੍ਰਹਮ ਹੈ ਤੇਰਾ ਨਾਂਮ ॥ ਸਭ ਜਗ ਕਾ ਤੁਮ ਮੈ ਬਿਸ੍ਰਾਮ ॥੨੪॥ ਤੁਮਰਾ ਧਾਮ ਸਭੂ ਤੇ ਪਰੇ ॥ ਤੁਮ ਪਾਰਬ੍ਰਹਮ ਪਰਮੇਸ੍ਰੂਰ ਹਰੇ ॥ ਤੀਰਥ ਸਗਲ ਗੰਗਾ ਤੇ ਆਦਿ ॥ ਤੁਮਰੇ ਚਰਨੌ ਤੇਂ ਉਪਜਾਦਿ ॥੨੫॥ ਐਸੇ ਹੋ ਤੁਮ ਪਰਮ ਪਵਿਤ੍ਰ ॥ ਸਰਬ ਬਿਆਪੀ ਸਭ ਕੇ ਮਿਤ੍ਰ ॥ ਪੁਰਾਤਨ ਅਰ ਭਲਿਓ ਤੇ ਭਲੇ ॥ ਤੁਮ ਕਿਰਪਾ ਤੇ ਕਿਲਵਿਖ ਦਲੇ ॥੨੬॥ ਦਿਬ ਪੁਰਖ ਦੇਵੋ ਕੇ ਦੇਵ ॥ ਅਜਨਮ ਅਜਾਤ ਪ੍ਰਭੂ ਸਰਬੇਵ ॥ ਤੁਮਰੀ ਮਹਿਮਾਂ ਰਿਖੋ ਤੇ ਸੁਨੀ ॥ ਬਿਆਸਦੇਵ ਨਾਰਦ ਜੀ ਭਨੀ ॥੨੭॥ ਸਭ ਰਿਖ ਤੁਮਰੀ ਮਹਿਮਾਂ ਕਹੈ ॥ ਏਤੀ ਕਹੇਂ ਜੇਤੀ ਬੁਧ ਲਹੇਂ ॥ ਤੁਮਰੀ ਮਹਿਮਾਂ ਹੈ ਬੇਅੰਤ ॥ ਬਰਨ ਨ ਸਾਕੈ ਸਿਧ ਅਰ ਸੰਤ ॥੨੮॥ ਪ੍ਰਭ ਅਪਨੀ ਮਹਿਮਾਂ ਆਪੇ ਕਹੋ ॥ ਜੈਸੇ ਭਗਵਾਂਨ ਪੂਰਨ ਤੁਮ ਅਹੋ ॥ ਤੁਮਰੀ ਮਹਿਮਾਂ ਕਾ ਪਰਤਾਪ ॥ ਦੇਵ ਦਾਨਵ ਨਹੀ ਜਾਨਤ ਆਪ ॥੨੯॥ ਅਪਨਾ ਪ੍ਰਤਾਪ ਆਪ ਤੁਮ ਜਾਨੋਂ ॥ ਉਪਜਾਵਨਹਾਰ ਮੈ ਤੁਝੇ ਪਹਿਚਾਨੋ ॥ ਹੇ ਈਸਰ ਦੇਵਨ ਕੇ ਦੇਵ ॥ ਅਪਨੇ ਪ੍ਰਤਾਪ ਕਾ ਆਖੋ ਭੇਵ ॥੩੦। ਅਪਨੀ ਦਿਬ ਬਿਭੂਤ ਮੁਝ ਕਹੌ ॥ ਸਰਬ ਤਿਆਗ ਜਿਸ ਮੈਂ ਨਿਤ ਰਹੋ ॥ ਹੇ ਮਹਾਂ ਜੋਗ ਨ ਮੁਝੈ ਬਤਾਵਹੁ ॥ ਦਿਬ ਠਉਰ ਅਪੁਨਾ ਮੁਝੇ ਸੁਨਾਵਹੁ ॥੩੧॥ ਤਿਸੀ ਠਉਰ ਮੈ ਤੁਝ ਕੌ ਪਾਵੌ ॥ ਸਦਾ ਸਰਬਦਾ ਤੁਝੇ ਧਿਆਵੌ ॥ ਏਹੁ ਬ੍ਰਹਮਾਂਡ ਜੋ ਪਸਰਿਆ ਦੇਖੋਂ ॥ ਏਹ ਬਿਭੂਤ ਸਭ ਤੁਮਰੀ ਪੇਖੋਂ ॥੩੨॥ ਬਿਭੂਤ ਪ੍ਰਤਾਪ ਤੁਮ ਦੇਖਿਆ ਚਾਹੌ ॥ ਤਿਸ ਕੌ ਦੇਖਨਹਾਰ ਕੋ

ਪਾਵੌ ॥ ਏਹ ਬਚਨ ਮੁਖ ਕਮਲ ਤੇ ਆਖੋ ॥ ਅੰਮ੍ਰਿਤਮਈ ਮਹਿਮਾਂ ਅਬ ਭਾਖੌ ॥੩੩॥ ਤਿਸ ਕੇ ਸੁਨੇ ਮੁਝੇ ਤ੍ਰਿਪਤ ਨ ਹੋਇ ॥ ਅਪਨੀ ਬਿਭੂਤ ਕਹੀਐ ਪ੍ਰਭ ਸੋਇ ॥ ਜਬ ਅਰਜਨ ਐਸੀ ਅਰਦਾਸ ॥ ਕਹੀ ਪ੍ਰੇਮ ਸੋ ਕੇਸਵ ਪਾਸ ।੩੪॥ ਤਬ ਕੇਸਵ ਅਰਜਨ ਕੌ ਕਹੈ ॥ ਕੁਰਬੰਸੋ ਉਤਮ ਤੁਮ ਅਹੈ ॥ ਅਪਨੀ ਬਿਭੂਤ ਮੈ ਤੁਝ ਕੋਂ ਆਖੇ । ਦਿਬ ਪ੍ਰਧਾਨ ਬਾਤ ਮੈ ਭਾਖੋ ॥੩੫॥

ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਮੇਰੇ ਸਭ ਬਿਸਥਾਰ ਕਾ ਅੰਤ ਨਹੀ ਕਛੁ ਹੋਇ ॥ ਦਿਬ ਪ੍ਰਧਾਨ ਬਿਭੂਤ ਜੋ ਸੁਨ ਅਰਜਨ ਤੁਮ ਸੋਇ ॥੩੬॥ ਸੋਰਠਾ ॥ ਤਿਸ ਕਾ ਇਹ ਦਿਸਟਾਂਤ ਜਿਉ ਭੂਪਤ ਕੇ ਦੇਸ ਮੋ ॥ ਮਾਨੁਖ ਹੋਇ ਬਹੁ ਭਾਂਤਿ ਸ੍ਰੇਸਟ ਤਿਨ ਮੈਂ ਅਲਪ ਹੈਂ ॥੩੭॥ ਦੋਹਰਾ ॥ ਤਿਨ ਅਲਪੋ ਸੌ ਏਕ ਏਕ ਲੀਜੈ ਪੁਰਖ ਪ੍ਰਧਾਂਨ ॥ ਨਿਪਟ ਅਲਪ ਪ੍ਰਧਾਨ ਨਰ ਤਿਨ ਸੌ ਨਿਕਸੇ ਜਾਂਨ ॥੩੮॥ ਦੋਹਰਾ ॥ ਤੈਸੇ ਹੀ ਮੈ ਆਪਨੀ ਭਾਖੋ ਅਲਪ ਬਿਭੂਤ ॥ ਸਰਬ ਨਿਰੰਤਰ ਮੈਂ ਵਸਾਂ ਜਿਉ ਮਨਕਿਉਂ ਮੈ ਸੂਤ ॥੩੯॥ ਦੋਹਰਾ ॥ ਸਭ ਪ੍ਰਾਨੀਓ ਕਾ ਆਤਮਾ ਮੁਝ ਕੌ ਜਾਂਨੋ ਮੀਤ ॥ ਆਦਿ ਅੰਤਿ ਸਭ ਜਗਤ ਕਾ ਮੁਝ ਕੋ ਰਾਖੌ ਚੀਤ ॥੪੦॥ ਦੋਹਰਾ ॥ ਬਾਰਹ ਸੂਰਜ ਕੇ ਬਿਖੈ ਬਿਸਨਭਾਂਨ ਜਿਹ ਨਾਂਮ ॥ ਵਹੁ ਪ੍ਰਕਾਸੇ ਲੋਕ ਮੈਂ ਸੋ ਤੂ ਮੁਝ ਕੋ ਜਾਂਨ ॥੪੧॥ ਸੋਰਠਾ ॥ ਪ੍ਰਕਾਸ ਕਰਨੈਹਾਰ ਜੇਤੇ ਹੈ ਬ੍ਰਹਮਾਂਡ ਮੈ ॥ ਰਵਿ ਤਿਨ ਮੈ ਮੁਝੈ ਬੀਚਾਰ ਹੇ ਅਰਜਨ ਅਬ ਅਉਰ ਸੁਨ ॥੪੨॥ ਦੋਹਰਾ ॥ ਅਠਾਈਸ ਨਖਤ੍ਰੋਂ ਮਾਂਹਿ ਚੰਦ੍ਰਮਾ ਮੁਝ ਕੌ ਜਾਨ ਤੂੰ ॥ ਉਨਚਾਸ ਪਉਨ ਕੇ ਮਾਂਹਿ ਮਰੀਚ ਪਉਨ ਹੈ ਨਾਮ ਮੂੰ ॥੪੩॥ ਸੋਰਠਾ ॥ ਚਾਰੋ ਬੇਦੋ ਮਾਂਹਿ ਸਿਆਮ ਬੇਦ ਮੈ ਆਪ ਹੌ ॥ ਕੋਟ ਤੇਤੀਸ ਦੇਵ ਜੋ ਆਂਹਿ ਇੰਦ੍ਰ ਮੈਂ ਹੋ ਤਿਨਹੁ ਮੈ ॥੪੪॥ ਦੋਹਰਾ ॥ ਦਸ ਇੰਦ੍ਰੀਓ ਕੇ ਮਧ ਮਨ ਰਾਜਾ ਹੈ ਮੁਝ ਸਰੂਪ ॥ ਜਿਹ ਚਈਤੰਨਤਾ ਪ੍ਰਾਨੀ ਮਧ ਸੋ ਚੇਤੰਨਤਾ ਹੈ ਮੁਝ ਸਰੂਪ ॥੪੫॥ ਸੋਰਠਾ

॥ ਯਾਰਹ ਰੁਦ੍ਰੌ ਬੀਚ ਸੰਕਰ ਮੇਰਾ ਨਾਮੁ ਹੈ ॥ ਰਾਖਸ ਜੋਨ ਜੋ ਨੀਚ ਮੈਂ ਕੁਮੇਰ ਹੌ ਤਿਨਹੁੰ ਮੈ ॥੪੬॥ ਦੋਹਰਾ ॥ ਆਠ ਬਿਸੋ ਮੈ ਅਗਨ ਹੌ ਅਰ ਪਰਬਤੋ ਬਿਖੈ ਸੁਮੇਰ ॥ ਬ੍ਰਹਸਪਤ ਪ੍ਰੋਹਿਤੋ ਕੇ ਬਿਖੈ ਮੁਝ ਕੋ ਜਾਨੋ ਫੇਰ ॥੪੭॥ ਦੋਹਰਾ ॥ ਸੈਨਾ ਕੇ ਨਾਇਕੋ ਬਿਖੇ ਸਿਆਂਮ ਕਾਰਤਕ ਮੁਝ ਜਾਨ ॥ ਸਗਲ ਸਰੋਵਰ ਕੇ ਬਿਖੇ ਸਾਗਰ ਮੁਝ ਕੋ ਮਾਂਨ ॥੪੮॥ ਭ੍ਰਿਗ ਰਿਖ ਹੋਂ ਰਿਖੋਂ ਮੈ ਅਰ ਬਾਨੀ ਓਅੰਕਾਰ ॥ ਸਗਲ ਇਸਥਾਵਰ ਕੇ ਬਿਖੇ ਹਿਮਾਂਚਲ ਮੁਝ ਬੀਚਾਰ ॥੪੯॥ ਦੋਹਰਾ ॥ ਅਰਾਧੇਂ ਮੁਝੇ ਜੋ ਜਗਤ ਮੈ ਐਸਾ ਹੋਂ ਤਿਨ ਮਾਂਹਿ । ਸ੍ਵਾਸ ਸ੍ਵਾਸ ਜੋ ਸਿਮਰਤੇ ਸੋਈ ਜਪ ਮੈ ਆਹਿ ॥੫੦॥ ਦੋਹਰਾ ॥ ਪਿਪਲ ਬਿਰਛੋ ਕੇ ਬਿਖੈ ਮੁਝ ਕੋ ਜਾਂਨੋ ਮੀਤ ॥ ਗੰਧਰਬੋਂ ਬਿਖੈ ਚਿਤ੍ਰਰਥ ਮੈ ਹੌ ਰਾਖੌ ਚੀਤ ॥੫੧॥ ਦੋਹਰਾ ॥ ਸਿਧੋ ਬਿਖੈ ਮੈ ਕਪਲ ਹੌ ਨਾਰਦ ਮੁਨ ਰਿਖ ਮਾਹਿ ॥ ਰਤਨੋ ਮਾਹਿ ਜੋ ਅਸ੍ਵ ਹੈ ਸੋ ਮੈ ਹੀ ਵਹੁ ਆਹਿ ॥੫੨॥ ਦੋਹਰਾ ॥ ਐਰਾਵਤ ਹੌਂ ਗਜੋਂ ਮੈ ਨਰ ਮੈ ਰਾਜ ਸਰੂਪ ॥ ਚਕ੍ਰਵਰਤੀ ਜੋ ਭੂਪ ਹੈਂ ਸੋ ਹੈਂ ਮੇਰੋ ਰੂਪ ॥੫੩॥ ਦੋਹਰਾ ॥ ਆਇਧੋ ਬਿਖੈ ਮੈ ਵਜ੍ਰ ਹੋਂ ਕਾਮਧੇਨ ਗੋ ਆਹਿ ॥ ਪਰਜਾ ਕੇ ਉਪਜਾਤ ਮੈ ਕਾਂਮਰੂਪ ਮੈਂ ਆਂਹਿ ॥੫੪॥ ਦੋਹਰਾ ॥ ਬਾਸਕ ਸਰਪੋ ਕੇ ਬਿਖੈ ਨਾਗੋ ਮਾਂਹਿ ਮੈਂ ਸੇਖ ॥ ਜਲੌ ਵਿਖੇ ਮੈ ਵਰਨ ਹੋਂ ਐਸਾ ਪੁਰਖ ਬਿਸੇਖ ॥੫੫॥ ਸੋਰਠਾ ॥ ਡੰਡ ਵਾਲਿਓ ਕੇ ਮਾਹਿ ਜਮ ਜਾਂਨੋ ਤੁਮ ਮੁਝੀ ਕੋ ॥ ਸਗਲ ਦੈਂਤ ਜੋ ਆਂਹਿ ਤਿਨ ਕੇ ਬੀਚ ਪ੍ਰਹਲਾਦ ਮੈ ॥੫੬॥ ਦੋਹਰਾ ॥ ਮ੍ਰਿਗੋ ਮਾਂਹਿ ਮੈ ਸਿੰਘ ਹੋਂ ਕਾਲਰੂਪ ਮੁਝ ਜਾਂਨ ॥ ਪੰਖੇਰੂ ਬਿਖੈ ਜੋ ਗਰੜ ਹੈ ਵਹ ਮੂਰਤ ਮੁਝ ਮਾਂਨ ॥੫੭॥ ਦੋਹਰਾ ॥ ਸਸਤ੍ਰ ਧਾਰੀਓ ਮੈਂ ਰਾਮਚੰਦ ਬਲਭਦ੍ਰ ਮੇਰਾ ਨਾਮ ॥ ਮਛੋ ਮਾਂਹਿ ਮੈਂ ਮਾਗਰਮਛ ਨਦੀਓ ਗੰਗਾ ਜਾਂਨ ॥੫੮॥ ਹੇ ਅਰਜਨ ਸਭ ਸ੍ਰਿਸਟ ਕਾ ਕਰਤਾ ਮੁਝ ਕੌ ਜਾਂਨ ॥ ਆਦਿ ਅੰਤ ਅਰ ਮਧ ਮੈ ਏਕੋ ਬ੍ਰਹਮ ਪਹਿਚਾਂਨ ॥੫੯॥ ਚਉਪਈ ॥ ਅਧਿਆਤਮ ਵਿਦਿਆ ਵਿਦਿਆ ਮਾਹਿ

॥ ਅਧਿਆਤਮ ਅਰਥ ਕਹੌਂ ਪ੍ਰਗਟਾਂਹਿ ॥ ਚਉਰਾਸੀਹ ਮੈ ਜੋ ਕਛੁ ਵਿਆਪਿਆ ॥ ਅਧਿਆਤਮ ਠਾਕੁਰ ਨਾਮ ਤਿਸ ਜਾਪਿਆ ॥੬੦॥ ਸਭ ਤੇਂ ਸ੍ਰੇਸਟ ਅਧਿਆਤਮ ਜਾਂਨ ॥ ਠਾਕੁਰ ਅਧਿਆਤਮ ਮੁਝ ਕੋ ਮਾਨ ॥ ਝਗੜਾ ਕਰਨਹਾਰਿਓ ਕੇ ਮਾਂਹਿ ॥ ਜੋ ਕੋ ਬ੍ਰਹਮ ਗਿਆਂਨ ਕਰਿ ਆਂਹਿ ॥ ੬੧॥ ਓਹੁ ਗੋਸਟ ਹੈ ਮੇਰੋ ਰੂਪ ॥ ਅਕਾਰ ਅਖਰ ਹੈ ਮੁਝੀ ਸਰੂਪ ॥ ਬਿਆਕਰਨੋ ਮਾਂਹਿ ਵਡ ਬੇਦ ਬਿਆਸ ॥ ਸਭ ਹੂੰ ਕਾਲ ਮੈ ਹੋ ਪ੍ਰਗਾਸ ॥੬੨॥ ਉਤਪਤ ਕਰਤਾ ਬਿਸੂ ਕਾ ਮੈ ਹੌਂ ॥ ਮਿਰਤ ਰੂਪ ਅਪਨਾਂ ਹੀ ਲੈ ਹੋ ॥ ਇਸਤ੍ਰੀ ਬਿਖੈ ਸਾਤੋ ਮੈ ਇਸਤ੍ਰੀ ॥ ਕੀਰਤਿ ਆਖੈ ਸੁਰਸਤੀ ਸ਼੍ਰੀ ॥੬੩॥ ਸਿੰਮਰਤ ਬੁਧ ਧਿਰਤ ਅਰ ਖਿਮਾਂ ॥ ਇਹ ਸਾਤੋ ਮੈ ਆਪ ਕੋ ਗਨਾਂ ॥ ਗਾਇਤ੍ਰੀ ਛੰਦੋ ਮਾਂਹਿ ਮੁਝ ਜਾਂਨ ॥ ਮੰਘਰ ਮਾਸੋ ਮਾਂਹਿ ਪਹਿਚਾਂਨ ॥੬੪॥ ਰੁਤੋ ਮਾਹਿ ਬਸੰਤ ਮੁਝ ਜਾਨੋ ॥ ਉਦਮ ਬਿਖੇ ਗਿਆਂਨ ਉਦਮਾਨੋ ॥ ਕਪਟੋ ਬਿਖੈ ਜੂਆ ਮੈਂ ਆਪ ॥ ਤੇਜੋ ਬਿਖੈ ਮੈਂ ਰਹਿਆ ਬਿਆਪ ॥੬੫॥ ਜਹਾਂ ਦੋ ਦਲ ਜੁਧ ਕੋਂ ਧਾਵੈ ॥ ਤਿਨ ਮੈ ਜੇ ਕੋ ਜੀਤ ਕੌ ਪਾਵੈਂ ॥ ਜੀਤਨਹਾਰ ਤੁਮ ਮੁਝ ਕੌ ਜਾਨੋ ॥ ਬਲਵੰਤੋ ਮੈ ਬਲ ਮੇਰਾ ਮਾਨੋ ॥੬੬॥ ਬਾਸਦੇਵ ਜਾਦੋ ਮੈ ਮੀਤਾ ॥ ਪਾਂਡਵ ਮਾਂਹਿ ਅਰਜਨ ਧਰ ਚੀਤਾ ॥ ਮੁਨੋ ਮਾਂਹਿ ਬਿਆਸ ਮੁਝ ਰੂਪ ॥ ਕਬ ਬੁਧੀ ਸਭ ਮੇਰੋ ਰੂਪ ॥੬੭॥ ਨਿਵਾਇਨ-ਹਾਰਿਓ ਮਾਹਿ ਮੈ ਡੰਡ ॥ ਧਰਮ ਨੀਤ ਮੈ ਹੋ ਪ੍ਰਚੰਡ ॥ ਗਿਆਂਨੀ ਮਾਂਹਿ ਗਿਆਂਨ ਮੁਝ ਜਾਨੋ ॥ ਮੋਨ ਰੂਪ ਮੇਰਾ ਪਹਿਚਾਨੋਂ ॥੬੮॥ ਸਭ ਪ੍ਰਾਨੀਓ ਕਾ ਬੀਜ ਮੈ ਮੀਤਾ ॥ ਇਹ ਦਿਬ ਪ੍ਰਤਾਪ ਜੋ ਵਰਨਨ ਕੀਤਾ ॥ ਤਿਸ ਕਾ ਭੀ ਅੰਤ ਕਛੁ ਨਾਂਹੀ । ਸੋ ਅੰਸ ਮਾਤ੍ਰ ਤੁਝ ਕਹਿ ਸਮਝਾਂਹੀ ॥੬੯॥ ਜਿਉ ਭਰ ਪਾਤ੍ਰ ਮੈਂ ਗੰਗਾ ਲਹੀ ॥ ਤੈਸੀ ਅਲਪ ਬਿਭੂਤ ਤੁਝ ਕਹੀ ॥ ਅਵਰ ਸੁਨੋ ਅਬ ਮੀਤ ਸੁਜਾਂਨ ॥ ਜੇ ਕੋ ਆਤਮ ਪੁਰਖ ਪ੍ਰਧਾਨ ॥੭੦॥ ਅਰ ਸੋਭਾਵੰਤ ਪ੍ਰਤਾਪ ਸੰਜੁਗਤ ॥ ਗਿਆਂਨਵਾਂਨ ਅਰ ਜੀਵਨ ਮੁਕਤ ॥ ਸੋ ਸਭ ਮੇਰੀ ਅੰਸ ਤੂੰ ਜਾਨ ॥ ਐਸਾ ਪ੍ਰਤਾਪ ਮੁਝ ਕਹਾ ਬਖਾਨ ॥

ਅਲਪ ਪ੍ਰਤਾਪ ਮੈਂ ਤੁਝ ਕੋ ਕਹਾ ॥ ਯਹਿ ਸਭ ਏਕ ਬ੍ਰਹਮੰਡ ਮੈ ਲਹਾ ॥ ਬ੍ਰਹਮੰਡ ਕੀ ਸਾਰੀ ਬਾਤ ਨ ਕਹੀ ॥ ਅਲਪ ਮਾਤ੍ਰ ਹੀ ਵਰਨਨ ਭਈ ॥ ੭੨॥ ਅਸੰਖ ਬ੍ਰਹਮੰਡ ਨਾਨਾ ਪ੍ਰਕਾਰ ॥ ਮੁਝ ਬਿਭੂਤ ਸੋਂ ਭਰੇ ਬੀਚਾਰ ॥ ਸਭ ਬ੍ਰਹਮੰਡੋ ਕੋ ਮੈ ਥਾਪਿਆ ॥ ਮੇਰੇ ਪ੍ਰਤਾਪ ਸੋ ਸਭ ਕੋ ਕਾਂਪਿਆ ॥੭੩॥ ਨੇਤ੍ਰ ਉਘਾੜੋ ਸਭੁ ਕਛੁ ਹੋਇ ॥ ਮੂੰਦੋ ਨੈਨ ਨ ਰਹਤੋ ਕੋਇ ॥ ਯਹਿ ਬਿਭੂਤ ਕਹੀ ਤੁਝ ਮਾਂਹਿ ॥ ਜੋ ਤੇਰੇ ਰਥ ਪਰ ਮੈ ਆਹਿ ॥੭੪॥ ਆਦਿ ਅੰਤਿ ਮੇਰੋ ਕਛੁ ਨਾਹੀ ॥ ਸਭ ਹੂੰ ਕਾ ਈਸਰ ਮੈ ਆਹੀ ॥ ਤੇਰੇ ਨਿਕਟ ਬਿਰਾਜੋ ਆਪ ॥ ਸਰਬ ਮਧ ਮੈ ਰਹਿਆ ਬਿਆਪ ॥੭੫॥

## ਟੀਕਾਕਾਰਵਾਚ ॥

ਨੇਤ੍ਰ ਉਘਾਰਨ ਕਾ ਜੋ ਅਰਥ ॥ ਸਮਝੇ ਪੰਡਿਤ ਬੁਧ ਸਮਰਥ ॥ ਹੇ ਨਰ ਐਸਾ ਆਪ ਕੋ ਜਾਨੌ ॥ ਅਪਨੇ ਹੀ ਮੈ ਸਭ ਜਗ ਮਾਨੋ ॥੭੬॥ ਨੇਤ੍ਰ ਉਘਾੜੋ ਸਭ ਦਿਸਟ ਆਵੈ ॥ ਮੂੰਦੋ ਨੈਨ ਸਗਲ ਮਿਟ ਜਾਵੈ ॥ ਤਾਂਤੇਂ ਸਭ ਕੋ ਬਿਸਨ ਹੈ ਭਾਈ ॥ ਸਭੀ ਬਿਸਨ ਹੈ ਜੋ ਦ੍ਰਿਸਟਾਈ ॥੭੭॥ ਅਕਾਲ ਰੂਪ ਸਰਬ ਕੌ ਜਾਨੋ ॥ ਦੇਹਿ ਸਭੀ ਤੁਮ ਭਰਮ ਪਹਿਚਾਨੌ ॥ ਮੈ ਗੋਬਿੰਦ ਖਾਲਸੇ ਕੋ ਆਪ ॥ ਗੋਬਿੰਦ ਅਕਾਲ ਇਕ ਦੀਨੋ ਜਾਪ ॥ ਤਾਤੇ ਸਭੀ ਹੈ ਏਕ ਅਕਾਲ ॥ ਗੁਰਸਿਖ ਅਕਾਲ ਏਕ ਹੀ ਭਾਲ ॥੭੮॥ ਚਉਪਈ ॥ ਦਸਵਾਂ ਧਿਆਇ ਸੁਭ ਜੁਗਤਿ ਬਤਾਇਆ ॥ ਸਭ ਹੀ ਖਾਲਸੇ ਮਾਂਹਿ ਸੁਨਾਇਆ ॥ ਤੁਮ ਹਰਿ ਮਹਿ ਹਰਿ ਹੈ ਤੁਮ ਮਾਹਿ ॥ ਪ੍ਰੇਮ ਸੋ ਅਕਾਲ ਰੂਪ ਕੋ ਪਾਹਿ ॥੭੯॥ ਸੁਨਤੇ ਪੜਤੇ ਮੁਕਤੇ ਆਂਹਿ ॥ ਬ੍ਰਹਮ ਮੈਂ ਮੁਕਤ ਬੰਧ ਕਛੁ ਨਾਂਹਿ ॥ ਤਾਂ ਤੇ ਏਕ ਅਕਾਲ ਤੁਮ ਜਾਨੋ ॥ ਬਿਨ ਅਕਾਲ ਦੂਜਾ ਨਹੀ ਮਾਨੋਂ ॥੮੦॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੁ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਵਿਭੂਤਿ ਯੋਗੋ ਨਾਮ ਦਸਮੋ ਧਿਆਇ ॥ ੧੦॥੧੦੬੮॥

# ਆਗੇ ਧਿਆਇ ਯਾਰਵਾਂ ਚਲਿਆ ॥

## ਅਰਜਨੋਵਾਚ ॥

ਦੋਹਰਾ ॥ ਅਰਜਨ ਕਹੇ ਭਗਵਾਂਨ ਕੋ  ਹੇ ਕੇਸਵ ਗੋਬਿੰਦ ॥ ਜਬ ਸੁਨਿਓ ਪ੍ਰਤਾਪ ਤੁਮ  ਤਬ ਉਪਜਿਓ ਆਨੰਦ ॥੧॥ ਦੋਹਰਾ ॥ ਤੁਮਰੇ ਬਚਨ ਕੇ ਸ੍ਰਵਨ ਤੇ  ਮੋਹਿ ਬਿਨਾਸਿਓ ਮੋ ॥ ਹੇ ਕਮਲ ਲੋਚਨ ਜੋ ਤੁਮ ਕਹਿਓ  ਸਭ ਮੈ ਸੁਨਿਓ ਸੋ ॥੨॥ ਉਤਪਤ ਪਰਲੇ ਕੀ ਕਥਾ ਸੁਨੀ ਸਭੀ ਮੈ ਮੀਤ ॥ ਅਬਿਨਾਸੀ ਪ੍ਰਤਾਪ ਸੁਨਿ  ਸੋ ਮੈ ਰਾਖਿਓ ਚੀਤ ॥੩॥ ਦੋਹਰਾ ॥ ਹੇ ਪ੍ਰਭ ਅਬ ਯਹਿ ਬੇਨਤੀ  ਤੁਮ ਪੈ ਭਾਖੋ ਮੀਤ ॥ ਜੈਸਾ ਤੁਮ ਪ੍ਰਤਾਪ ਹੈ  ਤਿਸ ਦੇਖਨ ਕੀ ਪ੍ਰੀਤਿ ॥੪॥ ਦੋਹਰਾ ॥ ਤਿਸ ਬਿਭੂਤ ਕੇ ਦੇਖਨੇ  ਹੇ ਪ੍ਰਭ ਇਛਿਆ ਮੋਹਿ ॥ ਕਰੋਂ ਬੇਨਤੀ ਹੇ ਪ੍ਰਭੂ  ਮੁਝੇ ਦਿਖਾਵਹੁ ਸੋਇ ॥੫॥ ਦੋਹਰਾ ॥ ਜੋ ਤੁਮ ਮਾਨੋ ਬੇਨਤੀ ਦੇਹ ਦਰਸ ਭਗਵਾਂਨ ॥ ਸਕਤ ਭੀ ਦੇਵੋ ਆਪਨੀ  ਦੇਖੋ ਤੁਝ ਕੋ ਜਾਂਨ ॥੬॥ ਸੋਰਠਾ ॥ ਅਪਨੇ ਪ੍ਰਤਾਪ ਸੰਜੁਗਤ  ਬਿਭੂਤ ਦਿਖਾਵੌਂ ਸਿਖ ਕੌ ॥ ਦੇਖਨ ਪਾਵੌਂ ਮੁਕਤਿ  ਦਰਸਨ ਤੇਰਾ ਹੇ ਪ੍ਰਭੂ ॥੭॥ ਹੇ ਈਸਰ ਹੇ ਪਾਰਬ੍ਰਹਮ  ਦਰਸ ਦਿਖਾਵਹੁ ਮੋਹਿ ॥ ਬਿਭੂਤ ਪ੍ਰਤਾਪ ਸੰਜੁਗਤ ਮੈ  ਨੈਨੀ ਦੇਖੌਂ ਸੋਇ ॥੮॥

## ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਅਰਜਨ ਕੀ ਅਰਦਾਸ ਸੁਨ  ਭਾਖੇ ਗੋਬਿੰਦ ਦੇਉ ॥ ਹੇ ਪਾਰਥ ਤੂੰ ਦੇਖ ਲੇ  ਸਭ ਬਿਭੂਤ ਕਾ ਭੇਉ ॥੯॥ ਚਉਪਈ ॥ ਹੇ ਅਰਜਨ ਬਿਭੂਤ ਸਭ ਦੇਖ ॥ ਮੇਰੇ ਰੂਪ ਸਹੰਸਰ ਪੇਖ ॥ ਨਾਂਨਾਂ ਪ੍ਰਕਾਰ ਬਰਨ ਹੈ ਮੇਰੇ ॥ ਮੇਰੇ ਬਪੁ ਮੈ ਥਾਂਨ ਘਨੇਰੇ ॥੧੦॥ ਕਈ ਬਿਸ਼੍ਨੂ ਮੇਰੇ ਦੇਹਿ ਮਾਂਹੀ ॥ ਕਈ ਰੁਦ੍ਰ ਤਹਾਂ ਵਰਤਾਂਹੀ ॥ ਅਸੁਨੀ ਕੁਮਾਰ ਕੋਟਿ ਹੈਂ ਭਾਈ ॥ ਦੇਖੋ ਮੁਝ ਮੈ ਹੇ ਪੰਡਰਾਈ ॥੧੧॥ ਜੋ ਦੇਖਿਆ ਤੁਝ ਨਾਹੀ ਆਗੇ ॥ ਸੋ ਅਬ ਦੇਖ ਮੁਝ ਬਪ ਸੌ ਲਾਗੇ ॥

ਅਵਰ ਅਚਰਜ ਨਾਂਨਾਂ ਤੂੰ ਦੇਖ ॥ ਇਸਥਾਵਰ ਜੰਗਮ ਮੁਝ ਮੈ ਪੇਖ ॥੧੨॥ ਸੋ ਸਭ ਮੇਰੇ ਬਪ ਕੇ ਮਾਂਹੀ ॥ ਅਵਰ ਦੇਖ ਜੋ ਦੇਖਿਆ ਚਾਂਹੀ ॥ ਚਰਮ ਦ੍ਰਿਸਟਿ ਮੈ ਦ੍ਰਿਸਟਿ ਨ ਆਵੈ ॥ ਦਿਬ ਦ੍ਰਿਸਟਿ ਮੈ ਦਰਸਨ ਪਾਵੈ ॥੧੩॥ ਤਾਤੇ ਦਿਬ ਦ੍ਰਿਸਟਿ ਸੋ ਦੇਖੋ ॥ ਜੋਗ ਸਮਾਧਿ ਲਾਇ ਸਭ ਪੇਖੋ ॥ ਦਸਵੈ ਪਉਣ ਚੜਾਵੋ ਨੀਤ ॥ ਈਸਵਰਜ ਮੁਝ ਦੇਖੋ ਇਹ ਰੀਤ ॥੧੪॥ ਐਸੇ ਪਾਰਥ ਪੈ ਹਰਿ ਭਾਖਿਓ ॥ ਅਰਜਨ ਪਉਨ ਦਸਵੈ ਮੈਂ ਰਾਖਿਓ ॥ ਸਮਾਧ ਮਾਹਿ ਅਰਜਨ ਜਬ ਦੇਖਿਓ ॥ ਤਾਤਕਾਲ ਬਿਭੂਤ ਹਰਿ ਪੇਖਿਓ ॥੧੫॥

### ਸੰਜਿਓਵਾਚ ॥

ਦੋਹਰਾ ॥ ਸੰਜੈ ਕਹੇ ਧ੍ਰਿਤਰਾਸਟ੍ਰ ਪੈ  ਹੇ ਰਾਜਨ ਪਰਧਾਂਨ ॥ ਅਰਜਨ ਲਾਇ ਸਮਾਧ ਕੋ  ਦੇਖਿਓ ਰੂਪ ਭਗਵਾਂਨ ॥੧੬॥ ਦੋਹਰਾ ॥ ਐਸਾ ਰੂਪ ਮੈ ਦੇਖਿਆ  ਮੋ ਪੈ ਕਹਿਆ ਨ ਜਾਇ ॥ ਜੋ ਅਰਜਨ ਨੇ ਦੇਖਿਆ ਸੋ ਸਭ ਕਹੌ ਸੁਨਾਇ ॥੧੭॥

### ਟੀਕਾਕਾਰਵਾਚ ॥

ਸੋਰਠਾ ॥ ਮੁਖ ਚਖ ਕਾਨ ਅਨੇਕ  ਹਸਤ ਪਾਦ ਅਨੇਕ ਪੁਨ ॥ ਸਭ ਕੋ ਠਾਕੁਰ ਏਕ  ਬੈਰਾਟ ਰੂਪ ਜਿਨ ਧਾਰਿਆ ॥੧੮॥ ਚਉਪਈ ॥ ਅਧਭੁਤ ਦਰਸਨ ਮਹਾਂ ਅਨੂਪ ॥ ਦਿਬ ਭੂਖਣ ਲਾਗੈ ਤਿਹ ਰੂਪ ॥ ਅਨੇਕ ਸਸਤ੍ਰ ਤਿਨ ਹਾਥੋ ਮਾਂਹਿ ॥ ਸਸਤ੍ਰ ਨਗਨ ਸਤ੍ਰ ਕੋ ਦਾਹਿ ॥੧੯॥ ਦਿਬ ਮਾਲਾ ਤਿਹੰ ਕੰਠੇ ਮਾਹੀ ॥ ਦਿਬ ਬਸਤ੍ਰ ਤਿਹ ਬਪ ਕੌ ਆਹੀ ॥ ਦਿਬ ਸੁਗੰਧ ਤਹਾਂ ਤੇਂ ਆਵੈ ॥ ਅਰਜਨ ਦੇਖਿ ਅਸਚਰਜ ਕੌ ਪਾਵੈ ॥੨੦॥ ਜਹਾਂ ਦੇਖੇ ਤਹਾਂ ਹਰਿ ਭਗਵਾਂਨ ॥ ਅਨਿਕ ਭਾਂਤ ਵਹੁ ਏਕ ਸੁਜਾਂਨ ॥ ਦਸੋ ਦਿਸਾ ਮੈ ਗੋਬਿੰਦ ਦੇਖੈ ॥ ਸਹੰਸ੍ਰ ਰੂਪ ਪ੍ਰਕਾਸਕ ਪੇਖੈ ॥੨੧॥ ਭਗਵਾਂਨ ਸਮਾਧ ਮੈ ਯਹਿ ਦਿਖਰਾਇਆ ॥ ਅਰਜਨ ਦੇਖ ਅਸਚਰਜ ਅਤਿ ਪਾਇਆ ॥ ਸਹੰਸ੍ਰ ਰਵਿ ਸਮ ਹਰਿ ਕੌ ਪੇਖਿਓ ॥ ਸਭ ਤੇ ਉਤਮ ਹਰਿ ਕੋ ਦੇਖਿਓ ॥੨੨॥ ਮਾਧਵ ਬਪ ਮੈ

ਯਹਿ ਦਿਸਟਾਵੈ ॥ ਸਗਲ ਸੰਸਾਰ ਪਸਰਿਆ ਪਾਵੈ ॥ ਅਨਿਕ ਭਾਂਤ ਸੰਸਾਰ ਜਬ ਦੇਖਿਆ ॥ ਬੈਰਾਟ ਰੂਪ ਕੌ ਪਾਰਥ ਪੇਖਿਆ ॥੨੩॥ ਸੋ ਸਭ ਕ੍ਰਿਸਨ ਦੇਵ ਕੇ ਮਾਂਹਿ ॥ ਧਨੰਜੈ ਦੇਖਿ ਬਿਸਮ ਕੌ ਪਾਂਹਿ ॥ ਅਤਿ ਬਿਸਮਾਦ ਅਰਜਨ ਜਬ ਭਇਆ ॥ ਅਪਨਾਂ ਸੀਸ ਪ੍ਰਭ ਚਰਨੀ ਗਹਿਆ ॥ ਡੰਡਉਤ ਕਰੈ ਅੰਚਲ ਤਬ ਜੋੜ ॥ ਮੁਖ ਸੋ ਬੋਲੇ ਹੇ ਪ੍ਰਭ ਮੋਰ ॥੨੪॥

## ਅਰਜਨੋਵਾਚ ॥

ਚਉਪਈ ॥ ਹੇ ਮਾਧਵ ਨਾਰਾਇਣ ਸ੍ਵਾਮੀ ॥ ਦਇਆਲ ਅਕਾਲ ਪ੍ਰਭ ਅੰਤਰਜਾਮੀ ॥ ਤੁਮਰੇ ਦੇਹ ਮਾਹਿ ਯਹਿ ਦੇਖੌ ॥ ਸਭ ਸਮੂਹ ਜਗਤ ਕਾ ਪੇਖੌ ॥੨੫॥ ਨਾਭ ਕਮਲ ਤੁਮਰੇ ਮਹਿ ਦੇਵ ॥ ਬ੍ਰਹਮਾ ਦੇਖੋ ਕਰਤਾ ਸੇਵ ॥ ਤੁਮਰੇ ਦੇਹ ਪਰ ਸਭ ਕਛੁ ਦੇਖੌ ॥ ਸਪਤ ਰਿਖ ਬ੍ਰਹਮਾ ਸੁਤ ਪੇਖੌ ॥੨੬॥ ਦਿਬ ਨਾਗ ਮੁਝ ਦਿਸਟੀ ਆਵੈ ॥ ਅਨੇਕ ਰੁਦ੍ਰ ਸਮਾਧ ਲਗਾਵੈ ॥ ਸਹੰਸਰ ਭੁਜਾ ਸਹੰਸਰ ਨੈਨ ॥ ਸਹੰਸਰ ਮੁਖ ਤੁਮ ਕਰਤੇ ਬੈਨ ॥੨੭॥ ਅਨਿਕ ਉਦਰ ਤੁਮ ਮੁਝ ਦਿਸਟ ਆਇ ॥ ਤੁਮਰਾ ਆਦਿ ਅੰਤਿ ਨਹੀ ਪਾਇ ॥ ਬਿਸ ਰੂਪ ਤੁਮਰਾ ਮੈ ਦੇਖੌ ॥ ਅਨੇਕ ਸੀਸ ਪਰ ਮੁਕਟ ਸਭ ਪੇਖੌ ॥੨੮॥ ਗਦਾ ਸਭਹੂੰ ਕੇ ਕਰ ਮੈ ਪਿਆਰੇ ॥ ਅਨੇਕ ਸਸਤ੍ਰ ਵਿਚ ਹਾਥ ਤੁਮਾਰੇ ॥ ਦਸੋ ਦਿਸਾ ਤੁਮ ਰਹੇ ਬਿਆਪ ॥ ਸਭ ਦੇਖੋ ਤੁਮ ਤੇਜ ਪ੍ਰਤਾਪ ॥੨੯॥ ਤੁਮਰਾ ਤੇਜ ਦੇਖਿਓ ਨਹੀ ਜਾਇ ॥ ਮਹਾਂ ਪ੍ਰਲੈ ਮੁਝ ਦਿਸਟੀ ਆਇ ॥ ਦਿਬ ਅਗਨਿ ਜਲਤ ਤਿਹ ਮਾਂਹੀ ॥ ਅਨੇਕ ਸੂਰ ਤਹਾਂ ਤਪਤਾਂਹੀ ॥੩੦॥ ਐਸੇ ਠਉਰ ਠਉਰ ਦਿਸਟ ਆਇ ॥ ਦਰਸਨ ਯਹਿ ਦੇਖਿਓ ਨਹੀ ਜਾਇ ॥ ਅਪ੍ਰਮੇਵ ਅਦ੍ਵੈ ਤੇਜ ਤੁਮਾਰਾ ॥ ਤੁਮ ਹੀ ਹੋ ਪ੍ਰਭ ਅਪਰ ਅਪਾਰਾ ॥੩੧॥ ਦੂਸਰੀ ਦਿਸਟੀ ਨਹੀ ਕੋ ਪੇਖੌ ॥ ਜਿਸ ਸੋ ਤੁਮਰਾ ਦਰਸਨ ਦੇਖੌ ॥ ਤੁਮ ਸਮਾਨ ਤੁਮਹੀ ਹੋ ਆਪ ॥ ਅਨੇਕ ਭਾਂਤ ਤੁਮ ਰਹੇ ਬਿਆਪ ॥੩੨॥

## ਸੰਜਿਓਵਾਚ ॥

ਚੌਪਈ ॥ ਭਗਵਾਂਨ ਰੂਪ ਅਰਜਨ ਜਿਉ ਪੇਖਿਆ ॥ ਅਪਨੇ ਨੇਤ੍ਰੋ ਸੋ ਜੋ ਦੇਖਿਆ ॥ ਹੇ ਰਾਜਨ ਸਭ ਕਹਿਓ ਸੁਨਾਇ ॥ ਅਬ ਅਵਰ ਕਹੌ ਸੁਨੌ ਚਿਤ ਲਾਇ ॥੩੩॥ ਅਰਜਨੋਵਾਚ ॥ ਸ੍ਵੈਯਾ ॥ ਸਭ ਕੇ ਪਰੇ ਅਬਿਨਾਸੀ ਪ੍ਰਭ ਤੁਮ  ਈਸਰ ਦਇਆਲ  ਕ੍ਰਿਪਾਲ ਸ੍ਵਾਂਮੀ ॥ ਏਕ ਰੂਪ ਤੇਂ ਸਭੁ ਕਛੁ ਸਾਜਿਓ  ਜਿਉ ਕੇ ਤਿਉ ਤੁਮ ਅੰਤਰਜਾਂਮੀ ॥ ਜੈਸੇ ਥੇ ਤੈਸੇ ਹੀ ਦੀਸੋ  ਊਨ ਨਹੀ ਤੁਮ ਪਾਰਗਿਰਾਮੀ ॥ ਕੋਟਿ ਬਿਸੁ ਉਪਜੇ ਹੈਂ ਤੁਮ ਸੋ  ਤੁਮ ਭਰਪੂਰ ਸਦਾ ਸੁਖਗਾਮੀ ॥੩੪॥ ਸ੍ਵੈਯਾ ॥ ਬਿਸੁ ਨਿਧਾਨ ਪੂਰਨ ਪਰਮੇਸਰ  ਸਭ ਤੇਂ ਪਰੇ ਸਨਾਂਤਨ ਆਂਹੀ ॥ ਅਤਿ ਬਲਵੰਤ ਈਸਰ ਕੇ ਈਸਰ  ਧਰਮ ਰਖਿਆ ਤੁਮ ਨਿਤ ਕਰਾਂਹੀ ॥ ਨਹੀ ਦੂਸਰਾ ਤੁਮ ਸਰ ਗੋਬਿੰਦ  ਐਸੇ ਆਵੈ ਮੁਝ ਮਤ ਮਾਂਹੀ ॥ ਤੁਮ ਏਕੋ ਪ੍ਰਭ ਜੀ ਹੋ ਪੂਰਨ  ਇਸਥਾਵਰ ਜੰਗਮ ਹੈ ਪਰਛਾਂਹੀ ॥੩੫॥ ਦੋਹਰਾ ॥ ਸਨਾਤਨ ਪੁਰਾਤਨ ਤੁਮ ਪ੍ਰਭੁ  ਆਦਿ ਅੰਤਿ ਮਧਿ ਮਾਹਿ ॥ ਇਹੁ ਜੋ ਰਵਿ ਅਰੁ ਚੰਦ੍ਰਮਾ  ਨੇਤ੍ਰ ਤੁਮਾਰੇ ਆਹਿ ॥੩੬॥ ਦੋਹਰਾ ॥ ਐਸਾ ਦੇਖੌ ਮੈਂ ਪ੍ਰਭੁ  ਤੁਮਰੇ ਮੁਖ ਕੇ ਮਾਂਹਿ ॥ ਮਹਾਂ ਅਗਨ ਅਤ ਤੇਜ ਸੋ  ਸਗਲੀ ਬਿਸ ਕੋ ਦਾਹਿ ॥੩੭॥ ਦੋਹਰਾ ॥ ਭੂਮ ਅਕਾਸ ਅਰ ਦਹਿ ਦਿਸਾ  ਤੁਮ ਬਿਆਪੇ ਭਗਵੰਤ ॥ ਅਦਭੁਤ ਭਇਆਨਕ ਰੂਪ ਦੇਖ  ਮੁਝ ਕੋ ਉਪਜਿਓ ਚਿੰਤ ॥੩੮॥ ਦੋਹਰਾ ॥ ਐਸਾ ਤੁਮਰਾ ਰੂਪ ਦੇਖ  ਡਰ ਹੈ ਤੀਨੌ ਲੋਕ ॥ ਕੋਟਿ ਦੇਵ ਤੁਮ ਦੇਹਿ ਮੈ  ਦੀਸੈ ਕਰਤੇ ਜੋਗ ॥੩੯॥ ਸੋਰਠਾ ॥ ਦੇਵ ਪੁੰਨ ਅਨੇਕ ਸਮੂਹ ਕਰੇ ਪ੍ਰਵੇਸ ਤੁਮ ਦੇਹਿ ਮੈ ॥ ਅਨੇਕ ਅਕਾਸ ਅਰ ਭੂਮ  ਮੁਝ ਕੋ ਦਿਸਟੀ ਆਵਤੇ ॥੪੦॥ ਮੰਗਲ ਛੰਦ ॥ ਕਈ ਕੋਟਿ ਦੇਵ ਅਪਾਰ ॥ ਤੁਮ ਉਸਤਤ ਕਰੇ ਪੁਕਾਰ ॥ ਕਈ ਕੋਟਿ ਰਿਖ ਅਰ ਸਿਧ ॥ ਕਰਤੇ ਬੇਨਤੀ ਬਹੁ ਬਿਧਿ ॥੪੧॥ ਉਸਤਤਿ ਕਰੇ ਰਿਖ ਦੇਵ ॥ ਕਈ ਬਰਖਾ ਬਹੁਤ ਕਰੇਵ ॥ ਰੁਦ੍ਰ ਅਨੇਕ ਦ੍ਰਿਸਟੀ ਆਹਿ ॥ ਕਈ ਬਿਸਨ ਤੁਮ

ਬਪ ਮਾਂਹਿ ॥੪੨॥ ਕਈ ਸਾਧ ਦੇਵ ਅਰ ਜਛ ॥ ਅਸਨੀ ਕੁਮਾਰ ਅਨਿਕ ਪਰਤਛ ॥ ਬਹੁ ਪਉਨ ਤੁਮ ਮੈ ਬਹੈ ॥ ਕਈ ਗੰਧ੍ਰਬ ਤੁਮ ਮੋ ਲਹੇ ॥੪੩॥ ਸਭ ਦੇਖ ਬਿਸਮੈ ਹੋਇ ॥ ਅਧਭੁਤ ਰੂਪ ਤੁਮਰਾ ਸੋਇ ॥ ਤੁਮ ਸਹੰਸ੍ਰ ਰੂਪ ਅਪਾਰ ॥ ਮੁਖ ਚਛ ਸਹੰਸ੍ਰ ਬੀਚਾਰ ॥੪੪॥ ਜੋ ਨੇਤ੍ਰ ਮੁਖ ਦਿਸਟਾਹਿ ॥ ਸੋ ਸਭੀ ਤੁਜ ਬਪ ਮਾਂਹਿ ॥ ਬਹੁ ਭੁਜਾ ਪਾਦ ਤੁਮ ਭਏ ॥ ਉਦਰ ਅਨਿਕ ਤੁਮਰੇ ਲਹੇ ॥੪੫॥ ਬਹੁ ਭਇਆਨਕ ਅਰ ਬਿਕਰਾਲ ॥ ਅਨਿਕ ਦਾੜ ਤੁਮ ਮੁਖ ਲਾਲ ॥ ਯਹਿ ਰੂਪ ਤੁਮਰਾ ਦੇਖ ॥ ਤ੍ਰੈਲੋਕ ਡਰੇ ਬਿਸੇਖ ॥੪੬॥ ਹਉ ਡਰੌ ਪ੍ਰਭ ਅਬਿਨਾਸ ॥ ਤੁਮ ਬਪ ਜਿਉ ਆਕਾਸ ॥ ਬਹੁ ਭਾਂਤ ਅੰਗ ਹੈ ਤੋਇ ॥ ਬਡੇ ਨੈਨ ਪੇਖੋ ਸੋਇ ॥੪੭॥ ਐਸਾ ਰੂਪ ਤੁਮਰਾ ਦੇਖ ॥ ਮੈ ਡਰੁ ਗਇਆ ਤੁਝ ਪੇਖ ॥ ਧੀਰਜ ਨਾ ਰਹਿਓ ਮੁਝ ਮਾਂਹਿ ॥ ਜਬ ਦਰਸ ਤੁਮਰਾ ਪਾਹਿ ॥੪੮॥ ਹੇ ਬਿਸਨ ਪ੍ਰਸੰਨ ਹੋ ॥ ਦਰਸਨ ਦੇਖਤਾ ਮੈ ਸੋ ॥ ਦੇਖੋ ਅਵਰ ਮੈ ਗੋਪਾਲ ॥ ਭਇਆਨਕ ਦਾੜ ਤੁਮ ਮੁਖ ਨਾਲ ॥੪੯॥ ਸੋ ਦਾੜ ਕੈਸੀ ਆਂਹਿ ॥ ਸਮ ਕਾਲ ਕੇ ਵਹਿ ਪਾਂਹਿ ॥ ਦੇਖ ਦਿਸਾ ਭੂਲੀ ਮੋ ॥ ਨਹੀ ਸਾਂਤ ਮਨ ਮੋ ਹੋ ॥੫੦॥ ਹੇ ਜਗ ਨਿਵਾਸ ਕ੍ਰਿਪਾਲ ॥ ਪ੍ਰਸੰਨ ਹੋਵੋ ਦਇਆਲ ॥ ਅਬ ਮੈ ਅਉਰ ਦੇਖੋ ਬਾਤ ॥ ਤੁਮਰੇ ਮੁਖ ਬਿਖੇ ਹੇ ਤਾਤ ॥੫੧॥ ਦੁਰਜੋਧਨ ਸੈਨਾਂ ਸਹਤ ॥ ਭੀਖਮ ਦ੍ਰੋਣ ਜੋ ਹੈ ਮਹਤ ॥ ਅਰ ਜੋਧਾ ਜੋ ਹੈਂ ਪ੍ਰਧਾਨ ॥ ਦੇਖੌ ਪਉਨ ਤੇ ਪਹਿਚਾਂਨ ॥੫੨॥ ਜੋ ਅਗਨਿ ਤੁਮ ਮੁਖ ਮਾਹਿ ॥ ਦੇਖੋ ਤਿਸ ਵਿਖੇ ਵਹੁ ਦਾਹਿ ॥ ਵਹੁ ਸਭ ਮੁਖ ਤੇਰੇ ਪਰੇ ॥ ਤੁਮਰੀ ਦਾੜ ਤੇ ਵਹਿ ਮਰੇ ॥੫੩॥ ਕਈ ਅਟਕੇ ਦਾੜੋ ਮਾਂਹਿ ॥ ਕਈ ਦੰਦ ਸੋ ਲੈ ਖਾਂਹਿ ॥ ਕਈ ਸਿਰ ਦਾਂਤ ਤੇਰੇ ਮਾਂਹਿ ॥ ਅਟਕੇ ਦੇਖਿਹੌ ਮੈ ਤਾਹਿ ॥੫੪॥ ਜਿਉ ਸਭ ਨਦੀ ਕੋ ਪ੍ਰਵਾਹਿ ॥ ਸਾਗਰ ਮਾਂਹਿ ਲੀਨ ਹੋ ਜਾਂਹਿ ॥ ਜੈਸੇ ਜੋਧਾ ਕੈਰਵ ਜੋ ॥ ਪ੍ਰਾਪਤ ਸਭੀ ਤੁਮ ਮੁਖ ਹੋ ॥੫੫॥ ਤਿਸ ਮੁਖ ਮਾਂਹਿ ਜੋ ਹੈ ਅਗਨ ॥ ਕੈਰਵ ਭਏ ਤਿਸ ਮੋ ਮਗਨ ॥ ਸਭ ਪੜੈ ਤੁਮ ਮੁਖ

ਮਾਂਹਿ ॥ ਫਿਰ ਵਹਿ ਦਿਸਟਿ ਆਵੈਂ ਨਾਹਿ ॥੫੬॥ ਤੁਮਰਾ ਤੇਜ ਅਤਿ ਬਲਵਾਨ ॥ ਤਿਸ ਕਰ ਲੋਕ ਪੂਰਨ ਜਾਂਨ ॥ ਐਸਾ ਭੈਆਨਕ ਤੁਮਰਾ ਰੂਪ ॥ ਵਹੁ ਹੈ ਬਹੁਤ ਤੇਜ ਅਨੂਪ ॥੫੭॥ ਤਿਸ ਰੂਪ ਕੋ ਨਮਸਕਾਰ ॥ ਹੇ ਦੇਵ ਕ੍ਰਿਸਨ ਮੁਰਾਰ ॥ ਪ੍ਰਸੰਨ ਹੋਹੁ ਮੁਝ ਮਾਂਹਿ ॥ ਤੋਹਿ ਰੂਪ ਅਚਰਜ ਆਹਿ ॥੫੮॥ ਐਸਾ ਚਾਹਤਾ ਮਨ ਮਾਂਹਿ ॥ ਤੁਝਿ ਆਦਿ ਅੰਤਿ ਦੇਖਾਹਿ ॥ ਦੇਖ ਸਕੌਂ ਅਬ ਨ ਦਇਆਲ ॥ ਪ੍ਰਤਾਪ ਤੁਮ ਗੋਪਾਲ ।੫੯॥ ਦੋਹਰਾ ॥ ਜਬ ਅਰਜਨ ਐਸੇ ਕਹਿਓ  ਤਬ ਭਗਵਾਂਨ ਗੋਪਾਲ ॥ ਮੁਖੌ ਕਹੇ ਸੁਨ ਪਾਰਥਾ  ਮੈ ਤੁਝ ਪਰ ਕ੍ਰਿਪਾਲ ॥੬੦॥ ਸੋਰਠਾ ॥ ਅਬ ਸੁਨ ਬਡਾ ਜੋ ਰੂਪ  ਇਸੀ ਸਮੇ ਮੈਂ ਧਾਰਿਆ ॥ ਸੋ ਹੈ ਕਾਲ ਸਰੂਪ  ਸਭ ਗ੍ਰਾਸਨ ਕੌ ਪ੍ਰਗਟਿਆ ॥੬੧॥ ਸੋਰਠਾ ॥ ਸਭ ਕੋ ਗ੍ਰਾਸੌਂ ਮੀਤ  ਏਹ ਸਭ ਹੀ ਨ ਹੋਇਗੇ ॥ ਹੇ ਅਰਜਨ ਧਰ ਚੀਤ ਉਠ ਸਤ੍ਰੋ ਸੋ ਜੁਧ ਕਰ ॥੬੨॥ ਦੋਹਰਾ ॥ ਸਤ੍ਰ ਸਭ ਹੀ ਜੀਤ ਕੇ ਰਾਜ ਭੂਮ ਕਾ ਲੇਉ ॥ ਰਾਜ ਭੋਗ ਸੁਖ ਭੋਗ ਤੂੰ  ਪ੍ਰਜਾ ਕੋ ਸੁਖ ਦੇਉ ॥੬੩॥ ਸੋਰਠਾ ॥ ਏ ਸਭ ਜੋਧਾ ਜੋ  ਠਾਂਢੇ ਦੇਖੇ ਅਰਜਨਾਂ ॥ ਹਤਿ ਕੀਏ ਮੈ ਸੋ  ਜਸ ਲੈ ਤੂੰ ਉਠ ਜੁਧ ਕਰ ॥੬੪॥ ਸੋਰਠਾ ॥ ਅਰਜਨ ਤੂੰ ਜਸ ਲੇ  ਸਭ ਕੋ ਜਗ ਮੈਂ ਕਹੇਗਾ ॥ ਸੈਨਾਂ ਕੈਰਉ ਏਹ  ਸਭ ਹੀ ਪਾਰਥ ਹਤ ਕੀਏ ॥੬੫॥ ਚਉਪਈ ॥ ਸੋ ਜੋਧਾ ਕੈਸੇ ਹੈਂ ਆਖੋ ॥ ਸਭ ਹੀ ਮਹਾਂਰਥੀ ਮੈਂ ਭਾਖੋ ॥ ਦ੍ਰੋਨਾਚਰਜ ਬਿਦਿਆਵੰਤ ॥ ਦੇਵੈ ਸਭ ਕੋ ਸਸਤ੍ਰ ਮੰਤ ॥੬੬॥ ਸਸਤ੍ਰ ਵਿਦਿਆ ਤਿਹ ਤੇ ਤੁਮ ਲੀਨ ॥ ਬਾਂਨ ਬਿਦਿਆ ਮੈ ਅਤਿ ਪ੍ਰਬੀਨ ॥ ਬਾਂਨ ਚੋਟ ਕਰੇ ਸਭ ਮਾਰੇ ॥ ਅਰ ਸਰਾਪ ਦੇ ਸਭ ਕੋ ਜਾਰੇ ॥੬੭॥ ਐਸਾ ਦ੍ਰੋਣਾਚਾਰਜ ਬਲੀ ॥ ਭੀਖਮ ਸੋ ਸਭ ਧਰਤੀ ਹਲੀ ॥ ਪਿਤਾਮੇ ਕੋ ਵਰ ਪਿਤਾ ਕਾ ਏਹ ॥ ਜਬ ਭਾਵੈ ਤਬ ਦੇਹਿ ਤਜੇਹ ॥੬੮॥ ਪਿਤਾਮਾ ਤੁਮਰਾ ਇਛਿਆਚਾਰੀ ॥ ਅਰ ਜੈਦਰਥ ਸੂਰ ਮਹਾਂ ਹੰਕਾਰੀ ॥ ਤਿਸ ਕਾ ਪਿਤਾ ਕੁਰਖੇਤ੍ਰ ਮਾਂਹਿ ॥ ਤਪ ਕਰੇ ਬੈਠਾ ਹੀ ਤਾਹਿ ॥੬੯॥ ਬਾਛਾ ਮਨ ਮੋ ਐਸੀ ਕਰੇ ॥ ਜੋ ਕੋ

ਮੁਝ ਸੁਤ ਕੋ ਹਤ ਕਰੇ ॥ ਸੁਤ ਕਾ ਸੀਸ ਭੂਮ ਨਾਂ ਗਿੜੇ ॥ ਜੈਦਰਥ ਪਿਤਾ ਯਹਿ ਬਾਂਛਾ ਕਰੇ ॥੭੦ ॥ ਕਰਨ ਕੋ ਰਵਿ ਕਾ ਸੁਤ ਜਾਂਨੋ ॥ ਭਾਂਨ ਅਵਤਾਰ ਕਰਨ ਪਹਿਚਾਨੋਂ ॥ ਅਵਰ ਸਭੀ ਜੋ ਜੋਧਾ ਦੇਖੇ ॥ ਅਤਿ ਬਲਵੰਤ ਸਭੀ ਕੋ ਪੇਖੋ ॥੭੧॥ ਤੁਝ ਸੌ ਵਹਿ ਮਾਰੇ ਨਹੀ ਜਾਂਹਿ ॥ ਮਾਰ ਰਾਖੇ ਮੈਂ ਸਭ ਹੀ ਆਹਿ ॥ ਮਾਰਿਓ ਕੌ ਉਠ ਹਤ ਕਰ ਯਾਰ ॥ ਮਤ ਡਰ ਕਰ ਮੈਂ ਮਾਰੇ ਡਾਰ ॥ ਜੁਧ ਕਰ ਤੂੰ ਪਾਰਥ ਜਸ ਲੇਇ ॥ ਮੇਰੀ ਬਾਤ ਕੋ ਮਨ ਚਿਤ ਦੇਇ ॥੭੨॥

## ਸੰਜਿਓਵਾਚ ॥

ਦੋਹਰਾ ॥ ਸੰਜੈ ਕਹੈ ਧ੍ਰਿਤਰਾਸਟ੍ਰ ਕੋ  ਹੇ ਰਾਜਾ ਪ੍ਰਧਾਨ ॥ ਅਤਿ ਪ੍ਰਿਅ ਸੋ ਪਾਰਥ ਸੁਨਿਓ  ਜੋ ਭਾਖਿਓ ਭਗਵਾਂਨ ॥੭੩॥ ਦੋਹਰਾ ॥ ਅਰਜਨ ਦੋ ਕਰ ਜੋੜ ਕਰਿ  ਕਰੈ ਬੇਨਤੀ ਏਹ ॥ ਥਰਹਰ ਕਾਂਪੇ ਹੇ ਪ੍ਰਭੂ  ਨਮਸਕਾਰ ਮੁਝ ਲੇਹ ॥੭੪॥ ਦੋਹਰਾ ॥ ਬਹੁੜ ਨਮੋ ਤੁਝ ਕੋ ਕਰੋਂ  ਹੇ ਪੂਰਨ ਭਗਵਾਂਨ ॥ ਤੁਮਰੇ ਬਪ ਮੋ ਦੇਖ ਹੋ  ਸਿਧ ਸਾਧ ਪ੍ਰਧਾਨ ॥੭੫॥

## ਅਰਜਨੋਵਾਚ ॥

ਸੋਰਠਾ ॥ ਤੁਮਰੇ ਬਪ ਕੇ ਮਾਂਹਿ  ਜਗਤ ਸਭ ਦ੍ਰਿਸਟਿ ਆਵਤਾ ॥ ਤਿਸ ਮੋ ਬਹੁ ਠਉਰ ਆਹਿ  ਠਉਰ ਠਉਰ ਸਿਧ ਮੰਡਲੀ ॥੭੬॥ ਚੌਪਈ ॥ ਕੋਟ ਮਹੰਤ ਠਉਰ ਮੋ ਪੇਖੋ ॥ ਗਿਆਨ ਮੰਡਲੀ ਕੋਟ ਹੀ ਦੇਖੌਂ ॥ ਤੁਮਰੀ ਮਹਿਮਾਂ ਕੀਰਤ ਗਾਵਹਿ ॥ ਤਿਸ ਕੋ ਪੜ ਪੜ ਅਤਿ ਸੁਖ ਪਾਂਵਹਿ ॥੭੭॥ ਤੁਮਰੀ ਕੀਰਤਿ ਕੀ ਪ੍ਰਸਾਦਿ ॥ ਤਿਨ ਸੋ ਰਹਿਓ ਸੰਸਾਰ ਬਿਬਾਦਿ ॥ ਤਰ ਸੰਸਾਰ ਸੋਗ ਕੋ ਨੀਰ ॥ ਚਲੇ ਬੈਕੁੰਠ ਮਾਂਹਿ ਵਹਿ ਧੀਰ ॥੭੮॥ ਅਵਰ ਰੂਪ ਤੁਮ ਕੈਸਾ ਪੇਖੌਂ ॥ ਸਗਲ ਦਿਸਾ ਕੋ ਭਖਤਾ ਦੇਖੌਂ ॥ ਕੋਟ ਸਮੂਹ ਸਿਧੋ ਅਵਤਾਰ ॥ ਕਰਤੇ ਹੈਂ ਤੁਮ ਕੋ ਨਮਸਕਾਰ ॥੭੯॥ ਕਿਉਂ ਨ ਕਰੇ ਤੁਮ ਕੋ ਆਦੇਸ ॥ ਬਡਿਓ ਤੇ ਬਡਾ ਤੁਮ ਦੇਸ ॥ ਸੰਸਾਰ ਕਰਤਾ ਜੋ ਬ੍ਰਹਮਾ ਕਹੀਐ । ਸੋ ਤੋ

ਉਪਜਿਓ ਤੁਮ ਸੋ ਲਹੀਐ ॥੮੦॥ ਹੇ ਜਗ ਨਿਵਾਸ ਸਭ ਅੰਤਰਜਾਮੀ ॥ ਹੇ ਬਿਸਨ ਪ੍ਰਭੂ ਤੁਮ ਪੂਰਨ ਸ੍ਵਾਂਮੀ ॥ ਸੂਖਮ ਰੂਪ ਜੀਵ ਜੋ ਕਹੀਐ ॥ ਤਿਸ ਤੇ ਪਰੈ ਪ੍ਰਭ ਤੁਮ ਕੌ ਲਹੀਐ ॥੮੧॥ ਹੇ ਨਿਧਾਨ ਤੁਮ ਪਰੇ ਤੇ ਪਰੇ ॥ ਚਾਰ ਬੇਦ ਤੁਮ ਉਤਪਤ ਕਰੇ ॥ ਜੋ ਕਛੁ ਸਰੂਪ ਮੈ ਜਾਨਨ ਬਾਤ ॥ ਸੋ ਤੁਮ ਹੋ ਗੋਬਿੰਦ ਠਾਕੁਰ ਸਾਤ ॥ ਸਾਰਾ ਤੇਜ ਯਹਿ ਤੁਮ ਤੇ ਭਇਓ ॥ ਬਿਸ ਰੂਪ ਤੁਮ ਹੀ ਹੋਇ ਰਹਿਓ ॥੮੨॥ ਕਵਿਤ ॥ ਜਮ ਤੁਹੈਂ ਨਾਰ ਤੁਹੈਂ ਸਸ ਅਰ ਸੰਸਾਰ ਤੁਹੈਂ  ਪਿਤ ਅਰੁ ਪਿਤਾਮਾਂ ਜੋ ਦੀਸੈ ਸੋ ਤੁਮ ਹੋ ॥ ਸਹੰਸ੍ਰ ਮੁਖ ਤੁਮ ਮੁਰਾਰ ਚਖ ਪਾਣ ਤੁਮ ਅਪਾਰ  ਸਹੰਸ੍ਰ ਹੀ ਸ੍ਰਵਨ ਨਾਸ ਸਰਬ ਮਾਂਹਿ ਰਮ ਹੋ ॥ ਦੀਸੈ ਸੋ ਤੁਝ ਸਰੂਪ ਤੁਮ ਹੀ ਸਭ ਰੰਕ ਭੂਪ ਸਹੰਸ੍ਰ ਪਾਦ ਤੁਝ ਹੀ ਕੋ ਠਉਰ ਠਉਰ ਗਮ ਹੋ ॥ ਅਦ੍ਵੈਤ ਤੁਝ ਕੌ ਬੀਚਾਰ ਤੁਮਰਾ ਤੁਮ ਨਮਸਕਾਰ  ਰਾਗ ਨਾਦ ਤੁਹੀਂ ਏਕ ਤੁਹੀ ਜੀਰ ਬੰਮ ਹੋ ॥੮੩॥ ਦੋਹਰਾ ॥ ਸਹੰਸ੍ਰ ਮੂਰਤਿ ਤੁਮ ਦੇਖੀਐ  ਤਿਨ ਸਭ ਕੋ ਜੋਹਾਰ ॥ ਤਿਨ ਮੂਰਤੋਂ ਕੌ ਭਿੰਨ ਭਿੰਨ  ਨਮੋ ਨਮੋ ਅਪਾਰ ॥੮੪॥ ਅੜਿਲ ॥ ਤੁਮਰੇ ਸਨਮੁਖ ਅਰ ਪੀਠ  ਦਾਂਏ ਬਾਂਏ ਮੁਝ ਨਮਿਤ ਹੈ ॥ ਤਹਾਂ ਲਗ ਕਰੌਂ ਜੁਹਾਰ  ਜਹਾਂ ਬੁਧ ਗਮਤ ਹੈ ॥ ਸਰਬਮਈ ਭਗਵਾਨ  ਨਮੋ ਤੁਝ ਬਾਸਦੇਵ  ॥ ਨਮਾਮ ਕਰੇ ਤੁਮ ਆਪ  ਅਪਨੇ ਆਪ ਮੈ ਲਹਿਓ ਹੈ ॥੮੫॥ ਦੋਹਰਾ ॥ ਸਰਬ ਬਿਆਪੀ ਤੁਮ ਪ੍ਰਭੂ ਅਮਿਤ ਰੂਪ ਤੁਝ ਆਹਿ ॥ ਅਦ੍ਵੈਤ ਅਕਾਲ ਸਰੂਪ ਮੈਂ  ਦੂਸਰ ਕੋਇ ਨਾਂਹਿ ॥੮੬॥ ਚਉਪਈ ॥ ਇਸ ਕਾਰਨ ਮੈਂ ਬਿਨਤੀ ਕਰੋਂ ॥ ਦੁਤੀਏ ਭਾਉ ਕੀਏ ਤੇ ਡਰੌਂ ॥ ਜੋ ਮੈ ਜਾਂਨ ਅਵਿਗਿਆ ਕਰੀ ॥ ਸੋ ਤੁਮ ਬਖਸੋ ਹੇ ਪ੍ਰਭ ਹਰੀ ॥੮੭॥ ਐਸੇ ਬਚਨ ਕਹੇ ਤੁਮ ਪਿਆਰੇ ॥ ਕਿਸਨ ਜਾਦਵ ਤੁਮ ਨਾਮ ਉਚਾਰੇ ॥ ਅਰ ਸਖੇ ਬਚਨ ਜੋ ਤੁਝ ਕੋ ਕਹਾ ॥ ਇਸ ਕਹਤੇ ਸੋ ਅਤਿ ਦੁਖ ਲਹਾ ॥੮੮॥ ਤੁਮ ਅਨਾਮ ਅਰੂਪ ਅਦ੍ਵੀਤ ॥ ਪੀਛੇ ਕਹਿਆ ਸੋ ਬਖਸੋ ਮੀਤ ॥ ਤੁਮਰਾ ਨਾਮ ਕਹਿਆ ਨਹੀ

ਜਾਇ ॥ ਅਬਾਚ ਦਿਸਾ ਮੈ ਬਚਨ ਨ ਕਾਇ ॥੮੯॥ ਅਰ ਭੋਜਨ ਜੋ ਤੁਮ ਸੰਗ ਕੀਤਾ ॥ ਤੁਮਰੇ ਥਾਨ ਪਰ ਆਸਨ ਲੀਤਾ ॥ ਤੁਮਰੇ ਸਮਾਂਨ ਮਾਰਗ ਮੈ ਚਲਿਆ ॥ ਤੁਮਰੇ ਕੰਠ ਸੋ ਸਮ ਹੋਇ ਮਿਲਿਆ ॥੯੦॥ ਸੋ ਸਭ ਅਜਾਂਨ ਭਾਉ ਤੇ ਹੋਈ ॥ ਅਚੁਤ ਅਬਿਨਾਸੀ ਬਖਸੋ ਸੋਈ ॥ ਜੈਸਾ ਕੈਸਾ ਮੈ ਹੋ ਤੇਰਾ ॥ ਖਿਮਾ ਕਰੋ ਦੁਖ ਜਾਵੈ ਮੇਰਾ ॥੯੧॥ ਸਗਲ ਅਪ੍ਰਾਧ ਮੇਰੇ ਤੁਮ ਹਰੋ ॥ ਜੋ ਦੁਤੀਏ ਭਾਉ ਤੇ ਕਰੋ ॥

### ਟੀਕਾਕਾਰਵਾਚ ॥

ਆਪ ਕੋ ਜੋ ਹਰਿ ਸੋ ਨਹੀਂ ਜਾਂਨਿਆ ॥ ਬਡਾ ਅਪ੍ਰਾਧ ਯਹੀ ਪਹਿਚਾਂਨਿਆ ੯੨ ॥ ਜੋ ਜਾਨੈ ਹਰਿ ਆਪ ਕੋ ਦੋਇ ॥ ਸੋ ਅਪਰਾਧੀ ਪਾਪੀ ਹੋਇ ॥ ਪ੍ਰਭ ਬਿਨ ਅਵਰ ਨਹੀ ਕੋ ਭਾਈ ॥ ਹਰਿ ਬਿਨ ਦੂਜਾ ਕਹਾਂ ਸਮਾਈ ॥੯੩॥ ਅਰਜਨ ਪ੍ਰਭ ਸੋ ਭਿੰਨ ਜਬ ਜਾਨਿਆ ॥ ਯਹੀ ਅਪ੍ਰਾਧ ਅਪਨੇ ਮਨ ਮਾਨਿਆ ॥

### ਅਰਜਨੋਵਾਚ ॥

ਅਬ ਅਰਜਨ ਗੋਬਿੰਦ ਪੈ ਆਖੈ ॥ ਹਰਿ ਕੀ ਉਸਤਤਿ ਮੁਖ ਸੌ ਭਾਖੈ ॥੯੪॥ ਹੇ ਅਪ੍ਰਮੇਵ ਪ੍ਰਭ ਕ੍ਰਿਪਾ ਨਿਧਾਂਨਾ ॥ ਇਸਥਾਵਰ ਜੰਗਮ ਕੇ ਭਗਵਾਂਨਾ ॥ ਸਭ ਕੇ ਕਰਤਾ ਹੋ ਤੁਮ ਸ੍ਵਾਂਮੀ ॥ ਗੁਰ ਕੇ ਗੁਰ ਤੁਮ ਅੰਤਰਜਾਂਮੀ ॥੯੫॥ ਤ੍ਰਿਲੋਕੀ ਮਾਂਹਿ ਤੁਮ ਸਮ ਕੋ ਨਾਹੀ ॥ ਮੈ ਜਾਨੋ ਐਸਾ ਮਨ ਮਾਂਹੀ । ਡੰਡਉਤ ਦੇਹਿ ਸਾਥ ਤੁਝ ਕਰੋ ॥ ਅਸਟਾਂਗ ਡੰਡਉਤ ਤੁਝਿ ਆਗੇ ਧਰੌ ॥੯੬॥ ਹੇ ਪ੍ਰਭ ਤੂੰ ਉਸਤਤਿ ਕੇ ਜੋਗ ॥ ਹੇ ਮਾਧਵ ਠਾਕੁਰ ਤ੍ਰਿਲੋਕ ॥ ਮੇਰੇ ਯਹਿ ਅਪ੍ਰਾਧ ਨਿਵਾਰੋ । ਅਪ੍ਰਾਧ ਯਹੀ ਜੋ ਦੁਤੀ ਬਿਚਾਰੋ ॥੯੭॥ ਮੁਝ ਪਰ ਖਿਮਾ ਕਰੋ ਪ੍ਰਭ ਸਾਤ ॥ ਜੈਸੇ ਸੁਤ ਪਰ ਕਰਤਾ ਤਾਤ ॥ ਜੈਸੇ ਸਖਾ ਸਖੇ ਪਰ ਕਰੇ ॥ ਜਿਉ ਤੀਅ ਅਪ੍ਰਾਧ ਭਰਤਾ ਬਿਸਮਰੇ ॥੯੮॥ ਤੈਸੇ ਖਿਮਾ ਤੁਮ ਮੁਝ ਪੈ ਧਾਰੋ ॥ ਨਿਵਾਰੋ ਪਾਪ ਜੋ ਦੁਤੀ ਬੀਚਾਰੋ ॥ ਮੈਂ ਨਹੀ ਕਬਹੂ ਰੂਪ ਯਹਿ ਪੇਖਿਆ ॥ ਜੋ ਅਬ ਰੂਪ ਤੁਮਾਰਾ ਦੇਖਿਆ ॥੯੯॥ ਡਰਿਆ ਹੋ ਦੇਵੋ ਕੇ

ਦੇਵ ॥ ਡਰ ਕਰ ਤੁਮਰੀ ਕਰ ਹੌਂ ਸੇਵ ॥ ਹੇ ਜਗ ਨਿਵਾਸ ਪ੍ਰਸੰਨ ਤੁਮ ਹੋਵਹੁ ॥ ਪਿਛਲੇ ਪਾਪ ਮੇਰੇ ਸਭ ਧੋਵਹੁ ॥੧੦੦॥ ਅਬ ਵਹੁ ਰੂਪ ਦਿਖਾਵਹੁ ਸੋਇ ॥ ਸੁੰਦਰ ਮੁਕਟ ਜਿਹੰ ਮਾਥੈ ਹੋਇ ॥ ਏਕ ਹਾਥ ਮੈ ਗਦਾ ਹੋਇ ਜਿਸ ਕੇ ॥ ਚਕ੍ਰ ਹੋਇ ਦੁਤੀਏ ਕਰਿ ਤਿਸ ਕੇ ॥੧੦੧॥ ਤ੍ਰਿਤੀ ਪਾਂਨ ਅਸ਼੍ਵ ਕੀ ਬਾਗ ॥ ਜੋ ਅਸ਼੍ਵ ਮੇਰੇ ਰਥ ਕੌ ਲਾਗ ॥ ਚਤ੍ਰ ਹਾਥ ਛਟੀ ਪ੍ਰੇਰਨ ਕੀ ॥ ਜਿਹ ਤੇ ਰਥ ਕੀ ਗਤਿ ਫੇਰਨ ਕੀ ॥੧੦੨॥ ਤਿਸੀ ਰੂਪ ਕੌ ਮੁਝੈ ਦਿਖਾਵਹੁ ॥ ਹੇ ਬਿਸ ਰੂਪ ਯਹਿ ਰੂਪ ਛਿਪਾਵਹੁ ॥ ਚਤ੍ਰਭੁਜ ਰੂਪ ਹੋਇ ਦਰਸਨ ਦੇਉ ॥ ਮੇਰੀ ਬਿਨਤੀ ਪ੍ਰਭ ਸੁਨ ਲੇਉ ॥ ਜਬ ਅਰਜਨ ਯਹਿ ਬਿਨਤੀ ਕਰੀ ॥ ਤਬ ਬੋਲੇ ਮੁਖ ਤੇ ਪ੍ਰਭ ਹਰੀ ॥੧੦੩॥

## ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਪ੍ਰਸੰਨ ਹੋਇ ਦਿਖਾਇਆ ਐਸਾ ਤੁਝੈ ਸਰੂਪ ॥ ਬਿਸੁਮੈ ਅਰ ਤੇਜਮੈ ਅਨੰਤ ਅਨਾਦਿ ਅਜ ਰੂਪ ॥੧੦੪॥ ਸੋਰਠਾ ॥ ਤੁਝੈ ਦੇਖਾਇਆ ਏਹੁ ਆਗੇ ਕਿਸੇ ਨ ਦੇਖਿਆ ॥ ਹੇ ਅਰਜਨ ਸੁਨ ਲੇਹ ਤੁਧ ਆਗੈ ਨਹੀ ਪੇਖਿਆ ॥੧੦੫॥ ਸੋਰਠਾ ॥ ਮੇਰਾ ਐਸਾ ਰੂਪ ਜੋ ਪਾਠੀ ਚਾਰੋ ਬੇਦ ਕੇ ॥ ਹੈ ਦੁਰਲੰਭ ਸਰੂਪ ਵਹੁ ਭੀ ਦੇਖੈ ਮੂਲ ਨਾਂ ॥੧੦੬॥ ਸੋਰਠਾ ॥ ਜੋ ਸਭ ਹੀ ਜਗ ਕਰਾਹਿ ਤਿਨ ਕੋ ਭੀ ਦੁਰਲੰਭ ਹੈ ॥ ਸੋ ਭੀ ਦੇਖਨ ਨਾਂਹਿ ਐਸਾ ਮੇਰਾ ਬਿਸ ਰੂਪ ॥੧੦੭॥ ਚਉਪਈ ॥ ਜੋ ਜਗ ਮੈ ਸਭ ਹੀ ਤਪ ਕਰੈ ॥ ਐਸਾ ਰੂਪ ਤਿਸ ਦਿਸਟਿ ਨ ਪਰੈ ॥ ਸੁਭ ਪ੍ਰਕਾਰ ਜੋ ਸਭ ਜਗ ਸਾਧੇ ॥ ਦੇਖੇ ਨਹੀ ਯਹਿ ਰੂਪ ਅਗਾਧੇ ॥੧੦੮॥ ਕੁਰਬੰਸਿਓ ਮਾਂਹਿ ਸ੍ਰੇਸਟ ਤੂੰ ਪਾਰਥ ॥ ਤੁਝੇ ਦਿਖਾਇਆ ਰੂਪ ਜਥਾਰਥ ॥ ਤ੍ਰਿਲੋਕੀ ਮਾਂਹਿ ਐਸਾ ਕੋ ਨਾਂਹਿ ॥ ਐਸਾ ਰੂਪ ਜੋ ਦੇਖੈ ਆਹਿ ॥੧੦੯॥ ਹੇ ਅਰਜਨ ਤੂੰ ਡਰ ਕੋ ਤਿਆਗ ॥ ਕਾਟ ਮੋਹੁ ਮੁਝ ਸਰਨੀ ਲਾਗ ॥ ਭਇਆਨਕ ਰੂਪ ਜੋ ਤੁਝ ਦਿਸਟਾਇਆ ॥ ਉਸ ਕੋ ਦੇਖ ਤੈਂ ਅਤਿ ਡਰ ਪਾਇਆ ॥੧੧੦॥ ਅਬ ਤੂੰ ਤਿਆਗ

ਡਰ ਅਪਨਾ ਮੀਤ ॥ ਭਇਆਨਕ ਰੂਪ ਮੁਝੇ ਅੰਤਰਿ ਕੀਤ ॥ ਉਹੀ ਸਰੂਪ ਬਹੁੜ ਤੂੰ ਦੇਖ ॥ ਜੋ ਚਾਹੈ ਸੋਈ ਕਛੁ ਪੇਖ ॥੧੧੧॥

ਸੰਜਿਓਵਾਚ ॥

ਸੰਜੈ ਐਸਾ ਫਿਰ ਕਹੇ ਹੇ ਰਾਜਾ ਸੁਨ ਲੇਹਿ ॥ ਪਾਰਥ ਕੋ ਜਿਉ ਕਹਤ ਹੈ ਬਾਸਦੇਵ ਸਰਬੇਹਿ ॥੧੧੨॥ ਦੋਹਰਾ ॥ ਬਿਸ ਰੂਪ ਸਭ ਆਪਨਾ ਅੰਤਰ ਲੀਓ ਮਿਲਾਇ ॥ ਭਇਆਨਕ ਰੂਪ ਮਹਾਤਮਾਂ ਤਿਸ ਕੋ ਦੀਓ ਛਪਾਇ ॥੧੧੩॥ ਦੋਹਰਾ ॥ ਸਖੇ ਰੂਪ ਤਬ ਹੋਇ ਕਰਿ ਧਿਆਂਨ ਅਰਜਨ ਕੇ ਮਾਂਹਿ ॥ ਲਾਗੇ ਦਿਸਟੀ ਆਵਨੇਂ ਪਾਰਥ ਬੋਲੇ ਤਾਂਹਿ ॥੧੧੪॥

ਅਰਜਨੋਵਾਚ ॥

ਦੋਹਰਾ ॥ ਸੁਖ ਸਰੂਪ ਜੋ ਚਤੁਰਭੁਜ ਅਬ ਦੇਖਿਓ ਮੈ ਮੀਤ ॥ ਅਬ ਸਭ ਕਛੁ ਮੈਂ ਜਾਂਨਿਆਂ ਉਪਜੀ ਚਈਤਨ ਰੀਤ ॥੧੧੫॥ ਸੋਰਠਾ ॥ ਅਪਨੀ ਪ੍ਰਕਿਰਤ ਕੇ ਮਾਂਹਿ ਹੇ ਪ੍ਰਭ ਜੀ ਮੈ ਆਇਆ ॥ ਨਮਸਕਾਰ ਤੁਝ ਆਹਿ ਐਸਾ ਹੈ ਸੁਖ ਰੂਪ ਤੁਝ ॥੧੧੬॥

ਟੀਕਾਕਾਰਵਾਚ ॥

ਚੌਪਈ ॥ ਬਿਸ ਰੂਪ ਜੋ ਅਰਜਨ ਦੇਖਾ ॥ ਤਿਸ ਕਾ ਰੂਪ ਮੈ ਮਨ ਮੈਂ ਪੇਖਾ ॥ ਅਵਰ ਕਿਸੀ ਕੋ ਦਿਸਟੀ ਨ ਆਵੈ ॥ ਗਿਆਨੀ ਹੋਇ ਸੋ ਤਿਸ ਨੋ ਪਾਵੈ ॥੧੧੭॥ ਐਸੇ ਗੁਰ ਨਾਨਕ ਪ੍ਰਧਾਨ ॥ ਕਹਿਓ ਸੁਖਮਨੀ ਮਾਂਹਿ ਬਖਾਂਨ ॥ ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪ ਪਰਮੇਸੁਰ ॥੧੧੮॥ ਗਿਆਨੀ ਕੀ ਉਸਤਤਿ ਕਹਾ ਕੋ ਕਹੈ ॥ ਗਿਆਂਨੀ ਹਰਿ ਏਕ ਸਮ ਅਹੈ ॥ ਹਰਿ ਤੇ ਗਿਆਨੀ ਭੀ ਹੈ ਊਚਾ ॥ ਜੋ ਸਭ ਛਾਡ ਹਰਿ ਮਾਂਹਿ ਪਹੂਚਾ ॥੧੧੯॥ ਐਸੀ ਬਾਤ ਕੋਈ ਵਿਰਲਾ ਪਾਵੈ ॥ ਜੇ ਕੋ ਅਦ੍ਵੀਤ ਮਾਂਹਿ ਚਿਤ ਲਾਵੈ ॥ ਗਿਆਂਨ ਨੈਨ ਸੋ ਤਿਸ ਕੋ ਦੇਖੈ ॥ ਚਰਮ ਚਛ ਸੋ ਕੋਇ ਨ ਪੇਖੈ ॥੧੨੦॥ ਖਾਲਸੇ ਕੋ ਵਹੁ ਰੂਪ ਦਿਖਾਵੋ ॥ ਤਿਨ ਮੈ ਜੋ ਅਧਿਕਾਰੀ

ਪਾਵੋ ॥ ਅਬ ਦੇਖੋ ਗਿਆਂਨ ਕੇ ਮਾਂਹਿ ॥ ਸੰਸਾਰ ਸਗਲ ਬਿਸ ਰੂਪ ਹੀ ਆਂਹਿ ॥੧੨੨॥ ਸ੍ਰਵਨ ਪਾਦ ਸਹੰਸ੍ਰ ਭਾਈ ॥ ਭਗਵਾਂਨ ਦੇਹਿ ਮੈਂ ਦੇਤ ਦਿਖਾਈ ॥ ਹਸਤ ਨਾਸ ਸਹੰਸਰ ਜਾਨੋ ॥ ਸਭੀ ਪਾਰਬ੍ਰਹਮ ਮੈ ਮਾਨੋ ॥੧੨੩॥ ਅਗਨ ਪ੍ਰਿਥਵੀ ਆਬ ਅਰੁ ਵਾਉ ॥ ਦੇਹਿ ਗੋਬਿੰਦ ਮੈ ਸਭ ਦਿਸਟ ਆਉ ॥ ਅਕਾਸ ਸੂਰ ਚੰਦ ਅਰ ਤਰਵਾ ॥ ਗੋਬਿੰਦ ਦੇਹਿ ਤੇ ਪ੍ਰਗਟ ਕਰਵਾ ॥੧੨੪॥ ਮਰਨ ਜੀਵਨ ਜੀਓ ਕੀ ਜੋਇ ॥ ਸਭ ਬੈਰਾਟ ਕੇ ਬਪ ਮੈਂ ਹੋਇ ॥ ਬੈਰਾਠ ਰੂਪ ਮੈ ਹੈ ਸਭ ਕੋਇ ॥ ਏਕ ਅਦ੍ਵੈਤ ਬ੍ਰਹਮ ਪੁਨਿ ਹੋਇ ॥ ਤੈਸੇ ਹੀ ਗੁਰ ਨਾਨਕ ਆਪ ॥ ਆਰਤੀ ਮਾਂਹਿ ਕਹਿਓ ਪ੍ਰਤਾਪ ॥੧੨੫॥ ਗਗਨਮੈ ਥਾਲੁ ਰਵਿ ਚੰਦੁ ਦੀਪਕ ਬਨੇ  ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨ ਲੋ ਪਵਣੁ ਚਵਰੋ ਕਰੇ  ਸਗਲ ਬਨਰਾਇ ਫੂਲੰਤ ਜੋਤੀ ॥੧੨੬॥ ਕੈਸੀ ਆਰਤੀ ਹੋਇ  ਭਵ ਖਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ  ਬਧ ਬਿਨੁ  ਸਹਸ ਤਵ ਗੰਧ  ਇਵ ਚਲਤ ਮੋਹੀ ॥੧੨੭॥ ਸਭ ਮਹਿ ਜੋਤਿ  ਜੋਤਿ ਹੈ ਸੋਇ ॥ ਤਿਸ ਕੈ ਚਾਨਣਿ  ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ  ਜੋਤਿ ਪਰਗਟੁ ਹੋਇ ॥ ਜੋ ਤਿਸ ਭਾਵੈ ਸੁ ਆਰਤੀ ਹੋਇ ॥੧੨੮॥ ਹਰਿ ਚਰਨ ਕਮਲ ਮਕਰੰਦ ਲੋਭਿਤ ਮਨੋ  ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੧੨੯॥ ਚਉਪਈ ॥ ਯਹਿ ਜਾਨੈ ਸੋ ਖਾਲਸਾ ਹੋਇ ॥ ਬ੍ਰਹਮ ਮੈ ਸਭ ਕਛੁ ਦੇਖੈ ਸੋਇ ॥ ਸਭਹੂੰ ਮਾਂਹਿ ਬ੍ਰਹਮ ਕੋ ਜਾਂਨੈਂ ॥ ਆਪ ਜਗਤ ਗੋਬਿੰਦ ਏਕ ਮਾਨੈ ॥੧੩੦॥ ਕੋ ਵਿਰਲਾ ਐਸੀ ਗਤ ਪਾਵੈ ॥ ਗਿਆਂਨ ਧਾਰ ਗੋਬਿੰਦ ਹੋਇ ਜਾਵੈ ॥ ਗਿਆਨ ਬੈਰਾਗ ਭਗਤਿ ਜੋ ਸਹਤ ॥ ਬ੍ਰਹਮ ਗਿਆਂਨ ਅਦ੍ਵੈ ਯਿਓ ਕਹਤ ॥੧੩੧॥

## ਸ੍ਰੀ ਭਗਵਾਨੋਵਾਚ ॥

ਸੋਰਠਾ ॥ ਹੇ ਪਾਰਥ ਬਿਸਰੂਪ ਜੋ ਤੁਝ ਦੇਖਿਆ ਅਰਜਨਾਂ ॥ ਆਗੈ ਕਿਸੈ ਨ ਦੇਖਿਆ ਇਹ ਸਰੂਪ ਮੁਝ ਰਾਜਨਾਂ ॥੧੩੨॥ ਦੋਹਰਾ ॥ ਦੇਵਤਾ ਭੀ ਨਿਤ ਚਾਹਤੇ ਦੇਖਨ ਐਸਾ ਰੂਪ ॥ ਦੇਖਨ ਇਸ ਕਾ ਕਠਨ ਹੈ ਨਾਂ ਦੇਖੈ ਕੋ ਭੂਪ ॥੧੩੩॥ ਐਸੇ ਰੂਪ ਕੀ ਚਾਹਿ ਮੋਂ ਤਪਸੀ ਨਿਤ ਤਪ ਕਰੇਂ ॥ ਤਿਨ ਕੋ ਦ੍ਰਿਸਟ ਨ ਆਵਤਾ ਨਿਤ ਵਹੁ ਜਨਮੈ ਮਰੇ ॥੧੩੪॥ ਚਉਪਈ ॥ ਬਹੁ ਦਾਨੋ ਨਹੀ ਪਾਵੈ ਕੋਇ ॥ ਦ੍ਰਿਸਟਿ ਨਾ ਆਵੈ ਧਰਮੋ ਸੋਇ ॥ ਜੈਸਾ ਤੈਂ ਯਹਿ ਦੇਖਿਆ ਮੀਤ ॥ ਅਬ ਯਹਿ ਬਾਤ ਨਿਸਚੈ ਧਰ ਚੀਤ ॥੧੩੫॥ ਜੋ ਤੂੰ ਮੇਰਾ ਭਗਤ ਪਿਆਰੇ ॥ ਮੁਝ ਤੇ ਦੂਸਰ ਨਾਹਿ ਬਿਚਾਰੇ ॥ ਮੇਰੇ ਧਿਆਨ ਮੈਂ ਤੂੰ ਨਿਤ ਰਹੈ ॥ ਕੇਵਲ ਮੇਰਾ ਆਸਰਾ ਗਹੈ ॥੧੩੬॥ ਐਸੀ ਭਗਤ ਤੇ ਦਰਸਨ ਪਾਇਓ ॥ ਇਸੀ ਭਗਤ ਤੇ ਮੁਝੈ ਰਿਝਾਇਓ ॥ ਤਬ ਤੈ ਨੇਤ੍ਰੋ ਸੋ ਭੀ ਦੇਖਿਆ ॥ ਗਿਆਂਨ ਮਾਂਹਿ ਸਮਝ ਕਰਿ ਪੇਖਿਆ ॥੧੩੭॥ ਅਰ ਅਰਜਨ ਮੁਝ ਕੋ ਤੈ ਪਾਇਆ ॥ ਜੋ ਤੂੰ ਬ੍ਰਹਮ ਮਾਂਹਿ ਚਿਤ ਲਾਇਆ ॥ ਮੇਰੀ ਭਗਤ ਤੁਝ ਪ੍ਰਾਪਤ ਹੋਇ ॥ ਤੁਝ ਸਾਰਖਾ ਅਵਰ ਨ ਕੋਇ ॥੧੩੮॥ ਅਬ ਜੋ ਤੁਝ ਕੋ ਕਰਨਾ ਆਇਆ ॥ ਸੋ ਸੁਨ ਪਾਰਥ ਹੇ ਪੰਡ ਰਾਇਆ ॥ ਮੇਰੀ ਪੂਜਾ ਨਿਤ ਕਰ ਮੀਤ ॥ ਏਕ ਅਦ੍ਵੈ ਰਾਖ ਤੂੰ ਚੀਤ ॥੧੩੯॥ ਗੋਬਿੰਦ ਬਾਝ ਕਛੁ ਅਵਰ ਨ ਜਾਂਨ ॥ ਦਿਸਟ ਅਦਿਸਟ ਸਭ ਮੁਝ ਕੋ ਮਾਂਨ ॥ ਯਹੀ ਪੂਜਾ ਹੈ ਪਾਰਥ ਪਿਆਰੇ ॥ ਸਗਲਾ ਏਕ ਬ੍ਰਹਮ ਬੀਚਾਰੇ ॥੧੪੦॥ ਸੰਸਾਰ ਲੋਕ ਕਾ ਸੰਗ ਨ ਕਰੈ ॥ ਸੰਸਾਰ ਤਿਆਗ ਹਰਿ ਮਨ ਮੈਂ ਧਰੈ ॥ ਸੰਸਾਰ ਨਹੀ ਸਭ ਬ੍ਰਹਮ ਹੈ ਭਾਈ ॥ ਏਕ ਮਾਂਹਿ ਕਛੁ ਕਹਿਆ ਨ ਜਾਈ ॥੧੪੧॥ ਰਹੋ ਨਿਰਵੈਰ ਸਭਹੂੰ ਤੇ ਮੀਤ ॥ ਮੁਝ ਸਰੂਪ ਰਾਖੋ ਤੁਮ ਚੀਤ ॥ ਜਬ ਯਹਿ ਗਿਆਂਨ ਅਰਜਨ ਦ੍ਰਿੜ ਹੋਇ ॥ ਮੇਰੀ ਪਦਵੀ ਪਾਵੈ ਸੋਇ

॥ ਏਹ ਉਪਦੇਸ ਸਭ ਭਗਤੋਂ ਮਾਂਹਿ ॥ ਜੋ ਧਾਰੇ ਸੋਈ ਸੁਖ ਪਾਂਹਿ ॥੧੪੨॥

ਟੀਕਾਕਾਰਵਾਚ ॥

ਚਉਪਈ ॥ ਯਾਰਵਾਂ ਧਿਆਇ ਬਿਸੁ ਕੋ ਰੂਪ ॥ ਅਰਜਨ ਦੇਖਿਆ ਭਗਵਾਂਨ ਸਰੂਪ ॥ ਮੈ ਗੋਬਿੰਦ ਖਾਲਸੇ ਪ੍ਰਤਿ ਭਾਖਿਓ ॥ ਜਥਾਰਥ ਸਭ ਮੈ ਤਿਨ ਕੋ ਆਖਿਓ ॥੧੪੩॥ ਸਭ ਕਾ ਨਾਮ ਸਿੰਘ ਮੈ ਧਰਾ ॥ ਜੀਉ ਤੇ ਨਾਮੁ ਪ੍ਰਮਾਤਮ ਕਰਾ ॥ ਸਿੰਘ ਅਰਥ ਬੇਦੋ ਕੇ ਮਾਂਹਿ ॥ ਬੇਦ ਮਾਂਹਿ ਪ੍ਰਮਾਤਮ ਆਹਿ ।੧੪੪॥ ਅਨੰਦ ਬਾਨੀ ਉਪਨਿਖਦ ਹੈ ਜੋਇ ॥ ਅਰਥ ਸਿੰਘ ਕਾ ਤਿਸ ਮੈ ਹੋਇ ॥ ਅਕਾਲ ਪ੍ਰੀਤ ਜਿਹੰ ਨਰ ਕੋ ਹੋਇ ॥ ਯਹੀ ਬਚਨ ਮਨ ਧਾਰੇ ਸੋਇ ॥੧੪੫॥ ਬਚਨੋਂ ਤੇ ਅਕਾਲ ਕੋ ਪਾਵੈ ॥ ਅਕਾਲ ਪਾਇ ਅਕਾਲ ਹੋਇ ਜਾਵੈ ॥ ਸਿੰਘ ਅਰਥ ਪ੍ਰਮਾਤਮ ਜਾਨੋ ॥ ਸਭ ਕੋ ਏਕ ਬ੍ਰਹਮ ਹੀ ਮਾਨੋ ॥੧੪੬॥ ਮੇਰੀ ਕ੍ਰਿਪਾ ਯਹਿ ਹੈ ਭਾਈ ॥ ਅਨਭਉ ਬਾਤ ਸਭ ਤੁਮੇ ਸੁਨਾਈ ॥ ਆਗੈ ਧਾਰਨ ਤੁਮਰੇ ਹਾਥ ॥ ਭਗਵਾਂਨ ਜਾਨੋਂ ਨਿਤ ਅਪਨੇ ਸਾਥ ॥੧੪੭॥ ਤੁਮ ਕੋ ਅਵਰ ਨ ਤਾਰੇ ਕੋਇ ॥ ਜੈਸੀ ਮਤਿ ਤੈਸੀ ਗਤਿ ਹੋਇ ॥ ਜੋ ਚਾਹੋ ਸੋਈ ਕਛ ਕਰੋ ॥ ਤੁਮ ਅਕਾਲ ਮਨ ਮੋ ਯਹਿ ਧਰੋ ॥੧੪੮॥ ਤੁਮਰੇ ਬਾਝ ਅਵਰ ਨਹੀ ਕੋਇ ॥ ਜੋ ਦੇਖੋ ਸੋ ਗੋਬਿੰਦ ਸੋਇ ॥ ਗੋਬਿੰਦ ਬਿਨਾ ਅਵਰ ਨਹੀ ਭਾਈ ॥ ਸੰਸਾਰ ਬ੍ਰਹਮ ਏਕ ਦ੍ਰਿਸਟਾਈ ॥੧੪੯॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਵਿਸ਼੍ਵਰੂਪ ਦਰਸ਼ਨ ਯੋਗੋ ਨਾਮ ਯਾਰਵਾਂ ਧਿਆਇ ॥੧੧॥੧੨੧੭॥

## ਆਗੇ ਧਿਆਇ ਬਾਰਵਾਂ ਚਲਿਆ ॥

### ਅਰਜਨੋਵਾਚ ॥

ਦੋਹਰਾ ॥ ਏਤੇ ਬਚਨ ਸ੍ਰਵਨ ਕਰਿ ਅਰਜਨ ਬੋਲੇ ਏਹ ॥ ਹੇ ਮਾਧਵ ਹੇ ਰਿਖੀਕੇਸ ਹੇ ਬਾਸਦੇਵ ਸਰਬੇਹ ॥੧। ਦੋਹਰਾ ॥ ਏਹ ਜੋ ਤੁਮਰਾ ਰੂਪ ਮੈਂ ਸਰਗੁਨ ਦੇਖਿਓ ਮੀਤ ॥ ਉਪਾਸਕ ਏਕ ਇਸ ਰੂਪ ਕੇ ਮਨ ਮੈ ਰਾਖੈ ਨੀਤ ॥੨॥ ਦੋਹਰਾ ॥ ਨਿਰਗੁਨ ਰੂਪ ਜੋ ਦੂਸਰਾ ਸੋ ਅਬਿਨਾਸੀ ਆਹਿ ॥ ਮਹਿਮਾਂ ਬਿਖੇ ਨ ਆਵਤਾ ਅਬਚਨੀ ਕਹੀਐ ਤਾਹਿ ॥੩॥ ਦੋਹਰਾ ॥ ਦੋ ਉਪਾਸਕ ਕੇ ਬਿਖੈ ਸ੍ਰੇਸਟ ਉਪਾਸਕ ਹੈ ਕਵਨ ॥ ਮੁਝ ਕੋ ਯਹਿ ਸਮਝਾਈਐ ਹੇ ਨਾਇਕ ਤ੍ਰੈਭਵਨ ॥੪॥ ਦੋਹਰਾ ॥ ਅਰਜਨ ਬਿਨਤੀ ਸੁਨਤ ਹੀ ਭਾਖੇ ਗੋਬਿੰਦ ਭੂਪ ॥ ਭਗਤੋ ਕੇ ਸੁਖ ਦੇਨ ਕੋ ਧਾਰਿਓ ਸਰਗੁਨ ਰੂਪ ॥੫॥ ਦੋਹਰਾ ॥ ਇਸ ਮੇਰੇ ਸਰਗੁਨ ਰੂਪ ਕੋ ਭਗਤ ਰਾਖੈ ਮਨ ਮਾਹਿ ॥ ਮਨ ਤਿਨ ਕਾ ਤਿਸ ਰੂਪ ਮੈ ਨਿਤ ਜੁਗਤ ਹੀ ਆਹਿ ॥੬॥ ਦੋਹਰਾ ॥ ਪਰਮ ਸਰਧਾ ਅਰ ਪ੍ਰੀਤ ਸੋ ਨਿਤ ਉਪਾਸੇ ਮੋਹਿ ॥ ਉਪਾਸਕ ਸਰਗੁਣ ਰੂਪ ਕਾ ਉਤਮ ਸਭ ਤੇ ਹੋਇ ॥੭॥

### ਟੀਕਾਕਾਰਵਾਚ ॥

ਦੋਹਰਾ ॥ ਪੂਰਨ ਬ੍ਰਹਮ ਯਹਿ ਜਗਤ ਕੋ ਸਰਗੁਣ ਧਾਰਿਓ ਰੂਪ ॥ ਜੋ ਜਾਨੈ ਸਭ ਬ੍ਰਹਮ ਹੈ ਸੁ ਉਪਾਸਕ ਸਰਗੁਣ ਸਰੂਪ ॥੮॥

### ਸ੍ਰੀ ਭਗਵਾਨੋਵਾਚ ॥

ਦੋਹਰਾ ॥ ਨਿਰਗੁਣ ਦੂਸਰ ਰੂਪ ਮੁਝ ਅਬਿਨਾਸੀ ਆਖੰਡ ॥ ਮਹਿਮਾ ਜਿਸ ਕੇ ਬਚਨ ਮੈ ਆਵੈ ਨਹੀ ਪ੍ਰਚੰਡ ॥੯॥ ਦੋਹਰਾ ॥ ਅਬਗਤ ਐਸਾ ਰੂਪ ਮੁਝ ਜੋ ਪੇਖੇ ਕਬਹੂੰ ਨਾਹਿ ॥ ਭਗਤ ਜਾਨੈ ਯਹਿ ਮਨ ਬਿਖੈ ਸਰਬ ਬਿਆਪੀ ਆਹਿ ॥੧੦॥ ਦੋਹਰਾ ॥ ਚਿਤਵਨ ਪਰੇ ਵਹੁ ਰੂਪ ਹੈ ਨਿਰ ਅਕਾਰ ਅਦ੍ਵੀਤ ॥ ਨਿਹਚਲ ਅਚਲ ਪ੍ਰਤਾਪ

ਜਿਹ ਨਿਰਗੁਣ ਜਾਨੋਂ ਮੀਤ ॥੧੧॥ ਦੋਹਰਾ ॥ ਉਪਾਸਕ ਜੋ ਇਸ ਰੂਪ ਕੇ ਸੋ ਕਰਤੇ ਹੈ ਏਹੁ ॥ ਇੰਦ੍ਰੀ ਸੰਜਮ ਰਾਖਤੇ ਜਗ ਮੈ ਸਮ ਵਰਤੇਹੁ ॥੧੨॥ ਚਉਪਈ ॥ ਉਪਾਸਕ ਜੋ ਨਿਰਗੁਣ ਕੇ ਆਹੀ ॥ ਕਲਿਆਨ ਸਭੀ ਲੋਕੋ ਕੇ ਚਾਂਹੀ ॥ ਸਭ ਸੌ ਪ੍ਰੀਤ ਕਰੇ ਵਹਿ ਨੀਤ ॥ ਸੁਖੀ ਚਾਹੇ ਸਭ ਕੋ ਹੇ ਮੀਤ ॥੧੩॥ ਐਸੀ ਦ੍ਰਿਸਟਿ ਸਮ ਜਿਸ ਕੋ ਹੋਇ ॥ ਤਿਸ ਹੀ ਪਾਇਓ ਰੂਪ ਮੁਝ ਸੋਇ ॥ ਐਸੇ ਭਗਤ ਮੁਝ ਰੂਪ ਕੌ ਪਾਵੈ ॥ ਸਮਤਾ ਸੋ ਮੁਝ ਮਾਹਿ ਸਮਾਵੈ ॥੧੪॥ ਬਹੁਤ ਕਠਨ ਹੈ ਨਿਰਗੁਨ ਰੂਪ ॥ ਪਰੈ ਬਚਨ ਤੇ ਤਿਸੀ ਸਰੂਪ ॥ ਜਿਹਬਾ ਤਿਸ ਕੋ ਸਕੈ ਨ ਗਾਇ ॥ ਮਨ ਕਰਿ ਵਹੁ ਚਿਤਵਿਆ ਨਹੀ ਜਾਇ ॥੧੫॥ ਬੁਧ ਕਰਿ ਤਿਸ ਦੇਖੈ ਕੋ ਨਾਂਹਿ ॥ ਐਸਾ ਰੂਪ ਕਠਨ ਸੋ ਪਾਹਿ ॥ ਜੀਤਨ ਇੰਦ੍ਰੀ ਸਮਤਾ ਭਾਈ ॥ ਸੋ ਭੀ ਕਠਨ ਬਾਤ ਮੈਂ ਪਾਈ ॥੧੬॥ ਦਇਆ ਸਭੂੰ ਲੋਕੋ ਕੇ ਮਾਹਿ ॥ ਏਹ ਭੀ ਬਹੁਤ ਕਠਨ ਹੀ ਆਹਿ ॥ ਨਿਰਗੁਣ ਉਪਾਸਕ ਜੋ ਹੈ ਮੀਤ ॥ ਤਿਨ ਕੌ ਸਭੀ ਕਠਨ ਹੈ ਰੀਤ ॥੧੭॥ ਭਗਤੌ ਕੇ ਅਬ ਸੁਖ ਨਮਿਤ ॥ ਸਰਗੁਣ ਸਰੂਪ ਧਾਰਾ ਮੈ ਮਿਤ ॥ ਜੋ ਇਸ ਸਰਗੁਣ ਸਰਨੀ ਆਵੈ ॥ ਸੋਈ ਭਗਤ ਮੁਝ ਪਦਵੀ ਪਾਵੈ ॥੧੮॥ ਅਪਨੇ ਕਰਮ ਸਭ ਮੁਝ ਪੈ ਅਰਪੈ ॥ ਜੋ ਕੁਛੁ ਕਰੈ ਮੁਝ ਮਾਂਹਿ ਸਮਰਪੈ ॥ ਕਹੇ ਕਰੇ ਹੈ ਸਭ ਭਗਵਾਂਨ ॥ ਜੋ ਵਰਤੇ ਤਿਸ ਆਗਿਆ ਜਾਂਨ ॥੧੯॥ ਐਸੇ ਜੋਗੁ ਕਰਿ ਮੁਝ ਸੋ ਜੁੜੇ ॥ ਆਠ ਪਹਰ ਮੁਝ ਸਿਮਰਨ ਕਰੈ ॥ ਮੇਰੇ ਉਪਾਸਕ ਜੋ ਹੈ ਮੀਤ ॥ ਜਨਮ ਮਰਨ ਨਾਹੀ ਤਿਨ ਰੀਤ ॥੨੦॥ ਸੰਸਾਰ ਭਰਮ ਤੇ ਤਿਸ ਕੌ ਤਾਰੌ ॥ ਤਾਤਕਾਲ ਮੈ ਤਿਸੀ ਉਬਾਰੌ ॥ ਜਿਨ ਮਨ ਕਾ ਚੇਤਾ ਮੁਝ ਮੈਂ ਰਾਖਾ ॥ ਭਗਤ ਅੰਮ੍ਰਿਤ ਤਿਸ ਨਰ ਨੇ ਚਾਖਾ ॥੨੧॥ ਇਸ ਉਪਰੰਤ ਕਛੁ ਕਰਨਾਂ ਨਾਂਹੀ ॥ ਸਭੁ ਕਛੁ ਜਾਂਨੈ ਹੁਕਮ ਹਰਿ ਮਾਹੀ ॥ ਯਹਿ ਬਾਤ ਸਤ ਵਹੁ ਜਾਨੈ ॥ ਸੰਸਾਰ ਨਹੀ ਸਭ ਈਸ ਪਹਿਚਾਨੈ ॥੨੨॥ ਹੇ ਅਰਜਨ ਮਨ ਮੁਝ ਮੈ ਰਾਖ ॥ ਸਭ ਕਛੁ ਮੇਰੀ ਆਗਿਆ ਲਾਖ ॥

ਬੁਧ ਚੇਤਾ ਜਬ ਨਿਹਚਾ ਹੋਇ ॥ ਪਰਮ ਕਲਿਆਨ ਪਾਵੈਗਾ ਸੋਇ ॥੨੩॥ ਅਰ ਜੋ ਮਨ ਤੁਝ ਲਾਗੈ ਨਾਂਹੀ ॥ ਆਠ ਪਹਰ ਚਿਤਵਨ ਕੇ ਮਾਂਹੀ ॥ ਅਭਿਆਸ ਕਰੋ ਤੁਮ ਅਪਨੀ ਬੁਧ ਸੌ ॥ ਮਨ ਕੌ ਪਕੜੋ ਜੁਧ ਕਰ ਬੁਧ ਸੌ ॥੨੪॥ ਬੁਧ ਕਰਿ ਪਕੜ ਗੋਬਿੰਦ ਮੈ ਰਾਖੋ ॥ ਯਹੀ ਅਭਿਆਸ ਉਤਮ ਮੈ ਆਖੋ ॥ ਅਰ ਅਭਿਆਸ ਜੋ ਕੀਆ ਨ ਜਾਇ ॥ ਮਨ ਚਲਤੇ ਕੋ ਸਾਂਤ ਨ ਪਾਇ ॥੨੫॥ ਤਬ ਮੇਰੇ ਨਮਿਤ ਕਰਮ ਨਿਤ ਕਰੋ ॥ ਮੇਰੀ ਸੇਵਾ ਮਨ ਮੈ ਧਰੋ ॥ ਪ੍ਰਾਤਕਾਲ ਸੋਨੇ ਪਰਜੰਤ ॥ ਪੂਜਾ ਮਾਂਹਿ ਰਹੋ ਵਰਤੰਤ ॥੨੬॥ ਯਹੀ ਪੂਜਾ ਜੋ ਮੁਝ ਕੋ ਜਾਨਹੁੰ ॥ ਸਭੀ ਬਾਸਦੇਵ ਚਿਤ ਮਾਨਹੁ ॥ ਇਤ ਪ੍ਰਕਾਰ ਮੁਝ ਲਾਗੈ ਜਬ ਮਨ ॥ ਮੇਰੇ ਮਾਰਗ ਕਾ ਪਾਵੈ ਤੂੰ ਧਨ ॥੨੭॥ ਮੇਰੀ ਪੂਜਾ ਕਰਤੇ ਜੋਇ ॥ ਤਿਸ ਕੌ ਮੁਕਤ ਪ੍ਰਾਪਤ ਹੋਇ ॥ ਜੋ ਤੂੰ ਯਹਿ ਨਾਹੀ ਕਰ ਸਾਕੈ ॥ ਇਸ ਪੂਜਾ ਮੈ ਮਨ ਨਹੀ ਰਾਖੈ ॥੨੮॥ ਅਵਰ ਸੁਨੋ ਹੋ ਅਰਜਨ ਯਾਰ ॥ ਦੋ ਕਰ ਜੋੜ ਕਰੋ ਨਮਸਕਾਰ ॥ ਮੁਖ ਤੇ ਕਹੋ ਹੇ ਕਿਸਨ ਸ੍ਵਾਂਮੀ ॥ ਸਰਬ ਘਟਾ ਕੇ ਅੰਤਰਜਾਮੀ ॥੨੯॥ ਤੁਮਰੀ ਸਰਨਿ ਰਾਖੋ ਤੁਮ ਆਪ ॥ ਜੋ ਤੁਮ ਸਭ ਮੈ ਰਹੈ ਬਿਆਪ ॥ ਯਹਿ ਕਹਿ ਕਰਿ ਮੁਝ ਪਾਇਨ ਪਰੋ ॥ ਬਾਂਛਾ ਕੋਈ ਨ ਮਨ ਮੈਂ ਧਰੋ ॥ ਕਰਮੋ ਕਾ ਫਲ ਤਿਆਗੋ ਮੀਤ ॥ ਬਿਖਿਆ ਤੇ ਮਨ ਰਾਖੋ ਜੀਤ ॥੩੦॥ ਦੋਹਰਾ ॥ ਮਨ ਭਗਵਾਂਨ ਮੈਂ ਰਾਖਤਾ  ਤਿਸ ਕਾ ਨਾਉ ਅਭਿਆਸ ॥ ਅਭਿਆਸ ਜੋਗ ਜੋ ਨਰ ਕਰੈ  ਪਾਵੈ ਮੁਝ ਮੈ ਬਾਸ ॥੩੧॥ ਦੋਹਰਾ ॥ ਪਰਮ ਕਲਿਆਂਨ ਅਭਿਆਸ ਜੋ  ਭਗਤੌਂ ਕੌ ਨਿਤ ਦੇਇ ॥ ਭਗਤ ਮੇਰੇ ਅਭਿਆਸ ਤੇਂ  ਸਾਂਤ ਸੁਖ ਸਭ ਲੇਇ ॥੩੨॥ ਦੋਹਰਾ ॥ ਮੁਝ ਜਾਨਨ ਕਾ ਗਿਆਨ  ਗੀਤਾ ਭਾਗਵਤ ਮਾਂਹਿ ਜੋ ॥ ਸਹਜੇ ਪ੍ਰਾਪਤ ਹੋਤ ਹੈ ਭਗਤ ਮੇਰੇ ਕੋ ਸੋ ॥੩੩॥ ਸੋਰਠਾ ॥ ਐਸਾ ਮੇਰਾ ਗਿਆਂਨ  ਭਗਤ ਪਾਵੈ ਆਨੰਦ ਸੁਖ ॥ ਉਪਜੈ ਤਿਨ ਕੋ ਗਿਆਂਨ  ਮੁਝ ਲੀਲਾ ਮੈ ਨਿਤ ਰਹੈ ॥੩੪॥ ਸੋਰਠਾ ॥ ਰਮਤ ਜੋ ਲੀਲਾ ਮਾਂਹਿ  ਤਿਸ ਕਾ ਨਾਮ

ਧਿਆਨ ਹੈ ॥ ਮੇਰੀ ਪਦਵੀ ਮਾਹਿ ਲੀਨ ਰਹੇ ਵਹਿ ਧਿਆਂਨ ਸੋਂ ॥੩੫॥ ਸੋਰਠਾ ॥ ਬਹੁ ਜਨਮੋ ਕੇ ਕਰਮ ਭਲੇ ਬੁਰੇ ਜੋ ਤਿਨ ਕੀਏ ॥ ਤਿਸੀ ਧਿਆਨ ਕੇ ਧਰਮ ਸਭੀ ਕਰਮ ਤਿਹ ਤਿਆਗ ਜਾਂਹਿ ॥੩੬॥ ਦੋਹਰਾ ॥ ਕਰਮ ਆਗੈ ਤਿਸ ਕੇ ਰਹੈ ਪਾਵੈ ਪਦਵੀ ਸਾਂਤ ॥ ਸਾਂਤ ਰੂਪ ਜੋ ਭਗਤ ਹੈ ਲਛਨ ਤਿਸ ਇਹ ਭਾਂਤ ॥੩੭॥ ਦੋਹਰਾ ॥ ਬੁਰਾ ਨ ਚਿਤਵੈ ਕਿਸੀ ਕਾ ਮਨ ਚਿਤ ਬਚਨੋਂ ਮਾਂਹਿ ॥ ਦੇਵੇ ਦੁਖ ਨ ਕਿਸੀ ਕੋ ਸਭ ਸੋ ਮਿਤ੍ਰ ਆਹਿ ॥੩੮॥ ਦੋਹਰਾ ॥ ਦਇਆਲ ਰਹੈ ਵਹੁ ਸਭੂੰ ਪਰਿ ਮਮ ਅਹੰਕਾਰ ਤੇ ਰਹਤ ॥ ਸੁਖ ਦੁਖ ਮਾਹਿ ਸਮਾਂਨ ਹੋ ਸੰਤੁਸਟ ਰਹੈ ਮੁਝ ਸਹਤ ॥ ੩੯॥ ਦੋਹਰਾ ॥ ਨਿਰੰਤਰ ਮੁਝ ਸੋ ਜੁੜ ਰਹੈ ਮਨ ਰਾਖੈ ਵਹੁ ਜੀਤ ॥ ਦ੍ਰਿੜ ਨਿਹਚਾ ਜਿਸ ਮੁਝ ਬਿਖੈ ਬਿਖੈ ਨ ਰਾਖੈ ਚੀਤ ॥ ਦੋਹਰਾ ॥ ਐਸਾ ਜੋ ਕੋ ਭਗਤ ਹੈ ਮੁਝ ਕੋ ਪਿਆਰਾ ਹੋਇ ॥ ਹਰਖ ਸੋਗ ਤੇ ਰਹਤ ਵਹੁ ਭਉ ਰਾਖੈ ਨਹੀ ਕੋਇ ॥੪੧॥ ਦੋਹਰਾ ॥ ਭਉ ਨ ਦਿਖਾਵੈ ਕਿਸੀ ਕੌ ਸਭ ਸੌ ਰਾਖੈ ਹਿਤ ॥ ਐਸਾ ਭਗਤ ਵਹੁ ਮੁਕਤ ਹੈ ਸੋਈ ਮੇਰਾ ਮਿਤ ॥੪੨॥ ਦੋਹਰਾ ॥ ਬਾਛੈ ਨਾਂਹੀ ਵਸਤ ਕਿਛੁ ਨਿਤ ਰਾਖੈ ਮੁਝ ਧਿਆਂਨ ॥ ਪਵਿਤ੍ਰ ਰਾਖੈ ਦੇਹਿ ਕੌ ਜਲ ਸੌ ਕਰੇ ਇਸਨਾਂਨ ॥੪੩॥ ਦੋਹਰਾ ॥ ਦੇਹਿ ਪਵਿਤ੍ਰ ਇਸਨਾਨ ਸੌ ਮਨ ਪਵਿਤ੍ਰ ਮੁਝ ਗਿਆਂਨ ॥ ਨਿਤ ਰਾਖੈ ਵਹੁ ਅਮਲ ਭਗਤ ਉਤਮ ਨਰ ਪ੍ਰਧਾਨ ॥੪੪॥ ਮੰਗਲ ਛੰਦ ॥ ਐਸਾ ਭਗਤ ਮੇਰਾ ਜੋ ॥ ਐਸੀ ਰਹਤ ਜਾ ਮੈ ਹੋ ॥ ਸੁਖ ਰੂਪ ਨਿਤ ਵਹੁ ਰਹੈ ॥ ਚਈਤਨ ਆਪ ਮਾਹੀ ਲਹੈ ॥੪੫॥ ਸੰਸਾਰ ਮਾਹਿ ਉਦਾਸ ॥ ਤਿਸ ਸਦਾ ਮੁਝ ਮੈ ਬਾਸ ॥ ਸਭ ਅਰਥ ਤਿਆਗੈ ਮੀਤ ॥ ਐਸੇ ਭਗਤ ਸੋ ਮੁਝ ਪ੍ਰੀਤ ॥ ਕਛੁ ਹਰਖ ਸੋਗ ਨ ਕਰੈ ॥ ਬੁਰਾ ਭਲਾ ਸਮ ਚਿਤ ਧਰੈ ॥ ਚਿੰਤਾ ਕਰੈ ਨਾਹੀ ਕੋਇ ॥ ਕਾਂਖਾ ਕਿਸੀ ਕੀ ਨਹੀ ਹੋਇ ॥੪੭॥ ਸੁਭ ਅਸੁਭ ਦੋਊ ਤਿਆਗ ॥ ਵਹੁ ਤੋ ਰਹਿਆ ਮੁਝਿ ਸੌ ਲਾਗ ॥ ਮੁਝ ਸਾਥ ਮਿਲਿਆ ਰਹੈ ॥ ਵਹੁ ਭਗਤ ਪ੍ਰੀਤਮ ਅਹੈ ॥੪੮॥ ਮਿਤ੍ਰ ਸਤ੍ਰ

ਏਕ ਸਮਾਂਨ ॥ ਯਹਿ ਬਿਧਿ ਭਗਤ ਕੌ ਪਹਿਚਾਂਨ ॥ ਨਿਰਾਦਰ ਆਦਰ ਤਿਸ ਸਮ ਹੋਇ ॥ ਤਿਸ ਕੌ ਉਸਨ ਸੀਤ ਨ ਕੋਇ ॥੪੯॥ ਦੁਖ ਸੁਖ ਦੇਹਿ ਕਾ ਸਮ ਲਹੈ ॥ ਦੁਤੀਏ ਭਾਉ ਮੈਂ ਨ ਰਹੈ ॥ ਉਸਤਤਿ ਨਿੰਦ ਦੋਊ ਸਮਾਨ ॥ ਮੋਨੀ ਹੋਇ ਬ੍ਰਹਮ ਪਹਿਚਾਨ ॥੫੦॥ ਸਭ ਏਕ ਜਾਨੈ ਮੀਤ ॥ ਏਕ ਅਬਾਚ ਰਾਖੈ ਚੀਤ ॥ ਯਹਿ ਮੋਨ ਉਤਮ ਹੋਇ ॥ ਜਾਨੈ ਏਕ ਹਰਿ ਸਭ ਸੋਇ ॥੫੧॥ ਸੰਤੁਸਟ ਨਿਤ ਵਹੁ ਰਹੈ ॥ ਧੀਰਜ ਗਿਆਨ ਕੋ ਵਹੁ ਗਹੈ ॥ ਬਸਤੀ ਠਉਰ ਨਾ ਕੋ ਕਰੇ ॥ ਘਰ ਕਾ ਅਰੰਭ ਮਨ ਨਹੀ ਧਰੇ ॥੫੨॥ ਠਉਰ ਬਨੀ ਹੋਈ ਹੋਇ ॥ ਤਹਾਂ ਵਹੁ ਜਾਇ ਬਸਤਾ ਸੋਇ ॥ ਤਹਾਂ ਵਹੁ ਬੈਠ ਮੁਝ ਸੋ ਜੁੜੈ ॥ ਵਹੁ ਨਿਤ ਭਜਨ ਮੇਰਾ ਕਰੇ ॥੫੩॥ ਮਨ ਰਾਖੈ ਵਹੁ ਮੁਝ ਮਾਂਹਿ ॥ ਰਹੈ ਲੀਨ ਮੁਝ ਸੌ ਆਹਿ ॥ ਪਿਆਰਾ ਭਗਤ ਮੇਰਾ ਸੋਇ ॥ ਏਤੇ ਲਛਨ ਜਿਸ ਮੋ ਹੋਇ ॥੫੪॥ ਜੈਸੇ ਲਛਨ ਤੁਝ ਕੌ ਕਹੇ ॥ ਜੇ ਕੋ ਨਿਤ ਤਿਨ ਮੋ ਰਹੇ ॥ ਸੋ ਲਛਨ ਅੰਮ੍ਰਿਤ ਆਂਹਿ ॥ ਵਰਤੈ ਜੋ ਕੋ ਇਨ ਕੇ ਮਾਂਹਿ ॥੫੫॥ ਤਿਸ ਕੋ ਰੋਗ ਦੂਖ ਨ ਹੋਇ ॥ ਅੰਮ੍ਰਿਤ ਚਾਖਿਆ ਤਿਨ ਸੋਇ ॥ ਐਸਾ ਧਰਮ ਉਤਮ ਅਹੈ ॥ ਪਾਛੈ ਸਭੀ ਤੁਝ ਕੌ ਕਹੈ ॥੫੬॥ ਐਸੇ ਧਰਮ ਸੇਵੈ ਕੋਇ ॥ ਸਭ ਤੇ ਸ੍ਰੇਸਟ ਮੁਝ ਕੋ ਹੋਇ ॥ ਨਾਮ ਭਗਤ ਤਿਸ ਨਰ ਹੋਇ ॥ ਜੋ ਯਹਿ ਧਰਮ ਪਾਵੈ ਕੋਇ ॥੫੭॥

## ਟੀਕਾਕਾਰਵਾਚ ॥

ਚਉਪਈ ॥ ਦ੍ਵਾਦਸਮੋ ਧਿਆਇ ਸੰਪੂਰਨ ਕਹਾ ॥ ਲਛਨ ਸੰਤ ਕਾ ਤਿਸ ਮੋ ਲਹਾ ॥ ਖਾਲਸਾ ਜੋ ਇਸ ਮੈ ਵਰਤੈ ॥ ਸੰਤੁਸਟ ਰਹੈ ਧਰਮ ਇਸ ਕਰਤੇ ॥੫੮॥ ਸੋ ਖਾਲਸਾ ਅਤਿ ਸੁਖ ਕੌ ਪਾਵੈ ॥ ਜੀਵਨ ਮੁਕਤ ਵਹੁ ਪੁਰਖ ਕਹਾਵੈ ॥ ਗੋਬਿੰਦ ਰੂਪ ਵਹੁ ਸਭ ਕੋ ਜਾਨੈ ॥ ਸਭ ਸੰਸਾਰ ਹਰਿ ਰੂਪ ਪਹਿਚਾਨੈ ॥੫੯॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੁ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇ ਭਕਤਿ ਯੋਗੋ ਨਾਮ ਬਾਰਵਾਂ ਧਿਆਇ ॥ ੧੨॥੧੨੭੬॥

## ਆਗੇ ਧਿਆਇ ਤੇਰਵਾਂ ਚਲਿਆ ॥

### ਅਰਜਨੋਵਾਚ ॥

ਛੰਦ ॥ ਪ੍ਰਸਨ ਕਹੇ ਹੈ ਅਰਜਨ ਸ੍ਰੀ ਭਗਵਾਨ ਪੈ ॥ ਹੇ ਕੇਸਵ ਦੀਨ ਦਇਆਲ ਮੁਝ ਕੋ ਉਤਰ ਦੇਹ ॥ ਪ੍ਰਕਿਰਤ ਪੁਰਖ ਕੋ ਅਰਥ ਖੇਤ੍ਰ ਖੇਤ੍ਰਗ ਬਤਾਵਹੁ ॥ ਗਿਆਨ ਗੇਉ ਇਹ ਖਸਟ ਮੁਝੇ ਤੁਮ ਭਾਖ ਸੁਨਾਵਹੁ ॥ ਸਭ ਕੋ ਅਰਥ ਮੁਝ ਭਾਖੋ ਮਾਧੋਦੇਵ ਸਤਿ ॥ ਯਹੀ ਮੇਰੀ ਅਰਦਾਸ ਭਾਖੋ ਖਸਟ ਗਤਿ ॥੧॥

### ਸ੍ਰੀ ਭਗਵਾਨੋਵਾਚ ॥

ਦੋਹਰਾ ॥ ਉਤਰ ਦੇਵੈ ਰਿਖੀਕੇਸ ਪਾਰਥ ਪ੍ਰਸਨ ਜੋ ਆਹਿ ॥ ਹੇ ਅਰਜਨ ਤੂੰ ਸਮਝ ਲੈ ਸਭ ਮੈ ਭਾਖੋ ਤਾਂਹਿ ॥੨॥ ਚਉਪਈ ॥ ਖੇਤ੍ਰ ਖੇਤ੍ਰਗ ਅਰਥ ॥ ਯਹਿ ਜੋ ਦੀਸੈ ਮਾਨਸ ਦੇਹਿ ॥ ਇਸ ਕੋ ਖੇਤ੍ਰ ਮਨ ਮੋ ਲੇਹਿ ॥ ਜੋ ਕਛੁ ਬੋਏ ਖੇਤ੍ਰ ਮਾਂਹੀਂ ॥ ਸੋ ਸਭ ਖੇਤ੍ਰੀ ਦ੍ਰਿਸਟੀ ਆਂਹੀ ॥੩॥ ਤੈਸੇ ਕਰਮ ਜੋ ਦੇਹਿ ਮੈ ਕਰੈ ॥ ਤਿਸ ਕਾ ਫਲੁ ਸਭ ਨਦਰੀ ਪਰੈ ॥ ਇਸ ਕਾਰਨ ਦੇਹਿ ਖੇਤ੍ਰ ਕਹੀਐ ॥ ਬਹੁਤ ਵਸਤ ਤੇਂ ਥਿਤ ਤਿਹ ਲਹੀਐ ॥੪॥ ਸੋ ਥਿਤ ਏਕ ਠਾਕੁਰ ਜੀ ਕਰਾ ॥ ਥਿਤ ਕੌ ਜਾਨਨ ਮਨ ਮੌ ਧਰਾ ॥ ਜਾਨਨਹਾਰ ਖੇਤ੍ਰਗ ਕਹਾਵੈ ॥ ਜੋ ਦੇਹਿ ਥਿਤ ਕੌ ਸਗਲ ਬਤਾਵੈ ॥੫॥ ਸੋ ਸਭ ਜਾਨਨਹਾਰ ਮੈ ਪਾਰਥ ॥ ਮੇਰੋ ਨਾਮ ਖੇਤ੍ਰਗ ਜਥਾਰਥ ॥ ਸੋ ਖੇਤ੍ਰਗ ਤੁਮ ਮੁਝ ਕੋ ਜਾਨੋ ॥ ਅਬ ਖੇਤ੍ਰ ਸਮਗ੍ਰੀ ਸਗਲ ਬਖਾਨੋ ॥੬॥ ਆਗੈ ਰਿਖੋ ਕਹੀ ਬਹੁ ਭਾਂਤ ॥ ਸੂਤ ਭੀ ਕਹਿਓ ਸਭ ਦੇਹਿ ਬ੍ਰਿਤਾਂਤ ॥ ਬ੍ਰਹਮ ਵੇਤਾ ਜੋ ਵੇਦ ਕੌ ਜਾਨੇਂ ॥ ਤਿਨ ਭੀ ਥਿਤ ਕੇ ਅਰਥ ਬਖਾਨੇਂ ॥੭॥ ਤਿਨੋ ਬਿਖੈ ਜੋ ਸ੍ਰੇਸਟ ਮੈ ਹੌਂ ॥ ਸਮਗ੍ਰੀ ਦੇਹਿ ਅਬ ਤੁਝ ਸੋ ਕਹਿਹੌਂ ॥ ਜੋ ਨਿਹਚੇ ਕਰਿ ਤੁਝ ਕੋ ਕਹੌਂ ॥ ਸੋ ਵਿਸੇਖ ਸਰਬ ਤੇਂ ਲਹੌਂ ॥੮॥ ਦਿਬ ਖੇਤ੍ਰ ਜੋ ਦੇਹਿ ਮਾਨੁਖ ॥ ਤਿਸ ਤੇ ਸੀਤ ਉਸਨ ਸੁਖ ਦੁਖ ॥ ਭਿੰਨ ਭਿੰਨ ਬ੍ਰਿਤੰਤ ਸਭ ਭਾਖੌਂ

॥ ਪ੍ਰਿਥਮੇ ਪੰਚ ਤਤ ਕੌ ਆਖੌ ॥੯॥ ਭੂਮ ਜਲ ਅਗਨ ਬਾਇ ਅਕਾਸ ॥ ਤਿਨ ਤੇ ਦੇਹਿ ਖੇਤ੍ਰ ਪ੍ਰਕਾਸ ॥ ਭੂਮ ਅੰਸ ਮਾਸ ਕੋ ਜਾਨੋਂ ॥ ਰੁਧ੍ਰ ਅੰਸ ਤੋਇ ਕੋ ਮਾਨੋਂ ॥੧੦॥ ਅਗਨ ਅੰਸ ਖੁਧਿਆ ਹੈ ਮੀਤ ॥ ਪਉਨ ਅੰਸ ਸ੍ਵਾਸ ਧਰ ਚੀਤ ॥ ਅਕਾਸ ਅੰਸ ਪੋਲਾਰ ਸਭ ਕਹੀਐ ॥ ਦੇਹਿ ਪਾਂਚ ਭੂਤ ਕੋ ਲਹੀਐ ॥੧੧॥ ਅਵਰ ਵਸਤ ਪਾਛੈ ਜਬ ਮਿਲੈ ॥ ਤਾਤੇ ਦੇਹਿ ਪ੍ਰਗਟ ਹੋ ਚਲੈ ॥ ਮਨ ਚਿਤ ਬੁਧਿ ਅਹੰਕਾਰ ਯਹਿ ਚਾਰ ॥ ਇੰਦ੍ਰੀ ਦਸ ਅਬ ਕਹੌ ਪੁਕਾਰ ॥੧੨॥ ਪੰਚ ਇੰਦ੍ਰੀ ਗਿਆਂਨ ਤੁਮ ਜਾਂਨੋ ॥ ਕਰਮ ਇੰਦ੍ਰੀ ਪੰਚ ਫੁਨ ਮਾਂਨੋ ॥ ਨੇਤ੍ਰ ਸ੍ਰੋਤ੍ਰ ਅਰੁ ਜਿਹਵਾ ਨਾਸ ॥ ਪੰਚਮ ਤੁਚਾ ਗਿਆਂਨ ਇੰਦ੍ਰੀ ਰਾਸ ॥੧੩॥ ਵਾਕ ਹਾਥ ਪਾਂਉ ਗੁਦ ਪਾਉ ॥ ਪਾਂਚੋ ਕਰਮ ਇੰਦ੍ਰੀ ਚਿਤ ਲਾਉ ॥ ਇੰਦ੍ਰੀ ਅਹਾਰ ਭਿੰਨ ਭਿੰਨ ਜਾਨੋ ॥ ਨੇਤ੍ਰ ਅਹਾਰ ਦੇਖਨ ਕੋ ਮਾਨੋ ॥੧੪॥ ਜਿਹਵਾ ਅਹਾਰ ਸ੍ਵਾਦ ਧਰ ਚੀਤ ॥ ਗੰਧ ਅਹਾਰ ਨਾਸ ਕੌ ਮੀਤ ॥ ਸਬਦ ਅਹਾਰ ਸ੍ਰੋਤ੍ਰ ਕੋ ਭਾਈ ॥ ਤੁਚਾ ਅਹਾਰ ਸਪਰਸ ਬਤਾਈ ॥੧੫॥ ਦਸ ਇੰਦ੍ਰੀ ਕੋ ਥਿਤ ਏਹ ਮਾਂਹਿ ॥ ਆਗੈ ਕਹੋ ਜੋ ਤਿਸ ਵਰਤਾਂਹਿ ॥ ਭਲੀ ਵਸਤ ਮਹਿ ਇਛਿਆ ਰਹੈ ॥ ਬੁਰੀ ਵਸਤ ਕੋ ਬਿਖਿਆ ਕਹੈ ॥੧੬॥ ਕਬਹੂੰ ਸੁਖ ਕਬਹੂੰ ਹੈ ਦੁਖ ॥ ਚਾਰੋ ਮੈ ਵਰਤੈ ਮਾਨੁਖ ॥ ਇਨ ਮੈ ਦੇਖੋ ਚਈਤਨ ਜੈਸਾ ॥ ਇਨ ਚਾਰੋ ਮੈ ਸਾਖੀ ਕੈਸਾ ॥੧੭॥ ਸੁਖ ਪਾਵੈ ਕਹੈ ਹਉ ਸੁਖੀ ॥ ਦੁਖੀ ਹੋਇ ਕਹੈ ਹਉ ਦੁਖੀ ॥ ਯਹਿ ਚਾਰੋ ਦੇਹਿ ਖੇਤ੍ਰ ਮਾਂਹਿ ॥ ਸੋ ਚਾਰੋ ਤਿਸ ਮੈ ਵਰਤਾਂਹਿ ॥੧੮॥ ਖੇਤ੍ਰ ਬ੍ਰਿਤਾਂਤ ਥੋਰੇ ਮੈ ਕਹਿਆ ॥ ਦੇਹਿ ਥਿਤ ਸੰਪੂਰਨ ਭਇਆ ॥ ਆਗੈ ਚਈਤਨ ਜਾਂਨਨ ਗਿਆਂਨ ॥ ਹੇ ਅਰਜਨ ਅਬ ਕਹੌਂ ਬਖਾਂਨ ॥ ਏਤੇ ਲਛਨ ਜੋ ਕੋਈ ਕਰਹੈ ॥ ਗਿਆਨ ਦੀਪ ਤਿਹ ਘਟ ਮੈ ਜਰ ਹੈ ॥੧੯ ॥ ਦੋਹਰਾ ॥ ਮਾਨ ਭਾਉ ਕੋ ਦੂਰ ਕਰਿ  ਡਿੰਭ ਨ ਰਾਖੈ ਕੋਇ ॥ ਮਨ ਬਚਨਨ ਅਰ ਕਰਮ ਸੌ  ਸਭ ਕੋ ਮਿਤ੍ਰ ਹੋਇ ॥੨੦॥ ਦੋਹਰਾ ॥ ਇਸਥਾਵਰ ਜੰਗਮ ਜੀਵ ਕੋ  ਦੁਖ ਨਾ ਦੇਵੈ ਸੋਇ

॥। ਖਿਮਾਵੰਤ ਅਰ ਦਇਆਵਾਂਨ ਨਿਰਮਲ ਨਿਤ ਹੀ ਹੋਇ ॥੨੧॥ ਦੋਹਰਾ ॥ ਸੇਵਾ ਕਰੈ ਗੁਰਦੇਵ ਕੀ ਜੋ ਉਸ ਦੇਵੈ ਗਿਆਂਨ ॥ ਸੋ ਗੁਰ ਹਰਿ ਕਾ ਰੂਪ ਹੈ ਗੋਬਿੰਦ ਤਿਸ ਕੋ ਮਾਨ ॥੨੨॥ ਪਵਿਤ੍ਰ ਰਾਖੇ ਦੇਹ ਕੋ ਜਲ ਸੋ ਕਰਿ ਇਸਨਾਨ ॥ ਮਨ ਪਵਿਤ੍ਰ ਨਿਤ ਕਰੈ ਸੁਨ ਸੁਨ ਮੇਰਾ ਗਿਆਨ ॥੨੩॥ ਦੋਹਰਾ ॥ ਧੀਰਜ ਸੋ ਮਨ ਦ੍ਰਿੜ ਕਰੇ ਜਾਵਨ ਕਹੂੰ ਨ ਦੇਇ ॥ ਨਿਤ ਅਨਿਤ ਜੋ ਸਾਂਖ ਹੈ ਤਿਹ ਬੀਚਾਰ ਕਰੇਇ ॥੨੪॥ ਦੋਹਰਾ ॥ ਇੰਦ੍ਰੀ ਅਰਥ ਜੋ ਭੋਗ ਹੈ ਤਿਹ ਕਾ ਕਰੈ ਤਿਆਗ ॥ ਰਹਤ ਹੋਇ ਅਹੰਕਾਰ ਤੇ ਗਿਆਨ ਸਾਧਨ ਮੈ ਲਾਗ ॥੨੫॥ ਦੋਹਰਾ ॥ ਯਹਿ ਸਾਧਨ ਗਿਆਨ ਨਮਿਤ ਹੈ ਜੋ ਧਾਰੈ ਹੈ ਕੋਇ ॥ ਜਨਮ ਮਰਨ ਅਰੁ ਜਰਾ ਸੌ ਵਹੁ ਨਰ ਮੁਕਤਾ ਹੋਇ ॥੨੬॥ ਦੋਹਰਾ ॥ ਐਸੀ ਜੋ ਸਰਧਾ ਕਰੈ ਰੋਗ ਦੋਖ ਹੋਇ ਨਾਸ ॥ ਐਸੇ ਸਾਧਨ ਤੇ ਸਖੇ ਗਿਆਨ ਹੋਇ ਪ੍ਰਗਾਸ ॥੨੭॥ ਦੋਹਰਾ ॥ ਅਵਰ ਸਾਧਨ ਅਬ ਕਹਤ ਹੌ ਜਿਉ ਗ੍ਰਿਹਿ ਵਰਤੈ ਸੋਇ ॥ ਇਸਤ੍ਰੀ ਪੁਤ੍ਰ ਕੁਟੰਬ ਸਭ ਮਿਤ੍ਰ ਨ ਜਾਨੈ ਕੋਇ ॥੨੮॥ ਦੋਹਰਾ ॥ ਉਦਾਸ ਰਹੈ ਨਿਤ ਜਗ ਸੌ ਜਾਨੈ ਐਸੀ ਰੀਤ ॥ ਪਾਂਧੀ ਜਿਵੈਂ ਸਰਾਇ ਮੈ ਰੈਨ ਬਸੇਰਾ ਕੀਤ ॥੨੯॥ ਦੋਹਰਾ ॥ ਐਸੇ ਗ੍ਰਿਹ ਕੋ ਜਾਨਤਾ ਇਹ ਬਿਧ ਵਰਤੇ ਸੋਇ ॥ ਸਤ੍ਰ ਮਿਤ੍ਰ ਕਰਿ ਮਾਨਤਾ ਦੇਖੈ ਸਮ ਸਭ ਕੋਇ ॥੩੦॥ ਮੰਗਲ ਛੰਦ ॥ ਮੁਝ ਭਗਤ ਐਸਾ ਹੋਇ ॥ ਅਖੰਡ ਭਗਤ ਧਾਰੈ ਸੋਇ ॥ ਸੀਲ ਭਗਤ ਯਿਉ ਮੁਝ ਸਾਥ ॥ ਗਾਵੈ ਨਿਤ ਮੇਰੀ ਗਾਤ ॥੩੧॥ ਅਬ ਬਸੈ ਐਸੀ ਠਉਰ ॥ ਮਾਨੁਖ ਜਹਾਂ ਨਾਂਹੀ ਹੋਰ ॥ ਐਸੀ ਇਕਾਤ ਠਉਰ ਬਨ ਬਸੈ ॥ ਮੇਰੇ ਭਜਨ ਸੌ ਵਹੁ ਰਸੈ ॥੩੨॥ ਸੁਖ ਸੰਸਾਰ ਸੰਗ ਨ ਕਰੈ ॥ ਮੇਰਾ ਗਿਆਨ ਨਿਤ ਮਨ ਧਰੈ ॥ ਯਹਿ ਸਭ ਗਿਆਨ ਕੀ ਹੈ ਬਾਤ ॥ ਜੋ ਕੋ ਧਾਰੈ ਮਨ ਮੌ ਸਾਂਤ ॥੩੩॥ ਉਪਜੈ ਤਿਸੀ ਮਨ ਗਿਆਨ ॥ ਤਿਸ ਦਿਸਟਾਂਤ ਐਸਾ ਮਾਨ ॥ ਜੈਸੇ ਦੀਪ ਧਰੇ ਜਲਾਇ ॥ ਗ੍ਰਿਹ ਮੈਂ ਚਾਂਦਨਾ ਪ੍ਰਗਟਾਇ ॥੩੪॥ ਦੇਖੈ

ਸਭੀ ਚਾਂਦਨਾ ਮਾਂਹਿ ॥ ਤੈਸੇ ਗਿਆਂਨ ਦੀਪਕ ਆਂਹਿ ॥ ਗਿਆਨੋ ਦੇਖ ਹੈ ਮੁਝ ਸੋਇ ॥ ਗਿਆਂਨ ਐਸੀ ਭਾਂਤ ਹੋਇ ॥੩੫॥ ਲਛਨ ਪਾਵਨੇ ਯਹਿ ਗਿਆਂਨ ॥ ਪਾਰਥ ਸਭੀ ਸਾਚੇ ਮਾਂਨ ॥ ਜੇ ਕੋ ਕਹੈ ਅਵਰ ਪ੍ਰਕਾਰ ॥ ਸੋ ਸਭ ਝੂਠ ਤੂੰ ਬੀਚਾਰ ॥ ਗੇਉ ਅਰਥ ਅਬ ਮੈ ਕਹੋਂ ॥ ਗੇਉ ਨਾਮ ਅਪਨਾ ਲਹੌਂ ॥੩੬॥ ਦੋਹਰਾ ॥ ਗੇਉ ਨਾਮ ਅਨਾਦ ਹੈ ਪਰੈ ਸਭੂ ਤੇ ਆਹਿ ॥ ਪਰਮ ਬ੍ਰਹਮ ਮੈ ਏਕ ਹੌਂ ਗੇਉ ਨਾਮ ਮੁਝ ਤਾਂਹਿ ॥੩੭॥ ਦੋਹਰਾ ॥ ਪਰੇ ਦੇਹਿ ਤੇ ਬ੍ਰਹਮ ਹੈ ਸਰਬ ਬਿਆਪੀ ਜਾਂਨ ॥ ਸਰਬ ਠਉਰੋ ਮੈਂ ਹਾਥ ਪਾਉ ਏਕੋ ਹਰਿ ਕੇ ਮਾਂਨ ॥੩੮॥ ਦੋਹਰਾ ॥ ਸਭ ਠਉਰੌ ਮੈਂ ਚਛ ਤਿਸ ਸੀਸ ਸਭੀ ਦਿਸਟਾਹਿ ॥ ਮੁਖ ਸਗਲੇ ਜੋ ਦੇਖੀਐ ਸਭੀ ਬ੍ਰਹਮ ਕੋ ਆਂਹਿ ॥੩੯॥ ਦੋਹਰਾ ॥ ਨਾਸਾਂ ਕਾਨ ਸਭ ਠਉਰ ਮੈ ਤਿਸ ਧਾਰੇ ਹੈ ਮੀਤ ॥ ਸਰਬ ਬਿਆਪੀ ਬ੍ਰਹਮ ਜੋ ਅਦ੍ਵੈ ਹੈ ਇਹ ਰੀਤ ॥੪੦॥ ਦੋਹਰਾ ॥ ਪ੍ਰਕਾਸ ਕਰੇ ਸਭ ਇੰਦ੍ਰੀਆ ਭਿੰਨ ਰਹੈ ਵਹੁ ਆਪ ॥ ਨਿਰਮੋਹ ਰਹੈ ਨਿਤ ਸਭੀ ਤੇ ਸਭ ਮੈ ਰਹਿਆ ਬਿਆਪ ॥੪੧॥ ਦੋਹਰਾ ॥ ਨਿਰਗੁਣ ਹੈ ਵਹੁ ਆਤਮਾ ਗੁਨ ਭੋਗੈ ਹੈ ਸੋਇ ॥ ਇਸਥਾਵਰ ਜੰਗਮ ਕੇ ਬਿਖੇ ਬਾਹਿਰ ਭੀਤਰ ਹੋਇ ॥੪੨॥ ਦੋਹਰਾ ॥ ਬਾਹਰ ਭੀਤਰ ਰਮ ਰਹਿਆ ਏਕੋ ਗੋਬਿੰਦ ਰੂਪ ॥ ਸੂਖਮ ਤੇ ਸੂਖਮ ਵਹੀ ਆਪੇ ਥੂਲ ਸਰੂਪ ॥੪੩॥ ਦੋਹਰਾ ॥ ਜਾਨਨ ਤਿਸ ਕਾ ਅਤ ਕਠਨ ਕਹਤੇ ਹੈ ਸਭ ਕੋਇ ॥ ਕਿਆ ਜਾਨੀਐ ਵਹੁ ਕਹਾਂ ਹੈ ਯਹਿ ਭੀ ਕਹਿਹੈ ਸੋਇ ॥੪੪॥ ਦੋਹਰਾ ॥ ਸਭ ਕੇ ਬਿਖੈ ਵਹੁ ਬਿਆਪਿਆ ਸਭ ਕਾ ਪ੍ਰੇਰਨਹਾਰ ॥ ਐਸਾ ਬ੍ਰਹਮ ਅਦ੍ਵੈਤ ਜੋ ਗੇਉ ਤਿਸੀ ਬੀਚਾਰ ॥੪੫॥ ਐਸਾ ਜਾਨੋ ਗੇਉ ਤੁਮ ਜਬ ਗ੍ਰਾਸੈ ਸਭ ਲੋਗ ॥ ਅਪਨੇਂ ਮੋ ਸਭ ਮੇਲਤਾ ਗ੍ਰਾਸਨ ਨਾਮ ਤਿਸ ਜੋਗ ॥੪੬॥ ਦੋਹਰਾ ॥ ਪ੍ਰਗਟ ਕਰੇ ਸੰਸਾਰ ਵਹਿ ਪ੍ਰਣਵੋ ਹੋਇ ਤਿਸ ਨਾਮ ॥ ਈਸਰ ਹੋ ਜਬ ਬਿਆਪਤਾ ਬਿਸਨ ਨਾਂਮ ਤਿਹ ਰਾਮ ॥੪੭॥ ਦੋਹਰਾ ॥ ਜੋਤੋ ਮੈ ਸਭ ਜੋਤਿ ਤਿਸ ਤਮ ਅਗਿਆਨ ਤੇ ਦੂਰ ॥ ਮਮ

ਅਹੰਕਾਰ ਤੇ ਪਰੇ ਹੈ ਸਭ ਅੰਤਰ ਭਰਪੂਰ ॥੪੮॥ ਦੋਹਰਾ ॥ ਗੇਉ ਰੂਪ ਮੁਝ ਨਾਮ ਹੈ ਗਿਆਨੌ ਦੇਖਨ ਹੋਇ ॥ ਤਿਸ ਕੋ ਦੇਖੈ ਕੋਇ ਨਾਂ ਗਿਆਨੋ ਪਾਏ ਸੋਇ ॥੪੯॥

ਟੀਕਾਕਾਰਵਾਚ ॥

ਦੇਖਨ ਦੁਤੀਆ ਭਾਉ ਹੈ ਦਿਸਟ ਦਿਸਟਾ ਵਹਿ ਆਪ ॥ ਐਸਾ ਗੇਉ ਵਹਿ ਆਤਮਾਂ ਸਭ ਮੈ ਰਹਿਆ ਬਿਆਪ ॥੫੦॥

ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਖੇਤ੍ਰ ਖੇਤ੍ਰਗ ਅਰ ਗੇਉ ਗਿਆਨ ਤੁਝ ਪੈ ਆਖਿਓ ਮੀਤ ॥ ਜੋ ਕੋ ਮੇਰਾ ਭਗਤ ਹੈ ਸੋ ਸਮਝੇ ਯਹਿ ਰੀਤ ॥੫੧॥ ਦੋਹਰਾ ॥ ਇਸ ਪ੍ਰਤਾਪ ਕੋ ਸਮਝ ਕਰਿ ਸਰਧਾ ਪ੍ਰੀਤ ਬਡਾਇ ॥ ਮੇਰੇ ਜੋਗ ਸੋ ਜੁੜਤ ਹੈ ਤਿਸ ਤੇ ਵਹੁ ਸੁਖ ਪਾਇ ॥੫੨॥ ਸੋਰਠਾ ॥ ਪੁਰਖ ਪ੍ਰਕਿਰਤ ਬ੍ਰਿਤਾਂਤ ਹੇ ਅਰਜਨ ਅਬ ਸੁਨੋ ਤੁਮ ॥ ਸੁਨਤੇ ਉਪਜੇ ਸਾਂਤ ਜੈਸੇ ਮੈ ਅਬ ਕਹਤ ਹੌ ॥੫੩॥ ਚਉਪਈ ॥ ਪ੍ਰਕਿਰਤ ਨਾਮ ਮਾਇਆ ਕਾ ਭਾਈ ॥ ਪੁਰਖ ਜੀਉ ਕੋ ਨਾਮ ਕਹਾਈ ॥ ਯਹਿ ਦੋਨੋ ਅਨਾਦਿ ਤੁਮ ਜਾਨੋ ॥ ਜੈਸੇ ਅਨਾਦੀ ਮੁਝ ਕੋ ਮਾਨੋ ॥੫੪॥ ਜਬ ਕਾ ਹਉ ਹੋਂ ਤਬ ਕੇ ਏਹ ॥ ਤੀਨੋ ਗੁਨ ਅਨਾਦਿ ਸੁਨ ਲੇਹ ॥ ਪਾਂਚੋ ਤਤ ਅਰੁ ਤੀਨੋ ਗੁਨ ॥ ਮਨ ਬੁਧ ਅਹੰਕਾਰ ਸਭ ਇੰਦ੍ਰੀ ਫੁਨ ॥੫੫॥ ਤਿਨ ਕੌ ਉਪਜਾਵੈ ਸੋ ਮਾਇਆ ॥ ਯਹੀ ਪ੍ਰਕਿਰਤ ਨਾਮ ਕਹਿ ਗਾਇਆ ॥ ਕਾਰਜ ਕਾਰਨ ਕਰਤਾ ਤੀਨ ॥ ਸੋ ਭੀ ਏਕ ਮਾਇਆ ਤੂੰ ਚੀਨ ॥੫੬॥ ਤਿਨ ਕਾ ਅਰਥ ਐਸਾ ਮੁਝ ਲਹਾ ॥ ਜੀਉ ਮਾਟੀ ਤੇ ਭਾਂਜਨ ਭਇਆ ॥ ਬਾਸਨ ਕਾਰਜ ਰੂਪ ਹੈ ਭਾਈ ॥ ਮਾਟੀ ਕੋ ਕਾਰਨ ਕਹਿ ਗਾਈ ॥੫੭॥ ਬਾਸਨ ਕਰਤਾ ਜਿਉ ਕੁੰਭਾਰ ॥ ਸੋ ਕਰਤਾ ਮਨ ਮਾਂਹਿ ਬੀਚਾਰ ॥ ਤਿਉ ਸੰਸਾਰ ਸਭ ਕਾਰਜ ਰੂਪ॥ ਤਿਸ ਕਾ ਕਾਰਨ ਮਾਇਆ ਭੂਪ ॥੫੮॥ ਮਾਇਆ ਤੇ ਸੰਸਾਰ ਜਬ ਭਇਆ ॥ ਪਦਾਰਥ ਤੀਨ ਮਾਇਆ ਮੈ ਲਹਿਆ ॥ ਅਬ ਪੁਰਖ ਕੀ ਬਾਤ ਸੁਨੌ ਤੁਮ ॥

ਦੇਹਿ ਪ੍ਰਕਿਰਤ ਤੇ ਭਇਓ ਸੂਛਮ ॥੫੯॥ ਜੀਵ ਪੁਰਖ ਬਸੇ ਬਪ ਮਾਂਹੀ ॥ ਇੰਦ੍ਰੀ ਗੁਨ ਮਾਇਆ ਉਪਜਾਂਹੀ ॥ ਇੰਦ੍ਰੀਓ ਸੰਗ ਗੁਨੋ ਕੋ ਭੋਗੈ ॥ ਭ੍ਰਮਤਾ ਫਿਰੈ ਜੀਉ ਵਿਚ ਲੋਗੈ ॥੬੦॥ ਅਬ ਮੁਝ ਬਾਤ ਸੁਨੋ ਰੇ ਪਾਰਥ ॥ ਮਾਇਆ ਪੁਰਖ ਜੋ ਕਹਿਓ ਜਥਾਰਥ ॥ ਦੋਨੋ ਮਿਲ ਸੰਸਾਰ ਬਨਾਵੈ ॥ ਮੁਝ ਆਗੈ ਕਉਤਕ ਦਿਖਰਾਵੈ ॥੬੧॥ ਕਉਤਕ ਦੇਖਨਹਾਰ ਮੁਝ ਜਾਨੋਂ ॥ ਬਨਾਵਨਹਾਰ ਸਭ ਕਾ ਮੁਝ ਮਾਨੋ ॥ ਸੰਸਾਰ ਕਉਤਕ ਜੋ ਦਿਸਟੀ ਆਇ ॥ ਭੋਗੀ ਤਿਸ ਕਾ ਮੁਝ ਕੋ ਪਾਇ ॥੬੨॥ ਮਹਾਂ ਈਸਰ ਮੈ ਈਸਰ ਆਂਹਿ ॥ ਮੇਰੋ ਕਰਨਹਾਰ ਕੋ ਨਾਹਿ ॥ ਦੇਹਿ ਜੀਉ ਤੇ ਪਰੇ ਜੋ ਕਹੀਐ ॥ ਸੋ ਪ੍ਰਮਾਤਮਾ ਮੁਝ ਕੋ ਲਹੀਐ ॥੬੩॥ ਸੁਖ ਦੁਖ ਜੋ ਕੋ ਭੋਗਤਾ ਜਾਨੈ ॥ ਤਿਸ ਕੋ ਕਾਰਨ ਤ੍ਰੈਗੁਨ ਮਾਨੈ ॥ ਉਤਪਤਿ ਤਿਸ ਮਾਇਆ ਤੇ ਮਾਨੈ ॥ ਕਉਤਕ ਸਾਖੀ ਮੁਝੈ ਪਹਿਚਾਨੈ ॥੬੪॥ ਇਸ ਜਾਨਨ ਤੇ ਯਹਿ ਫਲ ਪਾਵੈ ॥ ਜਨਮ ਮਰਨ ਮੈ ਬਹੁੜ ਨ ਆਵੈ ॥ ਮੁਕਤ ਹੋਇ ਯਹਿ ਜਾਨੈ ਸੋਇ ॥ ਜਾਂਨਨਹਾਰ ਸਰੂਪ ਮੁਝ ਹੋਇ ॥੬੫॥ ਦੋਹਰਾ ॥ ਏਕ ਭਗਤ ਮੁਝ ਧਿਆਨ ਕੋ  ਮਨ ਮੇ ਧਰਤੇ ਨੀਤ ॥ ਏਕ ਸਾਂਖ ਸਾਸਤ੍ਰ ਬੀਚਾਰ ਕੈ  ਮੁਝ ਕੌ ਰਾਖੈ ਚੀਤ ॥੬੬॥ ਏਕ ਕਰੇ ਹੈ ਕਰਮ ਜੋਗ  ਸਰਗੁਣ ਧਿਆਨ ਲਗਾਇ ॥ ਏਕ ਸੁਨੈ ਪ੍ਰਤਾਪ ਮੁਝ  ਮੇਰੇ ਗੁਨ ਹੀ ਗਾਇ ॥੬੭॥ ਦੋਹਰਾ ॥ ਜੋ ਸੁਨ ਕਰਿ ਮੁਝ ਸੰਗ ਲਾਗਤੇ  ਵਧੈ ਤਿਨਹੁ ਕੀ ਪ੍ਰੀਤ ॥ ਵਹਿ ਭੀ ਤਰ ਸੰਸਾਰ ਤੇ  ਮੁਝ ਕੋ ਧਰਤੇ ਚੀਤ ॥੬੮॥ ਦੋਹਰਾ ॥ ਏਤੇ ਭਗਤ ਸਭ ਤਰਤ ਹੈਂ  ਮੁਝ ਸੌ ਲਾਵੈ ਪ੍ਰੇਮ ॥ ਜੋ ਪਾਵੈ ਸੋ ਪ੍ਰੇਮ ਤੇਂ  ਐਸਾ ਮੇਰਾ ਨੇਮ ॥੬੯॥ ਦੋਹਰਾ ॥ ਹੇ ਅਰਜਨ ਅਬ ਅਵਰ ਸੁਨ  ਇਸਥਾਵਰ ਜੰਗਮ ਜੋ ॥ ਸਭ ਮੈ ਸਮ ਜੀਉ ਵਰਤਦਾ  ਸਭ ਕੋ ਰਾਖੈ ਸੋਇ ॥੭੦॥ ਦੋਹਰਾ ॥ ਦੇਹਿ ਖੇਤ੍ਰ ਕੋ ਅਰਥ ਹੈ  ਜੀਉ ਖੇਤ੍ਰਗ ਹੈ ਸੋਇ ॥ ਦੋਨੋ ਕੇ ਸੰਜੋਗ ਤੇ  ਸਰਬ ਪਸਾਰਾ ਹੋਇ ॥੭੧॥ ਦੋਹਰਾ ॥ ਪਰਮੇਸੁਰ ਜੋ ਪ੍ਰਮਾਤਮਾਂ  ਸਮ ਸਭਹੂੰ ਕੇ ਮਾਂਹਿ ॥ ਬਿਆਪ ਰਹਿਆ ਸਭ ਕੇ ਬਿਖੇ

ਸੋ ਅਬਿਨਾਸੀ ਆਂਹਿ ॥੭੨॥ ਦੋਹਰਾ ॥ ਦੇਹਿ ਬਿਨਾਸ ਸਰੂਪ ਹੈ ਤਿਸ ਕਾ ਨਾਹੀ ਬਿਨਾਸ ॥ ਜਿਨ ਅਬਿਨਾਸੀ ਜਾਨਿਆਂ ਤਿਸ ਕੋ ਗਿਆਂਨ ਪ੍ਰਗਾਸ ॥੭੩॥ ਦੋਹਰਾ ॥ ਗਿਆਂਨ ਨੇਤ੍ਰ ਸੋ ਦੇਖੀਐ ਐਸਾ ਹਰਿ ਕਾ ਰੂਪ ॥ ਸਮਾਨ ਬਿਆਪਿਆ ਸਰਬ ਮੈ ਗੋਬਿੰਦ ਪੁਰਖ ਅਨੂਪ ॥੭੪॥ ਦੋਹਰਾ ॥ ਯਹੀ ਪਹਿਚਾਨ ਗੋਬਿੰਦ ਕੀ ਸਭ ਮੈਂ ਸਮ ਤੂੰ ਜਾਂਨ ॥ ਇਸਥਾਵਰ ਜੰਗਮ ਜੀਉ ਕੌ ਮੂਲ ਦੁਖਾਵੈ ਨਾਹਿ ॥੭੫॥ ਦੋਹਰਾ ॥ ਸੁਖਦਾਈ ਹੋ ਸਭਨ ਕਾ ਸਭ ਪਰ ਹੋ ਕ੍ਰਿਪਾਲ ॥ ਜਾਨੈ ਸਭ ਮੈ ਸਮ ਪ੍ਰਭੂ ਗੋਬਿੰਦ ਦੀਨ ਦਇਆਲ ॥੭੬॥ ਦੋਹਰਾ ॥ ਐਸਾ ਜੋ ਕੋ ਜਾਨਤਾ ਪਰਮ ਗਤਿ ਵੈ ਨਰ ਪਾਇ ॥ ਪ੍ਰਾਪਤ ਹੋਵੈ ਮੁਝ ਬਿਖੈ ਮੁਝ ਸਰੂਪ ਹੋਇ ਜਾਇ ॥੭੭॥ ਸੋਰਠਾ ॥ ਐਸਾ ਜਾਨੈ ਜੋ ਸਭ ਇੰਦ੍ਰੀ ਵਰਜੈ ਬਿਖਿਓ ਤੇ ॥ ਸਭ ਮਾਇਆ ਤੇ ਸੋ ਆਤਮ ਅਕ੍ਰੈ ਰੂਪ ਹੈ ॥੭੮॥ ਦੋਹਰਾ ॥ ਮਾਇਆ ਸੋ ਸਭ ਵਰਤਦਾ ਆਤਮ ਸਾਖੀ ਰੂਪ ॥ ਜੈਸੇ ਦੀਪਕ ਗ੍ਰਿਹ ਬਿਖੈ ਦੂਰ ਕਰੇ ਤਮ ਕੂਪ ॥੭੯॥ ਦੋਹਰਾ ॥ ਚਾਂਦਨ ਕਰੇ ਸਭ ਗ੍ਰਿਹ ਵਿਖੈ ਵਹੁ ਕਛੁ ਕਰਤਾ ਨਾਂਹਿ ॥ ਸਭ ਗ੍ਰਿਹ ਕੋ ਪ੍ਰਕਾਸਤਾ ਆਪ ਨਿਰਲੇਪੀ ਆਂਹਿ ॥੮੦॥ ਦੋਹਰਾ ॥ ਤੈਸੇ ਹੀ ਪ੍ਰਮਾਤਮਾਂ ਇੰਦ੍ਰੀ ਗੁਨ ਕੇ ਮਾਂਹਿ ॥ ਪ੍ਰਕਾਸ ਕਰੇ ਵਹੁ ਸਭੀ ਕੋ ਆਪ ਨਿਆਰਾ ਆਂਹਿ ॥੮੧॥ ਦੋਹਰਾ ॥ ਅਕਰਤਾ ਹਰਿ ਕੋ ਦੇਖਤਾ ਵਹਿ ਭੀ ਅਕ੍ਰੈ ਹੋਇ ॥ ਜੈਸੀ ਹੋਵੈ ਮਤ ਤਿਸ ਗਤਿ ਪਾਵੈ ਹੈ ਸੋਇ ॥੮੨॥ ਚਉਪਈ ॥ ਹੇ ਅਰਜਨ ਅਬ ਸੁਨ ਤੂੰ ਬਾਤ ॥ ਯਹਿ ਭੂਤ ਪ੍ਰਾਨੀ ਜੋ ਦ੍ਰਿਸਟਾਤ ॥ ਮਲੀਨ ਬੁਧ ਤੇ ਭਿੰਨ ਭਿੰਨ ਜਾਨੈ ॥ ਏਕਮ ਮਾਂਹਿ ਨਾਂ ਨਿਤ ਵਹੁ ਠਾਨੈ ॥੮੩॥ ਮਲੀਨ ਬੁਧ ਜਬ ਗਤ ਹੋ ਆਵੈ ॥ ਤਬ ਐਸੇ ਤਿਸ ਕੌ ਦ੍ਰਿਸਟਾਵੈ ॥ ਜਾਨੈ ਏਕੋ ਆਤਮ ਰਾਮ ॥ ਸਰਬ ਮਾਂਹਿ ਤਿਸ ਕੋ ਬਿਸ੍ਰਾਮ ॥੮੪॥ ਏਕ ਬ੍ਰਹਮ ਅਦ੍ਵੈਤ ਅਜ ਸੋਇ ॥ ਦੂਸਰ ਕੋਈ ਹੋਵਾ ਨ ਹੋਇ ॥ ਜਬ ਐਸੀ ਬੁਧ ਪਰਗਟ ਹੋਇ ॥ ਤਿਨ ਜਾਨਨਹਾਰੇ ਪਾਇਆ ਸੋਇ ॥੮੫॥ ਸੋ ਤੋ ਮਿਲਿਓ

ਬ੍ਰਹਮ ਕੇ ਮਾਂਹਿ ॥ ਬ੍ਰਹਮ ਅਨਾਦ ਨਿਰਗੁਨ ਹੀ ਆਹਿ ॥ ਪ੍ਰਮਾਤਮਾ ਅਬਿਨਾਸੀ ਕਹੀਐ ॥ ਸਭ ਸਰੀਰ ਮੈ ਤਿਸ ਕੌ ਲਹੀਐ ॥੮੬॥ ਹੇ ਅਰਜਨ ਤੂੰ ਐਸੇ ਜਾਂਨ ॥ ਸਰੀਰੋ ਮਾਂਹਿ ਏਕ ਤੂੰ ਮਾਂਨ ॥ ਤਹਾਂ ਬਸੇ ਅਰ ਕਛੁ ਨ ਕਰੇ ॥ ਅਕਰਤਾ ਅਲੇਪ ਸੋ ਗੋਬਿੰਦ ਹਰੇ ॥੮੭॥ ਸਭ ਦੇਹੋ ਕੇ ਅੰਤਰ ਮਾਂਹੀ ॥ ਬਸੇ ਅਲੇਪ ਲਗੇ ਤਿਹ ਨਾਹੀ ॥ ਤਿਸ ਦਿਸਟਾਤਿ ਐਸੇ ਵਹੁ ਹੋਇ ॥ ਬਿਆਪਿਓ ਤਿਹੰ ਭੀਤਰ ਸਭ ਕੋਇ ॥੮੮॥ ਸਭਹੂੰ ਤੇ ਨਿਆਰਾ ਵਹੁ ਕਹੀਐ ॥ ਐਸਾ ਨਿਰਲੇਪ ਬ੍ਰਹਮ ਕੋ ਲਹੀਐ ॥ ਸਭਹੂੰ ਮਧ ਬਿਆਪਿਆ ਸੋਇ ॥ ਸਦਾ ਨਿਰਲੇਪ ਸਰਬ ਮੈ ਹੋਇ ॥੮੯॥ ਗੇਉ ਨਾਮ ਜੋ ਮੇਰਾ ਪਿਆਰੇ ॥ ਤਿਸ ਪ੍ਰਤਾਪ ਅਬ ਕਹੌ ਪੁਕਾਰੇ ॥ ਉਦੇ ਭਾਂਨ ਜਿਉ ਹੋਇ ਪ੍ਰਭਾਤ ॥ ਬ੍ਰਹਮੰਡ ਮਾਂਹਿ ਪ੍ਰਕਾਸੈ ਤਾਤ ॥੯੦॥ ਬਹੁਤ ਦੇਸ ਬ੍ਰਹਮੰਡ ਮੈ ਆਹਿ ॥ ਸਭ ਕੋ ਸਮ ਪ੍ਰਕਾਸ ਕਰਾਹਿ ॥ ਆਗੈ ਪਾਛੈ ਪ੍ਰਕਾਸ ਨ ਕਰੈ ॥ ਏਕੋ ਦਿਸਟ ਸਭੂ ਪਰ ਧਰੈ ॥੯੧॥ ਤਿਉ ਬ੍ਰਹਮਾ ਆਦਿ ਚੀਟੀ ਪਰਜੰਤ ॥ ਮੈ ਸਮਾਨ ਸਭ ਮੈ ਵਰਤੰਤ ॥ ਏਕ ਬਾਰ ਸਭ ਕੋ ਪ੍ਰਕਾਸੌ ॥ ਸਮਾਨ ਸਭੂੰ ਕੇ ਭੀਤਰ ਬਾਸੌਂ ॥੯੨॥ ਉਘਾੜੇ ਨੈਨ ਸ੍ਰਿਸਟ ਸਭ ਹੋਇ ॥ ਮੂੰਦੇ ਨੈਨ ਪਰਲੈ ਹੈ ਸੋਇ॥ ਜੋ ਇਸ ਧਿਆਇ ਮੈ ਗੇਉ ਸੁਨਾਇ ॥ ਜੋ ਯਹਿ ਗਿਆਂਨ ਸੁਨ ਮਨ ਮੈ ਲਾਇ ॥੯੩॥ ਅਰ ਗਿਆਂਨ ਨੇਤ੍ਰ ਸੋ ਮੁਝ ਕੋਂ ਜਾਂਨੈ ॥ ਸਮਝੈ ਧਾਰੈ ਮੁਝੈ ਪਹਿਚਾਂਨੈ ॥ ਤਿਸ ਕੋ ਇਹ ਫਲ ਪ੍ਰਾਪਤਿ ਹੋਇ ॥ ਸੰਸਾਰ ਜਾਲ ਮੈ ਫਸੈ ਨ ਕੋਇ ॥੯੪॥ ਵਹੁ ਜਾਲ ਤੋੜ ਮੁਝ ਪਦ ਮੈ ਆਵੈ ॥ ਅਬਿਨਾਸੀ ਇਸਥਾਨ ਸੋ ਨਰ ਪਾਵੈ ॥ ਬ੍ਰਹਮ ਆਨੰਦ ਮੈ ਪ੍ਰਾਪਤ ਹੋਇ ॥ ਤਿਸ ਤੇ ਪਰੈ ਅਵਰ ਨਹੀ ਕੋਇ ॥੯੫॥

## ਟੀਕਾਕਾਰਵਾਚ ॥

ਤਿਰੋਦਸ ਧਿਆਇ ਅਤਿ ਸੁੰਦਰ ਮੀਤ ॥ ਸੋ ਭਾਖਾ ਮੈ ਪੂਰਨ ਕੀਤ ॥ ਜੋ ਬਾਸਦੇਵ ਕਹਿਓ ਅਰਜਨ ਮਾਂਹਿ ॥ ਖਾਲਸੇ ਕੋ ਉਪਦੇਸ ਯਹਿ ਆਹਿ ॥੯੬॥ ਮੇਰੀ ਅਰ ਭਗਵਾਂਨ ਕੀ ਬਾਤ ॥ ਏਕੋ ਜਾਂਨੋਂ ਮਨ ਮੋਂ

ਸਾਤ ॥ ਸਭ ਭਗਵਾਨ ਤਿਸ ਬਿਨ ਕੋ ਨਾਹਿ ॥ ਤੁਮ ਹਮ ਏਕ ਅਕਾਲ ਹੀ ਆਹਿ ॥੯੭॥ ਪੜ੍ਹੋ ਸੁਨੋ ਅਰ ਮਨ ਮੈ ਧਾਰੋ ॥ ਗੀਤਾ ਅਰਥ ਤੁਮ ਰਿਦੈ ਬੀਚਾਰੋ ॥ ਬੇਦ ਤੇਂ ਪਰੇ ਯਹਿ ਗੀਤਾ ਭਈ ॥ ਸੋ ਬਾਸਦੇਵ ਅਰਜਨ ਪ੍ਰਤਿ ਕਹੀ ॥੯੮॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਖੇਤ੍ਰ ਖੇਤ੍ਰਗ ਵਿਭਾਗ ਯੋਗੋ ਨਾਮ ਤੇਰਵਾਂ ਧਿਆਇ ॥੧੩॥੧੩੭੪॥

ਆਗੇ ਧਿਆਇ ਚੌਦਵਾਂ ਚਲਿਆ ॥

ਸ੍ਰੀ ਭਗਵਾਨੋਵਾਚ ॥

ਅੜਿਲ ॥ ਭਾਖੇ ਸ੍ਰੀ ਭਗਵਾਂਨ  ਐਸੀ ਬਾਤ ਫੁਨ ॥ ਧਰਮ ਗਿਆਨ ਅਤਿ ਉਤਮ  ਅਰਜਨ ਬਹੁੜ ਸੁਨ ॥ ਜਿਸ ਕੇ ਜਾਨੇ ਬੇਗ ਮਾਇਆ ਤਰੀ ਜਾਏ ॥ ਪਰਮ ਸਿਧ ਸੰਜੁਗਤ  ਮੁਕਤ ਪ੍ਰਾਪਤ ਪਾਏ ॥੧॥ ਜਿਨ ਸਮਝਿਆ ਯਹਿ ਗਿਆਂਨ  ਤਿਨ ਸਿਮਰਨ ਕੀਆ ॥ ਧਾਰਨਹਾਰ ਕਾ ਧਰਮ  ਮੁਝ ਜੈਸਾ ਥੀਆ ॥ ਜਿਉ ਉਤਪਤਿ ਪਰਲੋ ਮਾਂਹਿ  ਨਿਆਰਾ ਮੈਂ ਰਹੌਂ ॥ ਜਿਨ ਧਾਰਿਆ ਯਹਿ ਗਿਆਨ  ਤੈਸਾ ਤਿਨ ਲਹੌ ॥੨॥ ਦੋਹਰਾ ॥ ਤੂੰ ਭੀ ਐਸਾ ਸਮਝ ਕਰਿ  ਮੇਰੀ ਸਰਨੀ ਆਇ ॥ ਮੇਰੇ ਸਿਮਰਨ ਭਜਨ ਤੇ  ਸੰਸਾਰ ਸਮੁੰਦ੍ਰ ਤਰ ਜਾਇ ॥੩॥ ਦੋਹਰਾ ॥ ਉਤਪਤਿ ਪਰਲੈ ਸੰਸਾਰ ਸੋ  ਨਿਆਰਾ ਮੈ ਹੋ ਮੀਤ ॥ ਮੁਝ ਸਮਾਂਨ ਤੂੰ ਹੋਇਗਾ  ਗਿਆਨ ਧਾਰ ਧਰ ਚੀਤ ॥੪॥ ਦੋਹਰਾ ॥ ਯਹਿ ਪ੍ਰਤਾਪ ਜਿਸ ਗਿਆਂਨ ਕਾ  ਸੋਈ ਗਿਆਂਨ ਮੈ ਆਪ ॥ ਮੇਰਾ ਨਾਮ ਮਹਦ ਬ੍ਰਹਮ  ਸਭ ਮੋ ਰਹਿਆ ਬਿਆਪ ॥੫॥ ਦੋਹਰਾ ॥ ਮਹਦ ਬ੍ਰਹਮ ਇਤ ਕਾਰਨੇ  ਸਭ ਕੀ ਉਤਪਤ ਠਉਰ ॥ ਉਪਜਾਵਨਹਾਰਾ ਜਗਤ ਕਾ  ਮੁਝ ਬਿਨ ਨਾਂਹੀ ਅਉਰ ॥੬॥ ਦੋਹਰਾ ॥ ਅਪਨੇ ਗਰਭ ਤੇਂ ਸਭੀ ਕੋ  ਪ੍ਰਗਟ ਕਰ ਹੌ ਮੀਤ ॥ ਮਹਦ ਬ੍ਰਹਮ ਹੈ ਨਾਮ ਮੁਝ ਇਸ ਕਾਰਨ ਧਰ ਚੀਤ ॥੭॥ ਦੋਹਰਾ ॥ ਮੇਰਾ ਨਾਮ ਇਕ ਬ੍ਰਹਮ ਭੀ ਹੇ ਕੁੰਤੀ ਸੁਤ ਜਾਨ ॥ ਇਸਥਾਵਰ ਜੰਗਮ ਉਪਜਿਆ  ਏਕ ਬ੍ਰਹਮ ਤੇਂ ਮਾਨ ॥੮॥ ਦੋਹਰਾ ॥ ਲਖ ਚਉਰਾਸੀ ਮੇਦਨੀ  ਉਪਜੀ ਨਾਂਨਾਂ ਰੰਗ ॥ ਏਕ ਸਮ ਦੂਜਾ ਨਾਂਹਿ ਕੋ  ਸਭ ਅਦ੍ਵੈਤ ਅਸੰਗ ॥੯॥ ਦੋਹਰਾ ॥ ਆਗੇ ਬੀਤੇ ਸਗਲ ਨਰ  ਜੋ ਅਬ ਜਗ ਮੈਂ ਆਹਿ ॥ ਜਿਨ ਕੋ ਆਗੇ ਹੋਵਨਾਂ  ਕਿਸੀ ਸਮਾਂਨ ਕੋ ਨਾਂਹਿ ॥੧੦॥ ਦੋਹਰਾ ॥ ਏਕੋ ਹੀ ਮੁਝ ਬ੍ਰਹਮ ਤੇ  ਬਹੁ ਬਿਧਿ ਉਪਜਿਓ ਮੀਤ ॥ ਬ੍ਰਹਮ ਮਹਦ ਇਸ ਕਾਰਨੇ  ਮੇਰਾ ਨਾਮ ਧਰ ਚੀਤ ॥੧੧॥ ਦੋਹਰਾ ॥ ਮੈ ਹੌ ਪਿਤ ਸੰਸਾਰ

ਕਾ ਬਡੀ ਜੋਨ ਮੁਝ ਆਂਹਿ ॥ ਮੁਝ ਤੇ ਪਰੇ ਨ ਅਵਰ ਕਛੁ ਐਸਾ ਜਾਂਨ ਮਨ ਮਾਂਹਿ ॥੧੨॥ ਦੋਹਰਾ ॥ ਮੇਰੀ ਮਾਇਆ ਤੇ ਤੀਨ ਗੁਨ ਪਰਗਟ ਹੋਏ ਮੀਤ ॥ ਜੀਉ ਅਬਿਨਾਸ ਅਖੰਡ ਕੋ ਤਿਨਹੀ ਬੰਧਨ ਕੀਤ ॥੧੩॥ ਦੋਹਰਾ ॥ ਅਬਿਨਾਸੀ ਜੀਵ ਸਭ ਦੇਹਿ ਮੈ ਜੈਸੇ ਬਾਂਧਿਓ ਮੀਤ ॥ ਤੀਨ ਗੁਨੌ ਸਿਉ ਬਾਂਧਿਆ ਭਿੰਨ ਭਿੰਨ ਰਾਖੋ ਚੀਤ ॥੧੪॥ ਚਉਪਈ ॥ ਤੀਨ ਗੁਨੌ ਕੀ ਕਥਾ ਸੁਨਾਵੌ ॥ ਜਿਉ ਜੀਉ ਫਸਿਆ ਤਿਨ ਮੈਂ ਪਾਵੌ ॥ ਪਹਿਲੇ ਸੁਨ ਸਾਂਤਕ ਬੀਚਾਰ ॥ ਜਿਉ ਬਾਂਧਿਓ ਜੀਉ ਸਾਂਤਕ ਯਾਰ ॥੧੫॥ ਸਾਂਤਕੀ ਮਾਨਸ ਐਸਾ ਹੋਇ ॥ ਨਿਰਮਲ ਸੁਭਾਉ ਪਵਿਤ੍ਰ ਹੀ ਹੋਇ ॥ ਤਿਨ ਕੇ ਰਿਦੇ ਹੋਇ ਪ੍ਰਕਾਸ ॥ ਸਦਾ ਸੁਖੀ ਸਾਂਤ ਮੈਂ ਬਾਸ ॥੧੬॥ ਤਿਨ ਕੇ ਬਪ ਕੌ ਕਸਟ ਨ ਲਾਗੈ ॥ ਗਿਆਨ ਦੀਪ ਤਿਨ ਕੇ ਘਟ ਜਾਗੈ ॥ ਹੇ ਨਿਹਪਾਪ ਅਰਜਨ ਪ੍ਰਧਾਨ ॥ ਐਸੀ ਬਿਧਿ ਸਾਂਤਕ ਕੇ ਜਾਨ ॥੧੭॥ ਰਾਜਸ ॥ ਅਬ ਬ੍ਰਤੰਤ ਰਾਜਸ ਕਾ ਸੁਨੌ ॥ ਜੈਸੇ ਮੈ ਤੁਝ ਪੈ ਅਬ ਭਨੌ ॥ ਰਾਜਸ ਗੁਨ ਕੋ ਯਹਿ ਸੁਭਾਉ ॥ ਦੇਹਿ ਕੁਟੰਬ ਸੌ ਮੋਹ ਲਗਾਉ ॥੧੮॥ ਰਾਜਸ ਮਾਂਹਿ ਜੀਉ ਜਬ ਆਵੈ ॥ ਤ੍ਰਿਸਨਾ ਧੰਨ ਕੀ ਅਤਿ ਬਹੁ ਪਾਵੈ ॥ ਉਪਜਾਵਨ ਦ੍ਰਬ ਕਾ ਉਦਮ ਕਰੈ ॥ ਸੋਗ ਹਰਖ ਸਦਾ ਮਨ ਧਰੈ ॥੧੯॥ ਇਤ ਪ੍ਰਕਾਰ ਬਾਧਿਓ ਜੀਵ ਰਾਜਸ ॥ ਆਗੇ ਕਹੋਂ ਬਾਤ ਸੁਨ ਤਾਮਸ ॥ ਤਾਂਮਸ ॥ ਤਮ ਗੁਨ ਜੀਉ ਜੋ ਜਗ ਮੈਂ ਆਹੀ ॥ ਅਗਿਆਂਨ ਮਾਂਹਿ ਸਦਾ ਵਰਤਾਹੀ ॥੨੦॥ ਮੋਹਨਹਾਰ ਜੀਵ ਕਾ ਜੋਇ ॥ ਆਲਸ ਨੀਦ ਮੈ ਵਰਤੈ ਸੋਇ ॥ ਬਾਧਿਓ ਜੀਉ ਤਮ ਗੁਨ ਯਹਿ ਰੀਤ ॥ ਅਵਰ ਸੁਨੋ ਅਬ ਅਰਜਨ ਮੀਤ ॥੨੧॥ ਸਾਂਤਕ ਗੁਨ ਬਹੁ ਸੁਖ ਉਪਜਾਵੈ ॥ ਉਪਜੈ ਕਰਮ ਰਜ ਗੁਨ ਜਬ ਆਵੈ ॥ ਖਿਮਾ ਮਾਹਿ ਜੀਉ ਨਹੀ ਰਹੈ ॥ ਨਿਤ ਉਦਮ ਕੌ ਮਨ ਮੌ ਗਹੈ ॥੨੨॥ ਤਮ ਉਪਜਾਵੈ ਨਿਤ ਅਗਿਆਂਨ ॥ ਅਸਾਵਧਾਨਤਾ ਤਿਹੰ ਤੇਂ ਮਾਨ ॥ ਤੀਨੋ ਗੁਨ ਸਭ ਭਿੰਨ ਭਿੰਨ ਜੋ ॥ ਮਾਨੁਖੋ ਮਾਂਹਿ ਵਰਤੇ ਨਿਤ ਸੋ ॥੨੩॥

ਕਬਹੂੰ ਵਰਤੇ ਸਾਂਤਕ ਰਾਜਸ ॥ ਕਬਹੂੰ ਅਸਾਵਧਾਨਤਾ ਤਾਮਸ ॥ ਅਬ ਤਿਹ ਵਧਤਾ ਭਿੰਨ ਭਿੰਨ ਸੁਨੌ ॥ ਤੀਨੌ ਗੁਨ ਜਿਉ ਵਧਤੇ ਭਨੌ ॥੨੪॥ ਜਬ ਏਤੇ ਲਛਨ ਹੋਹਿ ਜੀਉ ਮਾਂਹਿ ॥ ਸਾਂਤਕ ਤਿਹੰ ਤੇਂ ਵਧਿਆ ਆਹਿ ॥ ਦੇਹਿ ਦ੍ਵਾਰ ਮੈ ਹੋਇ ਪ੍ਰਗਾਸ ॥ ਮਨ ਨਿਰਮਲ ਗਿਆਂਨ ਮੈ ਬਾਸ ॥੨੫॥ ਤਬ ਸਾਂਤਕ ਗੁਨ ਵਧਿਆ ਜਾਨੇ ॥ ਸਾਂਤਕ ਤੇਂ ਗਿਆਂਨ ਮਨ ਮਾਨੇ ॥ ਰਾਜਸ ਗੁਨ ਵਧੇ ਤਬ ਲਛਨ ਏਹ ॥ ਦ੍ਰਬ ਉਦਮ ਵਹੁ ਨਿਤ ਕਰੇਹ ॥੨੬। ਸੁਖ ਦੁਖ ਮਾਹਿ ਸਦਾ ਵਹੁ ਰਹੈ ॥ ਇਸ ਤੇ ਵਧਿਆ ਰਜ ਗੁਨ ਲਹੈ ॥ ਤਮ ਗੁਨ ਵਧੇ ਕੇ ਲਛਨ ਕਹੋਂ ॥ ਪ੍ਰਮਾਦ ਮੋਹ ਸਭ ਤਮ ਮੈ ਲਹੋਂ ॥੨੭॥ ਦੇਹ ਦ੍ਵਾਰ ਤੇ ਤੇਜ ਘਟ ਜਾਇ ॥ ਤਮ ਗੁਨ ਵਧੇ ਇਹ ਲਛਨ ਪਾਇ ॥ ਛੂਟੇ ਦੇਹ ਸਾਂਤ ਗੁਨ ਮਾਂਹੀ ॥ ਵਹਿ ਨਰ ਦੇਵਲੋਕ ਕੋ ਜਾਹੀ ॥੨੮॥ ਰਜ ਗੁਨ ਵਧੇ ਦੇਹ ਛੁਟ ਜਾਵੈ ॥ ਬਹੁੜ ਮਾਨੁਖ ਦੇਹ ਕੌ ਪਾਵੈ ॥ ਤਮ ਗੁਨ ਵਧੇ ਤਿਆਗੇ ਦੇਹ ॥ ਜੋਨ ਪਸੂ ਨਰ ਜਗ ਮੈ ਲੇਹ ॥੨੯॥ ਰਾਜਸ ਕਾ ਫਲ ਦੁਖ ਸੁਖ ਪਾਇ ॥ ਤਾਮਸ ਫਲ ਅਗਿਆਨ ਵਧਾਇ ॥ ਸਾਂਤਕ ਮਾਂਹਿ ਉਪਜੈ ਨਿਰਮਲਾਈ ॥ ਰਾਜਸ ਤੇ ਨਰ ਲੋਭ ਕੌ ਧਾਈ ॥੩੦॥ ਮੋਹ ਉਪਜੈ ਹੈ ਤਮ ਗੁਨ ਮਾਂਹੀ ॥ ਅਗਿਆਂਨ ਮੂਰਤ ਤਮ ਗੁਨ ਕੀ ਆਹੀ ॥ ਸਤ ਗੁਨ ਮਾਂਹਿ ਦੇਹ ਜਬ ਤਿਆਗੈ ॥ ਬੈਕੁੰਠ ਮਾਂਹਿ ਬੇਗ ਵਹਿ ਲਾਗੈ ॥੩੧॥ ਪ੍ਰਕਿਰਤ ਰਾਜਸ ਮੈ ਜਬ ਕਰੈ ॥ ਮਾਨੁਖ ਦੇਹਿ ਭੂਮ ਪਰ ਧਰੈ ॥ ਤਮ ਪ੍ਰਕਿਰਤ ਮੈ ਜਬ ਦੇਹ ਜਾਇ ॥ ਪਾਤਾਲ ਬਿਖੈ ਜਨਮ ਕੋ ਪਾਇ ॥੩੨॥ ਅਬ ਜੋ ਮੇਰੇ ਪਦ ਕੌ ਪਾਇ ॥ ਸੁਨ ਅਰਜਨ ਤੂੰ ਮਨ ਚਿਤ ਲਾਇ ॥ ਤ੍ਰੈਗੁਨ ਤੇ ਮੈ ਪਰੇ ਜੋ ਆਹੀ ॥ ਮੇਰੇ ਆਗੇ ਗੁਨ ਵਰਤਾਹੀ ॥੩੩॥ ਤਿਨ ਕਾ ਕਉਤਕ ਦੇਖਨਹਾਰ ॥ ਸਭ ਤੇ ਪਰੇ ਮੁਝ ਕੋ ਬੀਚਾਰ ॥ ਗੁਨ ਸਰੂਪ ਭੀ ਮੁਝ ਕੌ ਜਾਨੋ ॥ ਗੁਨ ਅਤੀਤ ਨਿਤ ਮੁਝ ਕੋ ਮਾਨੋ ॥੩੪॥ ਦੇਹ ਜੀਉ ਕੋ ਮੈ ਉਪਜਾਵੌਂ ॥ ਸਰਬ ਮਧ ਮੈ ਆਪ ਕੋਂ ਪਾਵੌਂ ॥ ਵਹੁ ਜੋ ਮੇਰੇ ਪਦ

ਮੈ ਆਵੈ ॥ ਮੁਝੈ ਪਹਿਚਾਨ ਮੁਕਤ ਹੋ ਜਾਵੈ ॥੩੫॥ ਮੇਰੇ ਜਾਨਨ ਕਾ ਜੋ ਗਿਆਨ ॥ ਜੋ ਲੇਵੈ ਅਪਨੇਂ ਮਨ ਮਾਂਨ ॥ ਜਨਮ ਮਰਨ ਜਰਾ ਅਰ ਦੁਖ ॥ ਤਿਨ ਕੌ ਤਿਆਗ ਪਾਵੈ ਵਹੁ ਸੁਖ ॥ ਜਿਨ ਯਹਿ ਅੰਮ੍ਰਿਤ ਕੀਆ ਪਾਂਨ ॥ ਮੇਰੇ ਪਦ ਮੈ ਪ੍ਰਾਪਤ ਮਾਂਨ ॥੩੬॥

ਅਰਜਨੋਵਾਚ ॥

ਦੋਹਰਾ ॥ ਅਰਜਨ ਕੇਸਵ ਬਚਨ ਸੁਨ ਮੁਖੋ ਕਹੇ ਹੇ ਦੇਵ ॥ ਏਕ ਪ੍ਰਸਨ ਅਬ ਮੈ ਕਹੌਂ ਤਿਸ ਕਾ ਉਤਰ ਦੇਉ ॥੩੭। ਦੋਹਰਾ ॥ ਦੇਹਧਾਰੀ ਮਾਨੁਖ ਜੋ ਹੋਤੇ ਬਪ ਵਹਿ ਮੁਕਤ ॥ ਹੋਤੇ ਦੇਹ ਜੋ ਮੁਕਤ ਹੈ ਤਿਹ ਲਛਨ ਕਿਹ ਜੁਗਤ ॥੩੮॥ ਦੋਹਰਾ ॥ ਅਰਜਨ ਪ੍ਰਸਨ ਜਬ ਕਰਿ ਰਹਿਆ ਕੇਸਵ ਬੋਲੇ ਤਾਹਿ ॥ ਹੇ ਪਾਰਥ ਤਿਨ ਤੀਨ ਗੁਨ ਵਰਤੇ ਸਹਜ ਸੁਭਾਇ ॥੩੯॥ ਦੋਹਰਾ ॥ ਅਪਨੇਂ ਅਪਨੇਂ ਸਮੇ ਮੈ ਤੀਨੋ ਵਰਤੇ ਮੀਤ ॥ ਮੋਹਾਵੈ ਨਾਹੀ ਮੋਹ ਸੌ ਪ੍ਰਾਨੀ ਅਪਨਾ ਚੀਤ ॥੪੦॥ ਦੋਹਰਾ ॥ ਮੋਹਤ ਕਾ ਅਬ ਅਰਥ ਯਹਿ ਜੋ ਗੁਨ ਪ੍ਰਾਪਤਿ ਹੋਇ ॥ ਕਹੈ ਨਹੀ ਯਹਿ ਦੂਰ ਹੋ ਅਰੁ ਆਵੈ ਸੁਭ ਕੋਇ ॥੪੧॥ ਦੋਹਰਾ ॥ ਰਹੈ ਉਦਾਸ ਨਿਤ ਦੇਹ ਸੋ ਆਖੈ ਯਿਉ ਮਨ ਮਾਂਹਿ ॥ ਬਪ ਗੁਨ ਦੋਊ ਅਨਿਤ ਹੈ ਇਨ ਸੋ ਮੁਝ ਕਛੁ ਨਾਂਹਿ ॥੪੨॥ ਦੋਹਰਾ ॥ ਜੋ ਗੁਨ ਆਵੈ ਦੇਹ ਮੈਂ ਤਿਨ ਕੋ ਦੇਖੇ ਮੀਤ ॥ ਨਿਹਚਲ ਰਾਖੈ ਆਤਮਾ ਜਾਨੇਂ ਗੁਨ ਸੰਗ ਚੀਤ ॥੪੩॥ ਦੋਹਰਾ ॥ ਐਸੇ ਕਹੇ ਮਨ ਆਪਨੇਂ ਮੁਝ ਗੁਨ ਸੌ ਕਛੁ ਨਾਂਹਿ ॥ ਅਪਨੇਂ ਅਪਨੇਂ ਸੁਭਾਉ ਮੈ ਤੀਨੋ ਗੁਨ ਵਰਤਾਹਿ ॥੪੪॥ ਸੋਰਠਾ ॥ ਜੋ ਐਸਾ ਦੇਹਿ ਸਾਥ ਰਹੇ ਅਤੀਤ ਗੁਨ ਤੀਨ ਸੌ ॥ ਤਿਸ ਕੀ ਅਬ ਸੁਨ ਗਾਥ ਕੈਸੇ ਵਰਤੇ ਜਗਤ ਮੌ ॥੪੫॥ ਦੋਹਰਾ ॥ ਦੁਖ ਸੁਖ ਕੋ ਸਮ ਜਾਨਤਾ ਮਿਤ੍ਰ ਸਤ੍ਰ ਸਮ ਜਾਂਨ ॥ ਆਦਰ ਨਿਰਾਦਰ ਤਿਸੀ ਤੁਲ ਉਸਤਤਿ ਨਿੰਦ ਸਮਾਨ ॥੪੬॥ ਦੋਹਰਾ ॥ ਪ੍ਰੀਤਮ ਅਪ੍ਰੀਤਮ ਏਕ ਜਿਹ ਮਾਨ ਅਪਮਾਂਨ ਸਮਾਂਨ ॥ ਉਠੈ ਨ ਅਰਥ ਜਿਹ ਰਿਦੇ ਮੋ ਗੁਨ ਅਤੀਤ ਵਹੁ ਜਾਂਨ

॥੪੭॥ ਦੋਹਰਾ ॥ ਅਤੀਤ ਗੁਨੋਂ ਅਰ ਦੇਹ ਸੌ  ਤਿਸ ਕੇ ਲਛਨ ਏਹ ॥ ਹੇ ਅਰਜਨ ਤੁਝ ਕੋ ਕਹੋਂ  ਸਮਝੋ ਤੁਮ ਸਰਬੇਹ ॥੪੮॥ ਦੋਹਰਾ ॥ ਇਤ ਪ੍ਰਕਾਰ ਗੁਨ ਦੇਹ ਜੋ  ਸੋ ਨਰ ਮੁਕਤਾ ਹੋਇ ॥ ਮਾਰਗ ਤਿਸ ਚਈਤਨ ਹੈ  ਸੀਲਵੰਤ ਹੈ ਸੋਇ ॥੪੯॥ ਦੋਹਰਾ ॥ ਸੀਲਵੰਤ ਵਹੁ ਭਗਤ ਹੈ  ਦੂਜਾ ਦੇਖੈ ਨਾਂਹਿ ॥ ਮੇਰੀ ਸੇਵਾ ਨਿਤ ਕਰੇ  ਦਾਸ ਭਾਉ ਕੇ ਮਾਹਿ ॥੫੦॥ ਦੋਹਰਾ ॥ ਦਾਸ ਭਾਉ ਵਹੁ ਹੋਇ ਕਰ  ਏਕੋ ਸੇਵੈ ਸੋਇ ॥ ਐਸਾ ਭਗਤ ਅਤਿ ਨਿਰਮਲਾ  ਗੁਨ ਅਤੀਤ ਵਹੁ ਹੋਇ ॥੫੧॥ ਦੋਹਰਾ ॥ ਬਿਸ ਰੂਪ ਸੰਸਾਰ ਜੋ  ਤਿਸ ਕਾ ਮੈ ਪ੍ਰਭ ਆਪ । ਸਬਦ ਬ੍ਰਹਮ ਜੋ ਬੇਦ ਹੈ  ਤਿਸ ਮੈ ਰਹਿਆ ਬਿਆਪ ॥੫੨॥ ਦੋਹਰਾ ॥ ਸੋ ਤੋ ਜੀਵਨ ਮੁਕਤ ਹੈ  ਹੋਤੇ ਬਪ ਕੇ ਮਾਹਿ ॥ ਮੁਕਤ ਦਰਸ ਜੋ ਚਾਹਤਾ  ਦੇਖੈ ਤਿਸ ਕੌ ਜਾਇ ॥੫੩॥ ਦੋਹਰਾ ॥ ਐਸੇ ਮੇਰੇ ਭਗਤ ਕੌ ਜੋ ਦੇਖੇ ਹਿਤ ਲਾਇ ॥ ਮੂਰਤਵੰਤ ਜੋ ਮੁਕਤ ਹੈ  ਤਿਸ ਕਾ ਦਰਸਨ ਪਾਇ ॥੫੪॥ ਸੋਰਠਾ ॥ ਅਬ ਤੂੰ ਮੁਝ ਕੌ ਜਾਨ  ਜੋ ਮੈ ਕੈਸਾ ਅਰਜਨਾ ॥ ਬ੍ਰਹਮ ਕਾ ਬ੍ਰਹਮ ਮੁਝ ਮਾਂਨ  ਮੁਝ ਤੇ ਪਰੇ ਨ ਅਵਰ ਕੋ ॥੫੫॥ ਦੋਹਰਾ ॥ ਇਤਨਿਓ ਕਾ ਨਾਉ ਬ੍ਰਹਮ ਹੈ  ਸਮਝੋ ਹਿਰਦੈ ਮਾਂਹਿ ॥ ਸਬਦ ਮੁਕਤ ਬੈਕੁੰਠ ਤ੍ਰੈ  ਚਉਥਾ ਮੇਦਨ ਆਹਿ ॥੫੬॥ ਦੋਹਰਾ ॥ ਸਬਦ ਬ੍ਰਹਮ ਜੋ ਵੇਦ ਹੈ  ਸੋ ਹੈ ਬ੍ਰਹਮ ਪ੍ਰਕਾਸ ॥ ਸਭ ਹੀ ਪਰਗਟ ਤਾਹਿ ਮੈ  ਤਾ ਸੋ ਨਿਤ ਅਬਿਨਾਸ ॥੫੭॥ ਦੋਹਰਾ ॥ ਮੁਕਤ ਨਾਮ ਜੋ ਬ੍ਰਹਮ ਹੈ  ਤਿਸ ਕਾ ਮੈ ਪ੍ਰਭ ਆਪ ॥ ਬੈਕੁੰਠ ਨਾਮ ਜੋ ਬ੍ਰਹਮ ਕੋ  ਤਿਸ ਕਾ ਇਹ ਪ੍ਰਤਾਪ ॥੫੮॥ ਦੋਹਰਾ ॥ ਅਕਾਲ ਅਬਿਨਾਸੀ ਰੂਪ ਮੁਝ  ਪੁਰਾਤਨ ਮੇਰਾ ਨਾਮ ॥ ਭਲਿਓ ਤੇ ਮੈ ਭਲਾ ਹੋ  ਐਸਾ ਧਰਮ ਮੁਝ ਜਾਂਨ ॥੫੯॥ ਦੋਹਰਾ । ਨਿਆਰਾ ਸਭ ਬ੍ਰਹਮੰਡ ਤੇ  ਅਨੰਤ ਸੁਖ ਮੇਰੋ ਧਾਮ ॥ ਪਰਮ ਬ੍ਰਹਮ ਜੋ ਏਕ ਹੈ  ਸੋ ਤੂੰ ਮੁਝ ਕੋ ਮਾਨ ॥੬੦॥ ਸੋਰਠਾ ॥ ਐਸਾ ਬ੍ਰਹਮ ਸੁਖ ਰੂਪ  ਹੇ ਅਰਜਨ ਮੁਝ ਜਾਨ ਤੂੰ ॥ ਮੈ ਗੋਬਿੰਦ ਸਰੂਪ  ਜੋ ਦੀਸੈ ਸੋ ਏਕ ਮੈ ॥੬੧॥

## ਟੀਕਾਕਾਰਵਾਚ ॥

ਚੌਪਈ ॥ ਚਤ੍ਰ ਦਸਵਾਂ ਧਿਆਇ ਅਤਿ ਸੋਭਾਵਾਂਨ ॥ ਅਰਜਨ ਮਾਹਿ ਕਹਿਓ ਭਗਵਾਂਨ ॥ ਇਸ ਧਿਆਇ ਕੀ ਰਹਤ ਜੋ ਧਾਰੈ ॥ ਸੋ ਹੈ ਖਾਲਸਾ ਰੂਪ ਹਮਾਰੈ ॥੬੨॥ ਖਾਲਸੇ ਮਾਹਿ ਕਹਿਓ ਉਪਦੇਸ ॥ ਜੋ ਅਰਜਨ ਕੋ ਕਹੀ ਸੁਰੇਸ ॥ ਏਕ ਅਕਾਲ ਸਭੀ ਕਛੁ ਜਾਨੋਂ ॥ ਸੰਸਾਰ ਆਪ ਇਕ ਗੋਬਿੰਦ ਮਾਨੋਂ ॥੬੩॥ ਵਰਨ ਆਸ੍ਰਮ ਤੁਮ ਸਗਲ ਤਿਆਗੋ ॥ ਬ੍ਰਹਮ ਗਿਆਂਨ ਮੈ ਨਿਸਦਿਨ ਲਾਗੋ ॥ ਜਾਨੋ ਸਭ ਕਛੁ ਏਕ ਅਕਾਲ ॥ ਜੋ ਦੇਖੋ ਏਕ ਗੋਬਿੰਦ ਦਇਆਲ ॥੬੪॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇ ਗੁਣ ਤ੍ਰਯ ਵਿਭਾਗ ਯੋਗੋ ਨਾਮ ਚਉਦਵੋਂ ਧਿਆਇ ॥੧੪॥੧੪੩੮॥

ਆਗੇ ਧਿਆਇ ਪੰਦ੍ਰਵਾਂ ਚਲਿਆ ॥

## ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਹੇ ਅਰਜਨ ਤੂੰ ਸਮਝ ਲੇ ਯਹਿ ਜਗ ਤਰਵਰ ਰੂਪ ॥ ਊਪਰ ਮੂਲ ਅਰ ਸਾਖਾ ਨੀਚੇ ਐਸਾ ਜਿਸੇ ਸਰੂਪ ॥੧॥ ਦੋਹਰਾ ॥ ਅਸਤ ਅਰ ਅਬਿਨਾਸੀ ਇਸ ਕੋ ਭਾਖੈਂ ਜਨ ਪ੍ਰਧਾਨ ॥ ਅਬ ਇਸ ਕਾ ਬ੍ਰਿਤਾਂਤ ਸਭ ਤੁਝ ਪੈ ਕਹੌ ਬਖਾਨ ॥੨॥ ਚਉਪਈ ॥ ਯਹਿ ਦੇਹਿ ਧਾਰੀ ਜੀਉ ਜੋ ਆਹੀ ॥ ਜਬ ਆਵੈ ਗਰਭ ਮਾਤਾ ਕੇ ਮਾਂਹੀ ॥ ਇਸ ਕਾ ਮੂਲ ਸਿਰ ਤਬ ਹੋਵੈ ਨੀਚਾ ॥ ਚਰਨ ਸਾਖਾ ਇਸ ਹੋਵੈ ਊਚਾ ॥੩॥ ਜਬ ਵਹੁ ਜੀਉ ਜਨਮ ਕੋ ਪਾਵੈ ॥ ਤਬ ਉਹ ਬ੍ਰਿਛ ਉਲਟੋ ਹੋਇ ਜਾਵੈ ॥ ਸਿਰ ਜੋ ਮੂਲ ਸੋ ਊਪਰ ਹੋਇ ॥ ਸਾਖ ਜੋ ਚਰਨ ਨੀਚੇ ਹੈ ਸੋਇ ॥੪॥ ਉਰਧ ਮੂਲ ਤਬ ਇਸ ਕਾ ਨਾਮ ॥ ਅਸਤ ਅਬਿਨਾਸੀ ਐਸੇ ਜਾਂਨ ॥ ਹੈ ਏਹ ਦੇਹ ਬਿਨਾਸ ਸਰੂਪ ॥ ਅਸਤ ਨਾਮ ਤਬ ਐਸੇ ਭੂਪ ॥੫॥ ਜੀਵ ਈਸਰ ਨਿਤ ਜੋ ਆਹਿ ॥ ਅਬਿਨਾਸੀ ਨਾਮ ਐਸੇ ਹੈ ਤਾਹਿ ॥ ਇਸ ਬ੍ਰਿਛ ਕੋ ਜੋ ਸਿਰ ਹੋਇ ॥ ਚਾਰੋ ਬੇਦ ਪਾਤ ਹੈ ਸੋਇ ॥੬॥ ਧਰਮ ਅਧਰਮ ਸਭ ਬੇਦ ਬਤਾਵੈ ॥ ਜੁਗਤ ਅਜੁਗਤ ਸਭ ਬਾਤ ਸੁਨਾਵੈ ॥ ਐਸੇ ਬ੍ਰਿਛ ਕੋ ਜਿਨ ਪਹਿਚਾਨਾ ॥ ਸੋ ਪੰਡਿਤ ਬੇਦ ਪਾਠੀ ਜਾਂਨਾਂ ॥੭॥ ਸੰਸਾਰ ਬ੍ਰਿਛ ਜੋ ਦ੍ਰਿਸਟੀ ਆਇ ॥ ਊਪਰ ਬ੍ਰਹਮਲੋਕ ਲਗ ਪਾਇ ॥ ਨੀਚੇ ਸੇਸ ਕੇ ਲੋਕ ਪਰਜੰਤ ॥ ਇਹ ਬ੍ਰਿਛ ਪਸਰਿਆ ਐਸੀ ਭੰਤ ॥ ਤ੍ਰੈਗੁਨ ਇਸ ਤਰਵਰ ਕੇ ਡਾਲ ॥ ਇੰਦ੍ਰੀ ਵਿਖੇ ਬਹੁਤੇ ਪਰਵਾਲ ॥ ਸਪਰਸ ਸਬਦ ਰੂਪ ਰਸ ਗੰਧ ॥ ਇੰਦ੍ਰੀ ਯਿਓ ਬਿਖਿਓ ਮੈ ਬੰਧ ॥੮॥ ਬਾਧੇ ਜੇਵੜੀ ਬ੍ਰਿਛ ਕੇ ਲੋਕ ॥ ਝਖੜ ਤੇ ਤਰਵਰ ਗਿੜਨ ਨ ਹੋਗ ॥ ਇਸ ਬ੍ਰਿਛ ਕਾ ਪਉਨ ਇਹੁ ਜਾਨੋ ॥ ਮੁਝ ਮਹਿਮਾ ਸਤਸੰਗ ਪਹਿਚਾਨੋ ॥੧੦॥ ਜਬ ਸਤਸੰਗ ਮੈ ਮਹਿਮਾ ਕਰੇ ॥ ਇਸੀ ਪਉਨ ਸੋ ਬ੍ਰਿਛ ਗਿੜ ਪੜੇ ॥ ਕੁਟੰਬ ਲੋਕ ਜੋ ਆਨ ਸਨਬੰਧੀ ॥ ਯਹਿ ਜੇਵੜੀ ਤਰਵਰ ਕੌ ਬੰਧੀ ॥੧੧॥ ਐਸਾ ਰੂਪ ਜੋ ਤਰਵਰ ਕਹਾ ॥ ਕਿਨਹੂੰ ਇਸ ਕਾ ਭੇਦ ਨ

ਲਹਾ ॥ ਜਾਨੇਂ ਨਹੀ ਬ੍ਰਿਛ ਕੋ ਰੂਪ ॥ ਕਹੇ ਮੈ ਦੇਹ ਮਾਨੁਖ ਸਰੂਪ ॥੧੨॥ ਕਹੇ ਅਮਕਾ ਹੈ ਮੇਰੋ ਨਾਉ ॥ ਅਮਕੀ ਜਾਤ ਅਪਨੀ ਕਹਿ ਗਾਉ ॥ ਸਮਝੈ ਨਾਹੀ ਕੋ ਯਹਿ ਬਾਤ ॥ ਸੰਸਾਰ ਕਹਾਂ ਤੇਂ ਆਇਓ ਤਾਤ ॥੧੩॥ ਅਰ ਫਿਰ ਕਹਾ ਜਾਇਗਾ ਏਹ ॥ ਅਬ ਠਾਢਾ ਕਿਸ ਪਰ ਜਗ ਸਰਬੇਹ ॥ ਐਸਾ ਅਸਤ ਨਾਮਾਂ ਸੰਸਾਰ ॥ ਤਿਸ ਕਾ ਮੂਲ ਤੂੰ ਮੁਝੇ ਬੀਚਾਰ ॥੧੪॥ ਤਿਸ ਊਪਰ ਜੀਉ ਪੰਖੀ ਬਸੈ ॥ ਮਾਇਆ ਪਰਪੰਚ ਕਪਟ ਮੈ ਰਸੈ ॥ ਭ੍ਰਮਤ ਫਿਰੈ ਵਹੁ ਮਾਇਆ ਮਾਹਿ ॥ ਐਸਾ ਜੀਉ ਊਪਰ ਤਿਸ ਆਹਿ ॥੧੫॥ ਹਉ ਜੋ ਬ੍ਰਿਛ ਰੂਪ ਹੋ ਆਪ ॥ ਅਬ ਕਛੁ ਸੁਨ ਮੇਰਾ ਪ੍ਰਤਾਪ ॥ ਮੇਰੋ ਮੂਲ ਆਨੰਦ ਸਰੂਪ ॥ ਦਿਬ ਸੁਖ ਅਰ ਪਰਮ ਅਨੂਪ ॥੧੬॥ ਨਾਂਨਾਂ ਪ੍ਰਕਾਰ ਜੋ ਕੀਏ ਅਵਤਾਰ । ਅਧਭੁਤ ਕਰਮ ਤਿਹ ਮਾਹਿ ਬੀਚਾਰ ॥ ਸੋ ਇਸ ਬ੍ਰਿਛ ਕੇ ਪੱਤਰ ਜਾਨੋ ॥ ਮਹਿਮਾ ਮੁਝ ਸਾਖਾ ਪਹਿਚਾਨੋ ॥੧੭॥ ਸਾਸਤ੍ਰ ਬੇਦਾਂਤ ਜੋ ਭਾਗਵਤ ਗੀਤਾ ॥ ਸੋ ਇਸ ਬ੍ਰਿਛ ਕੇ ਫਲ ਹੈਂ ਮੀਤਾ ॥ ਜੋ ਨਰ ਜਗ ਮੈ ਬਪ ਕੌ ਧਾਰੇ ॥ ਸੰਸਾਰ ਬ੍ਰਿਛ ਸੋ ਤਿਆਗ ਬੀਚਾਰੇ ॥੧੮॥ ਮੁਝ ਆਨੰਦ ਬ੍ਰਿਛ ਕੀ ਸਰਨੀ ਆਵੈ ॥ ਸੋ ਨਰ ਬਹੁ ਆਨੰਦ ਸੁਖ ਪਾਵੈ ॥ ਜਿਤ ਪ੍ਰਕਾਰ ਸੰਸਾਰ ਬ੍ਰਿਛ ਤਿਆਗੇ ॥ ਭਗਵਾਂਨ ਬ੍ਰਿਛ ਕੀ ਸਰਨੀ ਲਾਗੇ ॥੧੯॥ ਸੋ ਪ੍ਰਕਾਰ ਸੁਨੋ ਰੇ ਮੀਤ । ਪ੍ਰਿਥਮੇ ਕਰੇ ਤਿਆਗ ਸੌ ਪ੍ਰੀਤ ॥ ਗ੍ਰਿਹਸਤ ਤਿਆਗ ਭਇਓ ਕੁਠਾਰ ॥ ਤਿਸ ਸੌ ਕਾਟੇ ਬ੍ਰਿਛ ਸੰਸਾਰ ॥੨੦॥ ਦਿੜ ਨਿਹਚਾ ਹੋਇ ਮੇਰੇ ਸਾਥ ॥ ਵਹੀ ਨਿਹਚਾ ਤਿਸ ਨਰ ਕੇ ਹਾਥ ॥ ਤਿਆਗ ਕੁਠਾਰ ਹਾਥ ਸੋ ਪਕੜੀ ॥ ਬ੍ਰਿਛ ਸੰਸਾਰ ਕੀ ਕਾਟੀ ਲਕੜੀ ॥੨੧॥ ਕੁਟੰਬ ਤਿਆਗ ਜੋ ਮੁਝ ਸਰਨ ਆਵੈ ॥ ਅਤੀਤ ਜਗਤ ਸੋ ਵਹੀ ਕਹਾਵੈ ॥ ਜਬ ਅਤੀਤ ਜਗਤ ਤੇ ਹੋਇ ॥ ਐਸੇ ਮਾਰਗ ਜਾਵੈ ਸੋਇ ॥੨੨॥ ਤਿਸ ਤੇ ਬਹੁੜ ਜਨਮ ਨਹੀ ਆਵੈ ॥ ਐਸੇ ਬਚਨ ਕਹਿ ਮੁਝ ਕੋ ਗਾਵੈ ॥ ਕਹੇ ਆਦਿ ਪੁਰਖ ਦੇਵੋ ਕੇ ਦੇਵ ॥ ਤੁਮਰੀ ਸਰਨ ਹੌ ਤੂੰ ਰਖ ਲੇਹ ॥੨੩॥ ਆਦਿ

ਪੁਰਖ ਜੋ ਮੈ ਭਗਵਾਂਨ ॥ ਸਭ ਬ੍ਰਹਮੰਡ ਮੁਝ ਅੰਤਰ ਜਾਨ ॥ ਮੁਝ ਅੰਤਰ ਤੇ ਸਭ ਕਛ ਨਿਕਸੈ ॥ ਸਦਾ ਪੂਰਨ ਹੋ ਨਿਤ ਹੀ ਬਿਗਸੈ ॥੨੪॥ ਨਿਹਚਲ ਅਬਿਨਾਸੀ ਸਭ ਤੇ ਪਰੇ ॥ ਐਸਾ ਪੁਰਖੋਤਮ ਮੈ ਪ੍ਰਭ ਹਰੇ ॥ ਮੇਰੇ ਪਰੇ ਅਵਰ ਨਾਂ ਕੋਇ ॥ ਮੁਝ ਸਮਾਨ ਦੂਜਾ ਨਹੀ ਹੋਇ ॥੨੫॥ ਆਦਿ ਪੁਰਖ ਜੋ ਮੈ ਹੋਂ ਆਪ ॥ ਸਰਬ ਮਧਿ ਮੈਂ ਰਹਿਆ ਬਿਆਪ ॥ ਐਸੇ ਪੁਰਖ ਕੀ ਸਰਨੀ ਆਵੈ ॥ ਸੋ ਤੋ ਬੇਗ ਮੁਕਤ ਕੋ ਪਾਵੈ ॥ ੨੬॥ ਐਸੀ ਸਰਨ ਗਹੀ ਤੁਮ ਮੀਤ ॥ ਰਹਤ ਬਾਤ ਅਬ ਰਾਖੋ ਚੀਤ ॥ ਜੋ ਆਦਿ ਪੁਰਖ ਕੀ ਸਰਨੀ ਆਵੈ ॥ ਐਸੀ ਭਾਂਤ ਵਹੁ ਰਹਤ ਬਤਾਵੈ ॥੨੭॥ ਦੋਹਰਾ ॥ ਦੂਰ ਕਰੇ ਸਭ ਮਾਨ ਭਾਉ ਬੀਆ ਸੰਗ ਮੋਹੁ ਨ ਲਾਇ ॥ ਆਦਿ ਪੁਰਖ ਜੋ ਪਾਰਬ੍ਰਹਮ ਤਿਸ ਮੇ ਰਹੇ ਸਮਾਇ ॥੨੮॥ ਦੋਹਰਾ ॥ ਚੇਤਾ ਮਨ ਕਾ ਰਾਖਤਾ ਨਿਹਚਲ ਗੋਬਿੰਦ ਸਾਥ ॥ ਧਿਆਨ ਭਜਨ ਮੈ ਨਿਤ ਜੋ ਬੇਗ ਗਹੌ ਤਿਹ ਹਾਥ ॥੨੯॥ ਦੋਹਰਾ ॥ ਮਨ ਮੋ ਰਖੈ ਨ ਕਾਮਨਾਂ ਕਛੂ ਬਾਛੈ ਨਹੀ ਮੀਤ ॥ ਜੋ ਬਰਤੇ ਇਸ ਰਹਤ ਮੇ ਸੋ ਜਨ ਨਿਰਮਲ ਰੀਤ ॥੩੦॥ ਦੋਹਰਾ ॥ ਐਸਾ ਗਿਆਨੀ ਭਗਤ ਜੋ ਮੈ ਤਿਸ ਕੋ ਯਹਿ ਕਰੌ ॥ ਸੁਖ ਦੁਖ ਮੂਲ ਜੋ ਜਗਤ ਹੈ ਤਿਸ ਤੇ ਤਿਸ ਨਿਸਤਰੌ ॥੩੧॥ ਦੋਹਰਾ ॥ ਉਸਨ ਸੀਤ ਸੰਸਾਰ ਤੇ ਰਾਖੋ ਤਿਸ ਕੋ ਮੀਤ ॥ ਅਪਨੇ ਅਨੰਦ ਸਰੂਪ ਮੈ ਲੇ ਜਾਵੌ ਸੁਭ ਰੀਤ ॥੩੨॥ ਸੋਰਠਾ ॥ ਮੁਝ ਆਨੰਦ ਸਰੂਪ ਸੋ ਅਬਿਨਾਸੀ ਜਾਨ ॥ ਆਦਿ ਪੁਰਖ ਮੁਝ ਰੂਪ ਸੂਰਜ ਕੀ ਤਹਾ ਨਾਂਹਿ ਗੰਮ ॥੩੩॥ ਜਹਾ ਹੈ ਹਰਿ ਕੋ ਧਾਮ ਰਵਿ ਸਸਿ ਤਹਾ ਨ ਪਹੁੰਚਤੇ ॥ ਜੋ ਪਾਵੈ ਵਹੁ ਧਾਮ ਫਿਰ ਸੰਸਾਰ ਨ ਆਵਤਾ ॥੩੪॥ ਦੋਹਰਾ ॥ ਪਰਮ ਧਾਮ ਜੋ ਕਹਿਓ ਮੁਝ ਐਸਾ ਜਾਨੇ ਸੋਇ ॥ ਸਰਨ ਜੋ ਆਵੈ ਪਾਰਬ੍ਰਹਮ ਤਿਸ ਕੋ ਪ੍ਰਾਪਤ ਹੋਇ ॥੩੫॥ ਦੋਹਰਾ ॥ ਹੇ ਅਰਜਨ ਅਬ ਅਵਰ ਸੁਨ ਜੀਉ ਜੋ ਦੇਹੋ ਮਾਂਹਿ ॥ ਸੋ ਤੋ ਮੇਰੀ ਅੰਸ ਹੈ ਪੁਰਾਤਨ ਹੀ ਤੇ ਆਹਿ ॥੩੬॥ ਦੋਹਰਾ ॥ ਜਬ ਕਾ

ਮੈ ਪ੍ਰਭ ਆਤਮਾ  ਤਬ ਕਾ ਹੈ ਯਹ ਜੀਉ ॥ ਇੰਦ੍ਰੀ ਦੇਹ ਕੀ ਪ੍ਰੀਤ ਸੌ ਜੀਉ ਪਸਾਰਾ ਕੀਉ ॥੩੭॥ ਦੋਹਰਾ ॥ ਪਾਂਚੋ ਇੰਦ੍ਰੀ ਅਰ ਏਕ ਮਨ ਇਹ ਛੈ ਮਿਲ ਕਰ ਮੀਤ ॥ ਸਤਵਾਂ ਜੀਉ ਕੇ ਸੰਗ ਤੇ  ਭੋਗੈ ਭੋਗ ਵਹੁ ਨੀਤ ॥੩੮॥ ਸੋਰਠਾ ॥ ਇੰਦ੍ਰੀਓ ਹੀ ਕੇ ਭੋਗ  ਜੀਵ ਕੋ ਨਿਤ ਭ੍ਰਮਾਵਤੇ  ॥ ਭੋਗ ਨਹੀ ਵਹੁ ਰੋਗ  ਠਉਰ ਠਉਰ ਫੇਰੇ ਜੀਉ ਕੋ ॥੩੯॥ ਦੋਹਰਾ ॥ ਯਹਿ ਬਪ ਜੀਉ ਤਿਆਗਤਾ  ਤਿਸ ਕਾ ਸੁਨ ਦਿਸਟਾਂਤ ॥ ਜਿਉ ਉਲਾਂਘ ਨਰੋ ਕੀ  ਐਸੀ ਹੀ ਤਿਸ ਭਾਂਤ ॥੪੦॥ ਦੋਹਰਾ ॥ ਪਹਿਲਾ ਚਰਨ ਆਗੇ ਧਰੇ  ਫਿਰ ਦੂਜਾ ਰਾਖੈ ਸੋਇ ॥ ਤਿਉ ਜੀਉ ਦੇਹ ਤਿਆਗ ਕਰਿ  ਅਵਰ ਦੇਹ ਮੋ ਹੋਇ ॥੪੧॥ ਦੋਹਰਾ ॥ ਜਿਉ ਵਿਲੰਭ ਉਲਾਂਘ ਤੇਂ  ਤਿਸ ਤੇ ਭੀ ਅਤਿ ਲਘ ॥ ਇਹ ਜੀਉ ਦੇਹ ਤਿਆਗ ਕੈ  ਲਗੈ ਅਵਰ ਬਪ ਮਗ ॥੪੨॥ ਅੜਿਲ ॥ ਜੈਸੀ ਬਾਸਨਾਂ ਜੀਉ  ਆਪ ਮੈਂ ਰਾਖਤਾ ॥ ਤੈਸੇ ਹੀ ਵਹੁ ਅਵਰ  ਦੇਹਿ ਮੈ ਚਾਖਤਾ ॥ ਗੰਧ ਦੁਰਗੰਧ ਸਪਰਸ  ਮਾਰਤ ਕਰਤ ਹੈ ॥ ਅਪਨੇ ਆਪ ਮੈ ਬਾਸ  ਤੈਸੇ ਧਰਤ ਹੈ ॥੪੩ ॥ ਐਸੇ ਹੀ ਯਹਿ ਜੀਉ  ਬਾਸਨਾ ਗਹੇ ਸੰਗ ॥ ਜੀਉ ਇੰਦ੍ਰੀਆ ਧਾਰ  ਭੋਗੇ ਬਾਸ ਰੰਗ ॥ ਸ੍ਰੋਤ ਘ੍ਰਾਨ ਅਰੁ ਚਛ  ਤੁਚਾ ਰਸਨਾ ਜੋ ਆਹੀ ॥ ਛਠਵੇਂ ਮਨ ਸੌ ਮਿਲ  ਜੀਉ ਬਿਖਿਆ ਭੋਗਾਹੀ ॥੪੪॥ ਭੋਜਨ ਖਾਨ ਤੇ ਆਦਿ ਅਵਰ ਕਾਰਜ ਜੀਉ ਕਰਤਾ ॥ ਮਨ ਇੰਦ੍ਰੀਓ ਕੇ ਸਾਥ  ਮਿਲ ਆਕਾਰ ਆਪ ਧਰਤਾ ॥ ਮੂਰਖੋ ਕੋ ਯਹਿ ਕਉਤਕ  ਦਿਸਟ ਨ ਆਵਤਾ ॥ ਗਿਆਂਨ ਨੇਤ੍ਰ ਸੋ ਕਉਤਕ  ਗਿਆਨੀ ਪਾਵਤਾ ॥੪੫॥ ਮੰਗਲ ਛੰਦ ॥ ਗਿਆਨੀ ਭਗਤ ਕੈਸਾ ਹੋਇ ॥ ਨਿਸਦਿਨ ਜੁੜੈ ਮੁਝ ਸੰਗ ਸੋਇ ॥ ਸੋ ਅਪਨੇ ਆਤਮਾ ਕੇ ਮਾਹਿ ॥ ਦੇਖੈ ਸਗਲ ਕਉਤਕ ਤਾਹਿ ॥੪੬॥ ਸੋ ਨਿਰਮਲ ਮਤ ਦੇਖੈ ਕੋਇ ॥ ਅਗਿਆਨੀ ਪੇਖੈ ਨਾਹੀ ਸੋਇ ॥ ਗਿਆਨੀ ਮੇਰੀ ਮਹਿਮਾ ਦੇਖ ॥ ਮੁਝ ਸਲਾਹਤਾ ਸਭ ਪੇਖ ॥੪੭॥ ਕਹਤਾ ਧੰਨ ਕਰਤਾ ਪੁਰਖ ॥ ਜਿਸ ਸੋ ਪਾਵਤੇ ਸਭ ਹਰਖ ॥

ਰਚਨਾ ਰਚੀ ਜਿਨ ਪ੍ਰਭ ਆਪ ॥ ਸਭ ਕੇ ਮਧ ਰਹਿਆ ਬਿਆਪ ॥੪੮॥ ਐਸੀ ਪ੍ਰੀਤ ਸੋ ਵਹੁ ਹੋਇ ॥ ਸੋ ਮਹਿਮਾ ਅਬ ਕਹੌ ਮੈ ਤੋਹਿ ॥ ਜਿਉ ਅੰਬਕਰ ਲਗਾਵੈ ਕੋਇ ॥ ਵਹੁ ਹਸਤਾਮਲ ਕਹੀਐ ਸੋਇ ॥੪੯॥ ਤੈਸੇ ਹਸਤਾਮਲ ਤੁਝ ਕੌ ਕਹੌ ॥ ਅਪਨਾਂ ਕਉਤਕ ਸਭ ਜਗ ਲਹੌ ॥ ਅਰਜਨ ਸੁਨੋ ਮੇਰੇ ਮੀਤ ॥ ਜੋ ਮੈ ਕਹੌ ਰਾਖੋ ਚੀਤ ॥੫੦॥ ਰਵਿ ਮੈ ਤੇਜ ਜੇਤਾ ਆਹਿ ॥ ਬ੍ਰਹਮੰਡ ਮਾਹਿ ਪ੍ਰਕਾਸ ਕਰਾਹਿ ॥ ਰਵਿ ਮੈਂ ਜੋਤ ਮੇਰੀ ਜਾਂਨ ॥ ਕਉਤਕ ਸਗਲ ਮੇਰਾ ਮਾਂਨ ॥੫੧॥ ਜੋ ਸਸਿ ਅਗਨ ਮੈ ਪ੍ਰਕਾਸ ॥ ਸੋ ਪ੍ਰਕਾਸ ਮੇਰਾ ਬਾਸ ॥ ਜੋਜਨ ਪਚਾਸ ਕੋਟਿ ਜੋ ਭੂਮ ॥ ਜਿਸ ਮੋ ਨਗਰ ਸਾਗਰ ਧੂਮ ॥੫੨॥ ਪਰਬਤ ਨਦੀ ਬਹੁ ਜਿਸ ਮਾਹਿ ॥ ਜੰਗਲ ਗਨਤ ਮੈ ਨਹੀ ਆਹਿ ॥ ਸੋ ਮੇਰੇ ਬਲ ਉਠਾਏ ਓਹੁ ॥ ਅਰਜਨ ਦੇਖ ਕਉਤਕ ਸੋ ॥੫੩॥ ਦੋਹਰਾ ॥ ਮਨੁਖੋ ਕੇ ਜੋ ਅੰਨ ਹੈ ਅਰ ਤਰਵਰ ਹੈ ਜੋ ॥ ਸਭੂ ਮਾਹਿ ਜੋ ਮਧੁਰਤਾ ਸੋ ਸਭ ਸਸਿ ਤੇ ਹੋ ॥੫੪॥ ਦੋਹਰਾ ॥ ਸੋ ਸਸਿ ਮੇਰਾ ਰੂਪ ਹੈ ਸਭ ਕੌ ਦੇਵੌ ਸ੍ਵਾਦਿ ॥ ਮੇਰੀ ਲੀਲਾ ਦੇਖ ਤੂੰ ਮੈ ਪ੍ਰਭ ਪਰਮ ਅਨਾਦਿ ॥੫੫॥ ਦੋਹਰਾ ॥ ਸਭ ਪ੍ਰਾਨੀਓ ਕੇ ਉਦਰ ਮੋ ਮੈ ਹੋ ਬਿਆਪਿਆ ਯਾਰ ॥ ਪ੍ਰਾਨ ਅਪਾਨ ਜੋ ਬਾਇ ਹੈ ਸੋ ਸਭ ਮੁਝੈ ਬੀਚਾਰ ॥੫੬॥ ਦੋਹਰਾ ॥ ਅਗਨ ਬਾਇ ਸਨਬੰਧ ਤੇਂ ਪ੍ਰਾਨੀ ਜੋ ਅੰਨ ਖਾਹਿ ॥ ਭੋਜਨ ਹੈ ਵਹੁ ਚਾਰ ਭਾਂਤ ਭਿੰਨ ਭਿੰਨ ਭਾਖੌ ਤਾਹਿ ॥੫੭॥ ਦੋਹਰਾ ॥ ਅਗਨ ਸੰਗ ਜੋ ਹੋਤ ਹੈ ਸੋ ਅੰਨ ਪਕ ਹੈ ਨੀਤ ॥ ਚਨਾ ਚਾਵਲ ਤੇ ਆਦਿ ਲੇ ਭੋਜਨ ਨਾਮ ਧਰ ਚੀਤ ॥੫੮॥ ਦੋਹਰਾ ॥ ਅੰਬ ਹਿੰਦਵਾਣਾ ਅਵਰ ਫਲ ਸਭ ਲੇਹਜ ਤੂੰ ਜਾਂਨ ॥ ਸਰਬਤ ਦੂਧ ਅਪ ਆਦਿ ਲੇ ਸੋ ਚੋਹਜ ਪਹਿਚਾਨ ॥੫੯॥ ਹੇ ਅਰਜਨ ਅਬ ਅਵਰ ਸੁਨ ਅਧਭੁਤ ਅਚਰਜ ਬਾਤ ॥ ਰਿਦੇ ਸਭੂ ਕੇ ਬੈਠ ਕਰਿ ਐਸੇ ਕਰਹੌ ਤਾਤ ॥੬੦॥ ਦੋਹਰਾ ॥ ਦੇਵੋ ਗਿਆਨ ਤਿਸ ਰਿਦੇ ਮੋ ਕਰਮ ਕਰਾਵੌ ਸੁਧ ॥ ਕਰਮੋ ਕੇ ਪ੍ਰਸਾਦਿ ਤੇ ਸੁਖ ਪਾਵੈ ਓਹੁ ਬੁਧ ॥੬੧॥ ਦੋਹਰਾ ॥ ਮੈ

ਹੀ ਰਿਦੇ ਮੋ ਬੈਠ ਕਰਿ ਕਰਮ ਕਰਾਵੌਂ ਮੰਦ ॥ ਅਗਿਆਂਨ ਮਾਂਹਿ ਵਹੁ ਦੁਖ ਲਹੈ ਦੁਖ ਸੌ ਮੂਰਖ ਅੰਧ ॥੬੨॥ ਦੋਹਰਾ ॥ ਜਾਂਨਨ ਜੋਗ ਜੋ ਬੇਦ ਮੈ ਸੋ ਸਭ ਮੁਝ ਕੌ ਜਾਂਨ ॥ ਬੇਦ ਹਾਰੇ ਕਹਿ ਨੇਤ ਨੇਤ ਮੁਝ ਮਹਿਮਾ ਪਹਿਚਾਨ ॥੬੩॥ ਦੋਹਰਾ ॥ ਕਰਨਹਾਰ ਹੌ ਬੇਦ ਕਾ ਜਾਨਨਹਾਰ ਹੌ ਆਪ ॥ ਅੰਤ ਕਰੌ ਜਬ ਬੇਦ ਕਾ ਨੇਤ ਨੇਤ ਜਪ ਜਾਪ ॥੬੪॥ ਚਉਪਈ ॥ ਹੇ ਅਰਜਨ ਅਬ ਅਵਰ ਸੁਨਾਵੌਂ ॥ ਸੰਸਾਰ ਬਿਖੇ ਦੋ ਪੁਰਖ ਦਿਖਾਵੌਂ ॥ ਏਕ ਅਬਿਨਾਸੀ ਦੁਤੀ ਬਿਨਾਸ ॥ ਦੇਹਿ ਜੀਉ ਨਾਮ ਹੈ ਤਾਸ ॥੬੫॥ ਜੀਉ ਅਬਿਨਾਸੀ ਨਾਮ ਕਹਾਵੈ ॥ ਦੇਹਿ ਬਿਨਾਸੀ ਸਭ ਕੋ ਗਾਵੈ ॥ ਇਨ ਤੇਂ ਅਵਰ ਉਤਮ ਪ੍ਰਧਾਂਨ ॥ ਤੀਸਰਾ ਤੂੰ ਪ੍ਰਮਾਤਮ ਜਾਂਨ ॥੬੬॥ ਤਿਸ ਪ੍ਰਮਾਤਮ ਕੋ ਯਹਿ ਪ੍ਰਤਾਪ ॥ ਤ੍ਰਿਲੋਕੀ ਮਾਹਿ ਏਕ ਵਹਿ ਆਪ ॥ ਤ੍ਰਿਲੋਕੀ ਹੋਇ ਜਬ ਨੈਨ ਉਘਾੜੈ ॥ ਸਭੀ ਥਾਪੇ ਸਭ ਕੋ ਪੋਖਾਰੈ ॥੬੭॥ ਐਸਾ ਈਸ ਪ੍ਰਮਾਤਮ ਜੋ ॥ ਪੁਰਖੋਤਮ ਪੁਰਖ ਏਕ ਹੈ ਸੋ ॥ ਬਿਨਾਸ ਪੁਰਖ ਜੋ ਦੀਸੈ ਦੇਹ ॥ ਪ੍ਰਮਾਤਮ ਕੋ ਤਿਸ ਸੋ ਨਹੀ ਨੇਹ ॥੬੮॥ ਦੇਹ ਸੰਗ ਤਿਸ ਕਾਰਜ ਨਾਹੀ ॥ ਅਤੀਤ ਦੇਹ ਤੇਂ ਆਤਮ ਆਹੀ ॥ ਅਬਿਨਾਸੀ ਜੀਉ ਦੂਸਰਾ ਜੋ ॥ ਉਤਮ ਤਿਹੰ ਤੇ ਆਤਮ ਹੋ ॥੬੯॥ ਲੋਕੋ ਮਧ ਅਰ ਬੇਦੋ ਮਾਹੀ ॥ ਪੁਰਖੋਤਮ ਨਾਂਮ ਤਿਸ ਐਸੇ ਆਹੀ ॥ ਸੋ ਮੁਝ ਸਿਮਰਨ ਐਸਾ ਕਰੋ ॥ ਮੇਰਾ ਭਜਨ ਨਿਸਦਿਨ ਮਨ ਧਰੋ ॥੭੦॥ ਜੋ ਗਿਆਨੀ ਭਗਤ ਐਸਾ ਕੋ ਹੋਇ ॥ ਪੁਰਖੋਤਮ ਮੁਝ ਕੌ ਜਾਨੈ ਸੋਇ ॥ ਹੇ ਅਰਜਨ ਤੂੰ ਐਸੇ ਜਾਨ ॥ ਪੁਰਖੋਤਮ ਪੁਰਖ ਮੁਝੀ ਪਹਿਚਾਨ ॥੭੧॥ ਹੇ ਪਾਰਥ ਨਿਹਪਾਪ ਸੁਜਾਨ ॥ ਗੁਹਜ ਸਾਸਤ੍ਰ ਮੁਝ ਕੀਆ ਬਖਾਨ ॥ ਐਸਾ ਗਿਆਂਨ ਰਾਖੋ ਤੁਮ ਚੀਤ ॥ ਇਸਨਾਨ ਕਰੋ ਇਸ ਮੈ ਤੁਮ ਨੀਤ ॥੭੨॥ ਇਸਨਾਂਨ ਅਰਥ ਅਬ ਸੁਨ ਤੂੰ ਯਾਰ ॥ ਸੁਨਨ ਪੜਨ ਧਾਰਨ ਬੀਚਾਰ ॥ ਐਸਾ ਇਸਨਾਨ ਕਰੈ ਜੇ ਕੋਇ ॥ ਅਰਜਨ ਵਹੀ ਕ੍ਰਿਤਾਰਥ ਹੋਇ ॥੭੩॥

ਟੀਕਾਕਾਰਵਾਚ ॥

ਪੂਰਨ ਭਇਆ ਪੰਚ–ਦਸਵਾਂ ਧਿਆਇ ॥ ਪੁਰਖੋਤਮ ਜੋਗ ਨਾਮ ਚਿਤ ਲਾਇ ॥ ਜੋ ਉਤਮ ਇਸ ਮਾਂਹੀ ਗਿਆਂਨ ॥ ਪੜੇ ਸੁਨੇ ਬੀਚਾਰੇ ਮਾਨ ॥੭੪॥ ਸੋ ਨਰ ਆਪ ਬਿਸਨ ਹੀ ਹੋਇ ॥ ਬਿਸਨ ਬਿਨਾ ਦੂਜਾ ਨਹੀ ਕੋਇ ॥ ਹੇ ਖਾਲਸਾ ਹਮ ਤੁਮ ਸਭ ਬਿਸਨ ॥ ਜੋ ਦੇਖੋ ਸੋ ਏਕੋ ਕਿਸਨ ॥ ਸਭੀ ਏਕ ਅਕਾਲ ਤੁਮ ਜਾਨੌ ॥ ਹਰਿ ਰੂਪ ਸੰਸਾਰ ਸਭ ਮਾਨੌ ॥੭੫॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਪੁਰਸ਼ੋਤਮ ਯੋਗੋ ਨਾਮ ਪੰਦ੍ਰਵਾਂ ਧਿਆਇ ॥੧੫॥੧੫੧੩॥

ਆਗੇ ਧਿਆਇ ਸੋਲਵਾਂ ਚਲਿਆ ॥

## ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਕੇਸਵ ਮੁਖ ਸੋ ਜਿਉ ਕਹੇ ਸੁਨ ਅਰਜਨ ਯਹਿ ਬਾਤ ॥ ਮਾਨਸ ਦੇਹ ਕੇ ਮਧ ਮੈ ਦੋਇ ਸੁਭਾਇ ਵਰਤਾਤ ॥੧॥ ਸੋਰਠਾ ॥ ਦੇਵਤਾ ਦੈਤ ਸੁਭਾਉ ਜੋ ਮਾਨਸ ਮੈ ਵਰਤਦਾ ॥ ਸੋ ਭਿੰਨ ਭਿੰਨ ਕਹੋ ਪ੍ਰਗਟਾਇ ਪ੍ਰਿਥਮੇ ਦੇਵ ਸੁਭਾਉ ਸੁਨ ॥੨॥ ਸੁਰ ਸੁਭਾਉ ॥ ਚਉਪਈ ॥ ਭਉ ਨਹੀ ਰਾਖੈ ਅੰਤਰ ਕੋਈ ॥ ਅੰਤਹਕਰਨ ਸੁਧ ਜਿਹੰ ਹੋਈ ॥ ਗਿਆਨ ਜੋਗ ਮੈ ਨਿਸਦਿਨ ਰਹੈ ॥ ਦਾਨ ਕਰਨ ਸੁਭਾਉ ਜਿਹ ਅਹੈ ॥੩॥ ਇੰਦ੍ਰੀ ਜੀਤਨ ਮੈ ਪ੍ਰਧਾਨ ॥ ਜਗ ਕਰਨ ਮੈ ਪਰਮ ਸੁਜਾਨ ॥ ਬੇਦ ਪਾਠ ਤਪਸਿਆ ਕਰੇ ॥ ਕੋਮਲ ਸੁਭਾਉ ਸਦਾ ਮਨ ਧਰੇ ॥੪॥ ਕੋਈ ਜੀਵ ਦੁਖਾਵੈ ਨਾਹੀ ॥ ਸਦਾ ਰਹੈ ਸਤ ਬੋਲਨ ਮਾਹੀ ॥ ਕ੍ਰੋਧ ਨਿੰਦਾ ਵਹੁ ਮੂਲ ਨ ਕਰੇ ॥ ਤਿਆਗ ਇੰਦ੍ਰੀ ਭੋਗ ਮਨ ਧਰੇ ॥੫॥ ਸਾਂਤ ਰੂਪ ਸਭਹੂੰ ਪਰ ਦਇਆਲ ॥ ਸਭ ਕਾ ਸੁਖਦਾਇਕ ਕ੍ਰਿਪਾਲ ॥ ਪਾਪ ਨ ਕਰੇ ਲੋਭ ਤੇ ਰਹਤ ॥ ਪਵਿਤ੍ਰ ਖਿਮਾ ਅਰ ਧੀਰਜ ਸਹਤ ॥ ੬॥ ਪੂਜਾ ਮਾਨਤਾ ਨਾਹਿ ਕਰਾਵੈ ॥ ਸੁਭ ਸੁਭਾਵ ਯਹਿ ਦੇਵ ਕਹਾਵੈ ॥ ਜਿਸ ਮੈ ਯਹਿ ਸੁਭਾਵ ਸੁਭ ਹੋਇ ॥ ਵਹੁ ਮਾਨਸ ਦੇਵ ਹੈ ਸੋਇ ॥੭॥ ਅਸੁਰ ਸੁਭਾਉ ॥ ਚੌਪਈ ॥ ਅਬ ਯਹਿ ਦੈਤ ਸੁਭਾਉ ਸੁਨਾਵੌ ॥ ਪ੍ਰਿਥਮ ਪਾਖੰਡ ਤਨ ਭੀਤਰ ਪਾਵੌ ॥ ਅਰਥ ਪਾਖੰਡ ਕੋ ਐਸੇ ਜੋਇ ॥ ਅੰਤਰ ਕਪਟ ਬਾਹਰ ਸੁਧ ਹੋਇ ॥੮॥ ਸਭ ਤੇ ਬਡਾ ਆਪ ਕੌ ਜਾਨੈ ॥ ਐਸਾ ਗਰਬ ਆਪ ਮੈ ਮਾਨੈ ॥ ਮੁਝ ਸਮਾਨ ਦੂਸਰ ਨਹੀ ਕੋਇ ॥ ਐਸੇ ਕਹੇ ਅਭਿਮਾਨੀ ਹੋਇ ॥੯॥ ਸਦਾ ਦੁਰਬਚਨ ਕਠੋਰ ਜੋ ਕਹੈ ॥ ਸੋ ਸਭ ਸੁਭਾਉ ਅਸੁਰ ਕੋ ਅਹੈ ॥ ਤਿਨ ਸਭ ਕੋ ਹੈ ਮੂਲ ਅਗਿਆਨ ॥ ਸੁਭਾਉ ਸਭੀ ਅਗਿਆਂਨ ਤੇਂ ਜਾਂਨ ॥੧੦॥ ਜਿਸ ਮੈ ਵਰਤੈ ਦੇਵ ਸੁਭਾਉ ॥ ਮੁਕਤ ਸੰਸਾਰ ਮੈ ਵਹੁ ਨਰ ਪਾਇ ॥ ਦੁਸਟ ਸੁਭਾਉ ਜਿਸ ਨਰ ਮੈ ਆਹੀ ॥ ਸਦਾ ਰਹੈ ਵਹੁ ਨਿੰਦਿਆ ਮਾਹੀ ॥੧੧॥ ਏਤੇ ਬਚਨ ਜਬ ਗੋਬਿੰਦ ਕਹੈ ॥ ਅਰਜਨ

ਸੁਨ ਬੀਚਾਰਤ ਭਏ ॥ ਦੈਤ ਸੁਭਾਉ ਮਤ ਮੁਝ ਮੈ ਹੋਇ॥ ਐਸੇ ਬੀਚਾਰ ਮੋ ਸੁਕਚਿਓ ਸੋਇ ॥੧੨॥ ਅਰਜਨ ਕਉ ਜਬ ਸੁਕਚਿਆ ਲਹਿਓ ॥ ਤਬ ਕੇਸਵ ਅਰਜਨ ਕੋ ਕਹਿਓ ॥ ਹੇ ਪਾਂਡਵ ਤੁਮ ਸੋਚ ਮਤ ਕਰੋ ॥ ਦੇਵ ਸੁਭਾਉ ਆਪ ਮੈਂ ਧਰੋ ॥੧੩॥ ਦੇਵ ਸੁਭਾਉ ਸਭੀ ਹੈ ਜੋਇ ॥ ਸਾਥ ਲੈ ਜਨਮਿਆ ਹੈ ਤੂੰ ਸੋਇ॥ ਸੁਰਿ ਅਸੁਰਿ ਸੁਭਾਉ ਜੋ ਆਹਿ ॥ ਮਾਨੁਖੋ ਮਾਂਹਿ ਸਭੀ ਵਰਤਾਹਿ ॥੧੪॥ ਸੋ ਸਭ ਤੁਝ ਕੋ ਕਹੇ ਸੁਨਾਇ ॥ ਅਸੁਰ ਸੁਭਾਉ ਕਹੌ ਪ੍ਰਗਟਾਇ ॥ ਅਬ ਫਿਰ ਅਸੁਰ ਸੁਭਾਉ ਤੁਮ ਸੁਨੌ ॥ ਜੈਸੇ ਅਰਜਨ ਤੁਮ ਪੈ ਭਨੌ ॥੧੫॥ ਜੋ ਵਹੁ ਬਸੇ ਗ੍ਰਿਹ ਸਭ ਕੇ ਮਾਂਹਿ ॥ ਗ੍ਰਿਸਤ ਜੁਗਤ ਵਹੁ ਜਾਨਤ ਨਾਹਿ ॥ ਤਿਆਗ ਗ੍ਰਿਹਸਤ ਅਤੀਤ ਜੋ ਹੋਇ ॥ ਅਤੀਤ ਰਹਤ ਨ ਜਾਨੈ ਸੋਇ ॥੧੬॥ ਪਵਿਤ੍ਰਤਾ ਕੋ ਮੂਲ ਨ ਜਾਨੈ ॥ ਮੁਝ ਸਰਬ ਬਿਆਪੀ ਕੋ ਨਹੀ ਮਾਨੈ ॥ ਆਪਸ ਮੈਂ ਮਿਲ ਐਸੇ ਭਾਖੈ ॥ ਅਸਤ ਹਰਿ ਕਹਾਂ ਜੋ ਹਮ ਲਾਖੈਂ ॥੧੭॥ ਤਿਸ ਕੋ ਕਿਸੀ ਨ ਦੇਖਿਆ ਭਾਈ ॥ ਯਹਿ ਸੰਸਾਰ ਆਪੇ ਉਪਜਾਈ ॥ ਇਸਤ੍ਰੀ ਪੁਰਖ ਸੰਜੋਗ ਤੇ ਹੋਇ ॥ ਉਤਪਤ ਸਗਲ ਜਗਤ ਕੀ ਸੋਇ ॥੧੮॥ ਕੀਆ ਨਹੀ ਕਿਸੇ ਸੰਸਾਰ ॥ ਆਪੇ ਭਇਆ ਸੰਸਾਰ ਅਪਾਰ ॥ ਤਾ ਤੇ ਡਰ ਰਾਖੋ ਨਹੀ ਕੋਇ ॥ ਪਹਿਰਨ ਖਾਵਨ ਮੈ ਸੁਖ ਹੋਇ ॥੧੯॥ ਖਾਇ ਭਲਾ ਇੰਦ੍ਰੀ ਸੁਖ ਪਾਵਹਿ ॥ ਬਡਾ ਲਾਭ ਇੰਦ੍ਰੀ ਸੁਖ ਗਾਵਹਿ ॥ ਐਸੀ ਦੁਸਟ ਬੁਧ ਤਿਨ ਮਾਹਿ ॥ ਮਲੀਨ ਨੀਚ ਬੁਧ ਹੈ ਤਾਂਹਿ ॥੨੦॥ ਐਸੇ ਕਰਮ ਕਰੇ ਵਹੁ ਮੂੜ ॥ ਪਾਵੈ ਡਰ ਜੋ ਵਰਤੇ ਕੂੜ ॥ ਕਸਟ ਨਮਿਤ ਦੂਜੇ ਕੇ ਕਰੇ ॥ ਉਪਾਸਨਾ ਪ੍ਰੇਤੋ ਕੀ ਮਨ ਧਰੇ ॥੨੧॥ ਐਸੇ ਕਹੇ ਆਪਨੇ ਮਨ ਮਾਹਿ ॥ ਜੋ ਇਸਤ੍ਰੀ ਹੋਇ ਨਿਤ ਭੋਗੋ ਤਾਹਿ ॥ ਬਡਾ ਲਾਭ ਸੰਸਾਰ ਕੇ ਮਾਹਿ ॥ ਕਾਂਮ ਬਿਨਾ ਦੂਜਾ ਕੋ ਨਾਹਿ ॥੨੨॥ ਸੋ ਕਾਮ ਐਸੇ ਹੈ ਮੀਤ ॥ ਪੂਰਨ ਤਾਹਿ ਕਹੌ ਮਮ ਰੀਤ ॥ ਧੰਨ ਅਭਿਮਾਂਨ ਤੇ ਉਨਮਤ ਰਹੈ ॥ ਝੂਠੀ ਮਾਇਆ ਕੋ ਮਨ ਗਹੈ ॥੨੩॥ ਅਤ ਅਪਵਿਤ੍ਰ ਵ੍ਰਿਤ ਵਹੁ ਰਾਖੈ ॥

ਚਿੰਤਾ ਮਾਹਿ ਚਿਤ ਨਿਤ ਲਾਖੈਂ ॥ ਮਗਨ ਸਦਾ ਚਿੰਤਾ ਮੈ ਰਹੈ ॥ ਆਪਸ ਮੈ ਮਿਲ ਕਰਿ ਯਹਿ ਕਹੈ ॥੨੪॥ ਕਾਂਮ ਲਾਭ ਸਮ ਅਵਰ ਨ ਕੋਇ ॥ ਆਸਾ ਫਾਸ ਮੈ ਨਿਸਦਿਨ ਸੋਇ ॥ ਮਗਨ ਕਾਮ ਕ੍ਰੋਧ ਮੈ ਰਹੈ ॥ ਇੰਦ੍ਰੀ ਭੋਗ ਸਦਾ ਵਹੁ ਚਹੈ ॥੨੫॥ ਐਸੇ ਕਹਹਿ ਮਿਲ ਕਰਿ ਵਹੁ ਨੀਤ ॥ ਆਜ ਯਹਿ ਲਾਭ ਮੈ ਪਾਇਓ ਮੀਤ ॥ ਪ੍ਰਾਤ ਕਾਲ ਪਾਵੌਂਗਾ ਏਹ ॥ ਅਗਲੇ ਦਿਨ ਅਵਰ ਕਛ ਲੇਹ ॥੨੬॥ ਅਮਕੇ ਕੋ ਮੈ ਸਸਤ੍ਰ ਲਗਾਇਆ ॥ ਅਮਕੇ ਕੋ ਕਰ ਜੁਧ ਭਗਾਇਆ ॥ ਹਉ ਈਸਰ ਅਰ ਸਿਧ ਬਲਵਾਂਨ ॥ ਸਾਤ ਪੀੜੀ ਮੇਰੀ ਪ੍ਰਧਾਨ ॥੨੭॥ ਜਾਤ ਮੈਂ ਆਪ ਸਮਾਨ ਨਾ ਲਹੌਂ ॥ ਸਭਹੂੰ ਤੇ ਮੈ ਸ੍ਰੇਸਟ ਅਹੌਂ ॥ ਅਵਰ ਸਭੀ ਹੈ ਮੇਰੇ ਦਾਸ ॥ ਮਨ ਮੈ ਅਨਿਕ ਚਿਤਵਨ ਕੋ ਬਾਸ ॥੨੮॥ ਮੋਹੇ ਅਤਿ ਅਗਿਆਨ ਤੇ ਓਹ ॥ ਮੋਹ ਜਾਲ ਮੈ ਬਾਧੇ ਸੋ ॥ ਕਾਂਮ ਭੋਗ ਕੇ ਮਾਂਹਿ ਪ੍ਰਬੀਨ ॥ ਅਪਵਿਤ੍ਰ ਰਹੈ ਨਰਕ ਮੈ ਲੀਨ ॥੨੯॥ ਅਬ ਭੀ ਨਰਕ ਮਾਂਹਿ ਵਹੁ ਰਹੈ ॥ ਆਗੇ ਭੀ ਨਰਕ ਕੌ ਲਹੈ ॥ ਅਬ ਸੁਨ ਜਗ ਵਹੁ ਕੈਸੇ ਕਰੇ ॥ ਭਲਾ ਖਾਂਵਨ ਨਮਿਤ ਮਨ ਧਰੇ ॥੩੦॥ ਸਾਸਤ੍ਰ ਵਿਧਿ ਕੋ ਜਾਨਤ ਨਾਹੀ ॥ ਹੰਕਾਰ ਗਰਬ ਤੇ ਵਿਆਕੁਲ ਆਹੀ ॥ ਐਸੇ ਜੋ ਪਾਖੰਡੀ ਲੋਕ ॥ ਬੂਡੈ ਰਹੇ ਸਮੰਦ੍ਰ ਸੋਕ ॥੩੧॥ ਬਹੁਤ ਕਾਂਮ ਕ੍ਰੋਧ ਤਿਨ ਮਾਹਿ ॥ ਆਤਮ ਰਾਮ ਕੋ ਜਾਨਤ ਨਾਹਿ ॥ ਜੋ ਪ੍ਰਭ ਸਰਬ ਬਿਆਪੀ ਅਹੈ ॥ ਤਿਸ ਕੀ ਨਿੰਦਾ ਵਹੁ ਨਿਤ ਕਹੈ ॥੩੨॥ ਸਭ ਦੇਹੋ ਕੋ ਵਹੁ ਦੁਖ ਦੇਵੈ ॥ ਮੇਰਾ ਨਾਮ ਨ ਕਬਹੂੰ ਲੇਵੈ ॥ ਮਾਨੁਖ ਬੀਜ ਅਸੁਰ ਜੋ ਆਹਿ ॥ ਆਵਾਗਵਨ ਮੈ ਤਿਨ ਕੋ ਪਾਹਿ ॥੩੩॥ ਚਉਰਾਸੀ ਲਖ ਜੋਨ ਮੈ ਪੜੇ ॥ ਜਨਮ ਜਨਮ ਦੁਖੀ ਵਹੁ ਫਿਰੈ ॥ ਐਸੇ ਸੁਭਾਵ ਹੋਇ ਜਿਸ ਮਾਹੀ ॥ ਸੋ ਮਾਨੁਖ ਹੈ ਦੈਤ ਕਹਾਹੀ ॥੩੪॥ ਮੁਝ ਆਤਮ ਕੋ ਵਹੁ ਨਾ ਪਾਵਹਿ ॥ ਬਾਰੰਬਾਰ ਜਨਮ ਮੈ ਆਵਹਿ ॥ ਤੀਨ ਦ੍ਵਾਰ ਦੇਹ ਕੇ ਮਾਂਹਿ ॥ ਕਾਂਮ ਕ੍ਰੋਧ ਲੋਭ ਜੋ ਆਹਿ ॥੩੫॥ ਸੋ ਤੀਨੋ ਦ੍ਵਾਰ ਨਰਕ ਹੈ ਮੀਤ ॥ ਤਿਨ ਕਾ ਤਿਆਗ ਪਾਰਥ ਧਰਿ ਚੀਤ

॥ ਮੁਕਤਾ ਜੋ ਤੀਨੋ ਤੇ ਹੋਇ ॥ ਪਰਮ ਗਤ ਕੋ ਪਾਵੈ ਸੋਇ ॥੩੬॥ ਤੂੰ ਭੀ ਤਿਨ ਕੋ ਬੇਗ ਤਿਆਗ ॥ ਆਤਮ ਤਤ ਮੈ ਨਿਸਦਿਨ ਲਾਗ ॥ ਮੈ ਯਹਿ ਬੁਧ ਸਾਸਤ੍ਰ ਜੋ ਕਹਾ ॥ ਜਿਸ ਇਹ ਬੀਚਾਰ ਮਨ ਮੌ ਗਹਾ ॥੩੭॥ ਅਪਨੀ ਬੁਧ ਮੈ ਵਰਤੈ ਜੋਇ ॥ ਤਪਸਿਆ ਦਾਂਨ ਕਰੇ ਨਿਤ ਸੋਇ ॥ ਤਿਨ ਕਾ ਫਲੁ ਵਹੁ ਦੁਖ ਬਹੁ ਪਾਵੈ ॥ ਆਵਾਗਵਨ ਮਾਹਿ ਨਿਤ ਆਵੈ ॥੩੮॥ ਦੋਹਰਾ ॥ ਯਹਿ ਸਾਸਤ੍ਰ ਜੋ ਮੈ ਕਹਿਆ  ਸਮਝੇ ਗਿਆਨੀ ਮੀਤ ॥ ਦੇਵ ਸੁਭਾਉ ਕੇ ਕਰਮ ਸਭ  ਕਰਤੇ ਹੈ ਵਹੁ ਨੀਤ ॥੩੯॥ ਦੋਹਰਾ ॥ ਅਤਿ ਸੁਖ ਪਾਵਹਿ ਨਿਤ ਵਹੁ  ਜਿਨ ਕੇ ਦੇਵ ਸੁਭਾਵ ॥ ਦੇਵ ਸੁਭਾਉ ਮੈਂ ਬਹੁਤ ਸੁਖ  ਹੇ ਅਰਜਨ ਚਿਤ ਲਾਵ ॥੪੦॥

## ਟੀਕਾਕਾਰਵਾਚ ॥

ਚਉਪਈ ॥ ਬਿਭਾਗ ਜੋਗ ਖਟ ਦਸਮਾ ਧਿਆਇ ॥ ਤਿਸ ਕੀ ਭਾਖਾ ਕਹੀ ਸੁਨਾਇ ॥ ਦੋਊ  ਸੁਭਾਇ ਪ੍ਰਤਖ ਇਸ ਮਾਂਹੀ ॥ ਦੇਉ ਸੁਭਾਉ ਖਾਲਸੇ ਮੈ ਆਹੀ ॥੪੧॥ ਰਹਤ ਖਾਲਸੇ ਕੀ ਦੇਵ ਸੁਭਾਇ ॥ ਖਾਲਾਸਾ ਵਹੀ ਜੋ ਮਨ ਮੈ ਲਾਇ ॥ ਏਕ ਅਕਾਲ ਜਾਨੈ ਵਹੁ ਨੀਤ ॥ ਬੈਰ ਭਾਉ ਨਹੀ ਰਾਖੈ ਚੀਤ ॥੪੨॥ ਦੇਵ ਸੁਭਾਉ ਮੈ ਵਹੁ ਨਿਤ ਰਹੈ ॥ ਏਕ ਅਦ੍ਵੈਤ ਬ੍ਰਹਮ ਸਭ ਲਹੈ ॥ ਜਗਤ ਲੋਕ ਕੋ ਮੂਲ ਨ ਦੇਖੈ ॥ ਖਾਲਸਾ ਏਕੋ ਗੋਬਿੰਦ ਪੇਖੈ ॥੪੩॥ ਜੇਤੇ ਨਾਮ ਜਗਤ ਕੇ ਮਾਹੀਂ ॥ ਸੋ ਸਭ ਵਾਸਦੇਵ ਕੋ ਆਹੀ ॥ ਦਿਸਟ ਅਦਿਸਟ ਬਾਰਤਾ ਜਾਨੈ ॥ ਸੋ ਸਭ ਏਕ ਗੋਬਿੰਦ ਪਹਿਚਾਨੈ ॥੪੪॥ ਸਤ ਅਸਤ ਜਹਾ ਲਉ ਦੀਸੈ ॥ ਸਭ ਹੀ ਏਕ ਗੋਬਿੰਦ ਕੋ ਭੇਸੈ ॥ ਸੰਸਾਰ ਮਾਹਿ ਜੋ ਬੋਲੇ ਵਰਤੇ ॥ ਸਭ ਮੈ ਏਕ ਗੋਬਿੰਦ ਜੀ ਕਰਤੇ ॥੪੫॥ ਧਰਨ ਅਕਾਸ ਦਿਸਾ ਜੋ ਭਾਇ ॥ ਸੋ ਸਭ ਹੀ ਇਕ ਗੋਬਿੰਦ ਰਾਇ ॥ ਪਸ ਪੰਖੀ ਅਰ ਵਣ ਤ੍ਰਿਣ ਲੋਕ ॥ ਏਕ ਗੋਬਿੰਦ ਸਭੀ ਕਛੁ ਹੋਗ ॥ ਦੇਖਨ ਸੁਨਨ ਅਰ ਜੋ ਕਛੁ ਅਹੈ ॥ ਸੋ ਸਭ ਏਕ ਗੋਬਿੰਦ ਹੀ ਲਹੈ ॥੪੬॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਦੇਵ ਅਸੁਰ ਸੰਪਦ ਵਿਭਾਗ ਯੋਗੋ ਨਾਮ ਸੋਲਵਾਂ ਧਿਆਇ ॥੧੬॥੧੫੫੯॥

**ਆਗੇ ਧਿਆਇ ਸਤਾਰਵਾਂ ਚਲਿਆ ॥**

## ਅਰਜਨੋਵਾਚ ॥

ਦੋਹਰਾ ॥ ਅਰਜਨ ਸ਼੍ਰੀ ਭਗਵਾਂਨ ਪੈ ਪ੍ਰਸਨ ਕਰਤ ਹੈ ਏਹ ॥ ਹੇ ਮਾਧਵ ਹੇ ਰਿਖੀਕੇਸ ਹੇ ਬਾਸਦੇਵ ਸਰਬੇਹ ॥੧॥ ਦੋਹਰਾ ॥ ਸਾਸਤ੍ਰ ਬਿਧ ਜੋ ਤੁਮ ਕਹੀ ਸੋ ਬਿਧ ਕੈਸੇ ਹੋਇ ॥ ਮੈ ਸਮਝੀ ਹੈ ਏਕ ਬਿਧ ਅਬ ਭਾਖੋ ਵਹਿ ਸੋਇ ॥੨॥ ਦੋਹਰਾ ॥ ਤੁਮ ਜੋ ਈਸਰ ਜਗਤ ਕੇ ਪ੍ਰਭ ਅਕਾਲ ਸਰੂਪ ॥ ਸੁਖ ਦਾਤਾ ਹੋ ਸਭਨ ਕੇ ਤੂ ਹੈ ਰੰਕ ਅਰੁ ਭੂਪ ॥੩॥ ਦੋਹਰਾ ॥ ਐਸੇ ਜੋ ਤੁਮ ਜਾਨਕੇ ਸਰਨੀ ਆਵੈ ਲੋਕ ॥ ਸਿਮਰਨ ਤੁਮਰਾ ਨਿਤ ਕਰੇ ਯਹਿ ਬਿਧ ਸਾਸਤ੍ਰ ਜੋਗ ॥੪॥ ਦੋਹਰਾ ॥ ਪਹਿਚਾਨੇ ਜੋ ਨਾਹਿ ਤੁਮ ਸੋ ਬਿਧ ਸਾਸਤ੍ਰ ਤਿਆਗ ॥ ਵਹੁ ਮੂਰਖ ਹਰਿ ਛਾਡ ਕੇ ਬਿਖਿਓ ਕੇ ਸੰਗ ਲਾਗ ॥੫॥ ਦੋਹਰਾ ॥ ਸਾਸਤ੍ਰ ਬਿਧ ਜਿਨ ਤਿਆਗ ਕੇ ਅਰ ਪੂਜਾ ਸੋ ਪ੍ਰੀਤ ॥ ਵਹੁ ਨਰ ਵਰਤੇ ਕਵਨ ਗੁਨ ਤਿਨ ਕੀ ਭਾਖੋ ਰੀਤ ॥੬॥ ਦੋਹਰਾ ॥ ਸਾਂਤਕ ਰਾਜਸ ਮਾਂਹਿ ਵਹੁ ਯਾ ਤਾਂਮਸ ਮੈ ਭਾਵ ॥ ਹੇ ਮਧਸੂਦਨ ਪਾਰਬ੍ਰਹਮ ਸੋ ਸਭ ਮੁਝੇ ਸੁਨਾਵ ॥੭॥

## ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਅਰਜਨ ਕੋ ਕੇਸਵ ਕਹੇ ਹੇ ਪਾਰਥ ਚਿਤ ਲਾਉ ॥ ਸਰਧਾ ਪੂਜਾ ਜੋ ਕਰੇ ਤਿਸ ਹੀ ਤੀਨ ਸੁਭਾਉ ॥੮॥ ਦੋਹਰਾ ॥ ਦੇਹਧਾਰੀ ਮਾਨੁਖ ਜੋ ਵਰਤੇ ਤੀਨੋ ਮਾਹਿ ॥ ਸਾਂਤਕ ਰਾਜਸ ਤਾਮਸੀ ਯਹਿ ਤੀਨੋ ਗੁਨ ਆਹਿ ॥੯॥ ਦੋਹਰਾ ॥ ਜਿਸ ਗੁਨ ਮੈ ਮਾਨੁਖ ਹੋ ਸੋ ਸਰਧਾ ਤਿਹੰ ਮਾਂਹਿ ॥ ਯਹਿ ਸਭ ਨਰ ਤੂੰ ਦੇਖਤਾ ਭਿੰਨ ਭਿੰਨ ਦਿਸਟ ਯਹਿ ਆਹਿ ॥੧੦॥ ਦੋਹਰਾ ॥ ਇਸਟ ਪੂਜਾ ਜਿਨ ਨਾਹਿ ਕੋ ਸੋ ਮਾਨਸ ਪਸੁ ਜਾਂਨ ॥ ਸੁਭਾਉ ਜੋ ਤੀਨੋ ਗੁਨੋ ਕੇ ਭਿੰਨ ਭਿੰਨ ਕਰੋ ਬਖਾਨ ॥੧੧॥ ਦੋਹਰਾ ॥ ਸਾਂਤਕ ਗੁਨ ਜਿਹ ਨਰੋ ਮੈ ਦੇਵ ਪੂਜ ਹੈ ਸੋਇ ॥ ਰਾਖਸ ਜਖ ਜੋ ਪੂਜਤੇ ਸੋ ਰਾਜਸ ਗੁਨ ਹੋਇ ॥੧੨॥ ਦੋਹਰਾ ॥ ਪੂਜਨ ਭੂਤ ਪ੍ਰੇਤ ਕਾ ਸੋ ਹੈ ਤਾਮਸ ਮਾਂਹਿ ॥ ਤੀਨ ਪ੍ਰਕਾਰ

ਜੋ ਤਪ ਕਰੇ ਅਬ ਫੁਨ ਭਾਖੌਂ ਤਾਹਿ ॥੧੩॥ ਦੋਹਰਾ ॥ ਜੋ ਸਾਸਤ੍ਰ ਮੈ ਕਹੇ ਨਾਹਿ ਜਿਹ ਦੇਖੇ ਡਰ ਆਹਿ ॥ ਇਸ ਤਪ ਕੋ ਜੋ ਨਰ ਕਰੇ ਸੋ ਤਾਮਸ ਚਿਤ ਲਾਇ ॥੧੪॥ ਦੋਹਰਾ ॥ ਕਰੇ ਤਪਸਿਆ ਦੇਹ ਸੌਂ ਲੋਕ ਦਿਖਾਵੈ ਓਹੁ ॥ ਅਹੰਕਾਰ ਮੈ ਲੀਨ ਹੈ ਫਲ ਬਾਛਾ ਮਨ ਹੋਹੁ ॥੧੫॥ ਦੋਹਰਾ ॥ ਦੁਖ ਦੇਵੇ ਵਹਿ ਦੇਹ ਕੌਂ ਐਸੇ ਮੂਰਖ ਅਗਿ ॥ ਬਿਆਪਿਆ ਮੈ ਜੋ ਰੋਮ ਰੋਮ ਨਾ ਦੇਖੇ ਕਰਿਤਗਿ ॥੧੬॥ ਦੋਹਰਾ ॥ ਦੁਖ ਦੇਵੇ ਵਹੁ ਨਰ ਮੁਝੇ ਅਸੁਰ ਸੁਭਾਉ ਜਿਹ ਹੋਇ ॥ ਤਾਮਸ ਤਪ ਜੋ ਨਰ ਕਰੇ ਹੈਨ ਦੈਤ ਵਹਿ ਸੋਇ ॥੧੭॥ ਦੋਹਰਾ ॥ ਸਭ ਕੋ ਪਿਆਰਾ ਅਹਾਰ ਜੋ ਸੋ ਹੈ ਤੀਨ ਪ੍ਰਕਾਰ ॥ ਜਗ ਤਪਸਿਆ ਦਾਨ ਫੁਨ ਤ੍ਰੈਬਿਧ ਮਨ ਮਹਿ ਧਾਰ ॥੧੮॥ ਚੌਪਈ ॥ ਸਾਂਤਕ ਅਹਾਰ ॥ ਤੀਨ ਪ੍ਰਕਾਰ ਅਹਾਰ ਜੋ ਆਹਿ ॥ ਜੀਉ ਵਰਤੇ ਹੈ ਤੀਨੌ ਮਾਂਹਿ ॥ ਤਪਸਿਆ ਜਗ ਜੋ ਤੀਨ ਪ੍ਰਕਾਰ ॥ ਭਿੰਨ ਭਿੰਨ ਤਿਨ ਕਾ ਕਰੌ ਬੀਚਾਰ ॥੧੯॥ ਸਾਂਤਕੀ ਅਹਾਰ ਪ੍ਰਿਥਮ ਯਿਉ ਕਹੌ ॥ ਜਿਨ ਅਹਾਰ ਤੇ ਅਤਿ ਸੁਖ ਲਹੌ ॥ ਸਾਂਤਕੀ ਅਹਾਰ ਜੋ ਕੋ ਨਰ ਖਾਇ ॥ ਆਰਬਲਾ ਨਰ ਸੋ ਪੁਰਖ ਵਧਾਇ ॥੨੦॥ ਤਿਸ ਖਾਏ ਤੇ ਪ੍ਰਸੰਨ ਨਰ ਹੋਇ ॥ ਦੇਹਿ ਮਾਂਹਿ ਦੁਖ ਰਹੈ ਨ ਕੋਇ ॥ ਯਹਿ ਭੋਜਨ ਜੋ ਖਾਵੈ ਭਾਈ ॥ ਪ੍ਰੀਤ ਵਧੈ ਅਰ ਬਹੁ ਸੁਖ ਪਾਈ ॥੨੧॥ ਸਾਂਤਕੀ ਭੋਜਨ ਐਸਾ ਹੋਇ ॥ ਰਸ ਭਰਿਆ ਅਰ ਚਿਕਨਾ ਸੋਇ ॥ ਜਿਸ ਖਾਇ ਤੇ ਮਨ ਠਹਰਾਇ ॥ ਸਾਂਤਕੀ ਅਹਾਰ ਵਹੀ ਚਿਤ ਲਾਇ ॥੨੨॥ ਰਾਜਸੀ ਅਹਾਰ ॥ ਰਾਜਸੀ ਅਹਾਰ ਸੁਨੋ ਅਬ ਮੀਤ ॥ ਕਉੜਾ ਖਾਟਾ ਰਾਖੋ ਚੀਤ ॥ ਤਿਰਖਾ ਬਹੁਰ ਸਲੋਨਾ ਹੋਇ ॥ ਖਾਏ ਤੇ ਦੁਖ ਪਾਵੈ ਸੋਇ ॥ ੨੩॥ ਚਿੰਤਾਤਰ ਤਿਸ ਤੇ ਨਰ ਰਹੇ ॥ ਦੇਹਿ ਬਿਖੇ ਰੋਗੁ ਨਿਤ ਲਹੇ ॥ ਐਸਾ ਅਹਾਰ ਰਾਜਸੀ ਕਹੀਐ ॥ ਜਿਸ ਖਾਏ ਤੇ ਦੁਖ ਸੁਖ ਲਹੀਐ ॥੨੪॥ ਤਾਮਸੀ ਅਹਾਰ ॥ ਚੌ ॥ ਤਾਮਸੀ ਅਹਾਰ ਕੋ ਐਸੇ ਜਾਨੋ ॥ ਬਾਸੀ ਜੂਠਾ ਫੀਕਾ ਮਾਨੋ ॥ ਤਾਮਸੀ ਨਰ ਯਹਿ ਭੋਜਨ ਭਾਵੈ ॥ ਅਗਿਆਨ ਦੁਖ ਦੇਹ

ਮਾਹਿ ਵਧਾਵੈ ॥ ਜਗ ਪ੍ਰਕਾਰ ਅਬ ਐਸੇ ਕਹੌ ॥ ਤੀਨ ਭਾਂਤ ਕਾ ਜਗ ਮੈਂ ਲਹੌ ॥੨੫॥ ਦੋਹਰਾ ॥ ਫਲ ਬਾਛਾ ਰਿਦ ਕਛੂ ਨਾਹਿ ਸਾਸਤ੍ਰ ਵਿਧ ਜੋ ਹੋਇ ॥ ਮਨ ਮੋ ਕਹੈ ਯਹਿ ਜਗ ਮੁਝੇ ਕਰਨਾਂ ਜੋਗ ਹੈ ਸੋਇ ॥੨੬॥ ਦੋਹਰਾ ॥ ਸਾਵਧਾਂਨ ਮਨ ਹੋਇ ਕਰਿ ਕਰਮੋ ਪ੍ਰੀਤ ਲਗਾਇ ॥ ਸਾਂਤਕ ਜਗ ਇਸ ਭਾਂਤ ਹੈ ਕਰੈ ਜੋ ਕੋ ਮਨ ਲਾਇ ॥੨੭॥ ਦੋਹਰਾ ॥ ਦਿਖਾਵਨ ਲੋਕ ਨਮਿਤ ਕੋ ਫਲ ਜਗ ਮਨ ਮੋ ਧਰੇ ॥ ਰਾਜਸ ਜਗ ਵਹਿ ਆਖੀਐ ਜੋ ਨਰ ਐਸਾ ਕਰੇ ॥੨੮॥ ਦੋਹਰਾ ॥ ਆਤਮਵੇਤਾ ਵਹੁ ਨਹੀ ਅਰ ਬਿਧ ਸਾਸਤ੍ਰ ਨਹੀ ਹੋਇ ॥ ਐਸਾ ਜਗ ਜੋ ਨਰ ਕਰੇ ਤਾਮਸੀ ਜਾਨੋ ਸੋਇ ॥੨੯॥ ਮੰਗਲ ਛੰਦ ॥ ਤਪਸਿਆ ਸੁਨੋ ਅਬ ਤ੍ਰੈ ਭਾਂਤ ॥ ਜੋ ਕਰੈ ਆਵੈ ਸਾਂਤ ॥ ਮਨ ਬਚਨ ਦੇਹ ਤੇ ਹੋਇ ॥ ਯਹਿ ਤੀਨ ਭਾਂਤ ਹੈ ਸੋਇ ॥੩੦॥ ਪ੍ਰਿਥਮੇ ਦੇਹ ਤਪ ਤੂੰ ਜਾਨ ॥ ਸੋਚ ਇਸਨਾਂਨ ਦਾਤਨ ਜਾਨ ॥ ਜੋ ਹਰਿ ਸਰਬ ਬਿਆਪੀ ਅਹੈ ॥ ਤਿਸ ਕੀ ਪੂਜ ਕੋ ਵਹੁ ਚਹੈ ॥੩੧॥ ਬ੍ਰਹਮਨ ਗਊ ਜੋ ਹੈ ਮੀਤ ॥ ਤਿਨ ਕੀ ਪੂਜ ਮੈ ਤਿਹ ਪ੍ਰੀਤ ॥ ਜਗ ਸਭ ਬ੍ਰਹਮ ਜਾਨੈ ਸੋਇ ॥ ਬ੍ਰਹਮ ਨਾਮ ਤਿਸ ਕਾ ਹੋਇ ॥੩੨॥ ਦਿਖਾਵਹਿ ਬ੍ਰਹਮ ਜੋ ਘਟ ਮਾਹਿ ॥ ਤਿਸ ਕਾ ਨਾਮ ਗੁਰ ਪ੍ਰਭ ਆਹਿ ॥ ਜਿਸ ਕੀ ਬੁਧ ਸ੍ਰੇਸਟ ਹੋਇ ॥ ਤਿਸ ਕੌ ਪੂਜਤਾ ਹੈ ਸੋਇ ॥੩੩॥ ਜੋ ਗ੍ਰਿਸਤ ਹੋ ਤਿਸ ਪ੍ਰੀਤ ॥ ਪ੍ਰਾਈ ਤੀਆ ਨ ਰਾਖੇ ਚੀਤ ॥ ਪਰ ਇਸਤ੍ਰੀ ਸੰਗਿ ਸਪਰਸ ਨ ਕਰੇ ॥ ਅਪਨੇ ਗ੍ਰਹਿ ਬਿਖੇ ਮਨ ਧਰੇ ॥੩੪॥ ਅਰ ਜੋ ਤਿਆਗ ਜਗ ਤੇ ਲੇਇ ॥ ਦੇਹਿ ਤੇ ਸੁਕ੍ਰ ਗਿਰਨ ਨ ਦੇਇ ॥ ਇਸਥਾਵਰ ਜੰਗਮ ਦੀਸੈ ਜੋਇ ॥ ਤਿਨ ਤੇ ਨਾ ਦੁਖਾਵੈ ਕੋਇ ॥੩੫॥ ਬ੍ਰਹਮਚਰਜ ਕੀ ਯਹਿ ਬਾਤ ॥ ਪੀਛੇ ਕਹੀ ਜੋ ਮੈ ਤਾਤ ॥ ਤਪਸਿਆ ਦੇਹਿ ਕੀ ਯਹਿ ਹੋਇ ॥ ਅਬ ਤਪ ਬਚਨ ਕਾ ਸੁਨ ਸੋਇ ॥੩੬॥ ਸੁਨਨੇਹਾਰ ਦੁਖ ਨ ਲਹੈ ॥ ਐਸਾ ਬਚਨ ਮੁਖ ਸੋ ਕਹੇ ॥ ਅਰ ਸਤਿ ਤਿਸ ਮਹਿ ਹੋਇ ॥ ਅਰੁ ਪ੍ਰੀਤ ਸੋ ਹੈ ਜੋਇ ॥੩੭॥ ਸੁਖਦਾਇਕ ਸੀਲ

ਬੋਲੈ ਮੀਤ ॥ ਮੇਰੀ ਮਹਿਮਾ ਗਾਵਹਿ ਨੀਤ ॥ ਗਾਵੈ ਪੜੈ ਮੇਰੀ ਬਾਤ ॥ ਤਪ ਯਹਿ ਬਚਨ ਕਾ ਹੈ ਤਾਤ ॥੩੮॥ ਮਨ ਕਾ ਤਪ ਅਬ ਸੁਨ ਯਾਰ ॥ ਪ੍ਰਿਥਮੇ ਕਰੇ ਬ੍ਰਹਮ ਬੀਚਾਰ ॥ ਪ੍ਰਸੰਨ ਕਰੇ ਮੁਝ ਕੋ ਮੀਤ ॥ ਮੁਝ ਸੋ ਰਾਖਤਾ ਨਿਤ ਪ੍ਰੀਤ ॥੩੯॥ ਮਨ ਕੋ ਮੋਨ ਰਾਖੇ ਨਿਤ ॥ ਚਾਹੇ ਨਾਂਹਿ ਕਛੁ ਤਿਸ ਚਿਤ ॥ ਮਨ ਰਖੇ ਮੇਰੇ ਮਾਂਹਿ ॥ ਜਾਨੇ ਏਕ ਹਰਿ ਸਭ ਆਹਿ ॥੪੦॥ ਨਿਕਲੇ ਸ੍ਵਾਸ ਤਿਸ ਕਾ ਜੋ ॥ ਅਜਪਾ ਜਾਪ ਜਾਪੈ ਸੋ ॥ ਅਹੰ ਕੋ ਸ੍ਵਾਸ ਵੜਤੇ ਗਹੈ ॥ ਹੰਸਾ ਜਾਪ ਨਿਕਸਤ ਕਹੈ ॥੪੧॥ ਤਪ ਮਨ ਬਚਨ ਕੀ ਯਹਿ ਰੀਤ ॥ ਸੋ ਸੁਨ ਸਭੀ ਰਾਖੋ ਚੀਤ ॥ ਤਪਸਿਆ ਹੈ ਜੋ ਤ੍ਰੈ ਪ੍ਰਕਾਰ ॥ ਤਿਸ ਕਹੌਂ ਅਬ ਬੀਚਾਰ ॥੪੨॥ ਦੋਹਰਾ ॥ ਤਪ ਕਰੈ ਫਲ ਨਾ ਚਹੈ  ਸੋ ਸਾਂਤਕ ਤਪ ਜਾਨ ॥ ਸਦਾ ਤਿਆਗੀ ਜਗਤ ਸੋ  ਮਨ ਮੈਂ ਰਾਮ ਪਛਾਂਨ ॥੪੩॥ ਦੋਹਰਾ ॥ ਅਪਨੀ ਪੂਜਾ ਕੇ ਨਮਿਤ  ਕਰਤਾ ਤਪ ਪਾਖੰਡ ॥ ਭਲਾ ਕਹਾਵੈ ਜਗਤ ਮੋ  ਸੋ ਰਾਜਸ ਪ੍ਰਚੰਡ ॥੪੪॥ ਦੋਹਰਾ ॥ ਸੋ ਤਪ ਰਾਜਸ ਥਿਰ ਨਹੀ  ਦੁਖ ਹੈ ਤਿਸ ਕੌ ਮੂਲ ॥ ਐਸਾ ਤਪ ਜੋ ਦੇਹ ਕਾ  ਮਤ ਕੋ ਕਰਹੋ ਭੂਲ ॥੪੫॥ ਦੋਹਰਾ ॥ ਮੂਰਖਮਤ ਜੋ ਤਪ ਕਰੈ  ਸੋ ਤਪ ਬਹੁ ਦੁਖ ਦੇਹਿ ॥ ਕਰਤੇ ਹੀ ਜਿਸ ਦੁਖ ਲਹੇ  ਫਲ ਤਿਸ ਕਾ ਦੁਖ ਲੇਹਿ ॥੪੬॥ ਦੋਹਰਾ ॥ ਬੁਰਾਈ ਕਿਸੇ ਨਮਿਤ ਕੌ  ਐਸਾ ਜੋ ਤਪ ਹੋਇ ॥ ਜਿਸ ਤੇ ਬਪ ਕੌ ਹੋਇ ਦੁਖ  ਤਾਮਸ ਜਾਨੌ ਸੋਇ ॥੪੭॥ ਦੋਹਰਾ ॥ ਤੀਨ ਪ੍ਰਕਾਰ ਕੇ ਦਾਨ ਸੁਨ  ਜੈਸੇ ਆਖੌ ਤੋਹਿ ॥ ਕਹੇ ਮੁਝ ਕਰਨਾ ਜੋਗ ਹੈ  ਜੋ ਸਾਸਤ੍ਰ ਬਿਧ ਹੋਇ ॥੪੮॥ ਦੋਹਰਾ ॥ ਤਿਸ ਬ੍ਰਹਮਨ ਕੋ ਦਾਨ ਕਰਿ  ਮਿਲੈ ਨਹੀ ਜਿਸ ਫੇਰ ॥ ਉਪਕਾਰ ਜਗ ਤਨ ਹੋਇ ਤਿਸ  ਸਭ ਸਾਧੋ ਕਾ ਮੇਰ ॥੪੯॥ ਦੋਹਰਾ ॥ ਪਹਿਲੇ ਠਉਰ ਪਵਿਤ੍ਰ ਮੈ  ਕੀਜੈ ਐਸਾ ਦਾਂਨ ॥ ਪਵਿਤ੍ਰ ਅਰ ਨਿਰਾਹਾਰ ਸੋ  ਦੀਜੈ ਸਾਧ ਪਛਾਂਨ ॥੫੦॥ ਦੋਹਰਾ ॥ ਕੁਸਲੀ ਕਰਮ ਬੁਧਵਾਨ  ਐਸਾ ਬ੍ਰਹਮਨ ਹੋਇ ॥ ਬ੍ਰਹਮ ਜਾਨੇ ਜੋ ਰਿਦੇ ਮੋ  ਤਿਸ ਦੀਜੈ ਯਹਿ ਸੋਇ ॥੫੧॥

ਦੋਹਰਾ ॥ ਐਸੀ ਭਾਂਤ ਜੋ ਦੀਜੀਐ  ਸੋ ਸਾਤਕ ਹੈ ਦਾਂਨ ॥ ਤਿਸ ਤੇ ਨਰ ਅਤਿ ਸੁਖ ਲਹੇ  ਆਤਮ ਹੋਇ ਪਹਿਚਾਨ ॥੫੨॥ ਸੰਸਾਰ ਮਾਇਆ ਉਪਕਾਰ ਕਛੁ  ਜਿਸ ਬ੍ਰਹਮਨ ਮੈ ਹੋਇ ॥ ਤਿਸ ਕੋ ਦੇਵੈ ਦਾਨ ਵਹੁ  ਫਲ ਤਿਸ ਚਾਹੈ ਜੋਇ ॥੫੩॥ ਦੋਹਰਾ ॥ ਸੋ ਫਲ ਪਾਵੈ ਰਾਮ ਤੇ  ਅਰ ਪੀਛੇ ਹੋ ਕਲਿਆਂਨ ॥ ਐਸੀ ਬਿਧ ਕਾ ਦਾਨ ਜੋ  ਸੋ ਤੂੰ ਰਾਜਸ ਜਾਨ ॥੫੪॥ ਦੋਹਰਾ ॥ ਠਉਰ ਸਮਾਨ ਅਪਵਿਤ੍ਰ ਹੋਇ ਅਪਾਤ੍ਰ ਦੀਜੈ ਦਾਨ ॥ ਐਸਾ ਦਾਨ ਅਗਿਆਨ ਤੇ  ਸੋ ਤੂੰ ਤਾਮਸ ਜਾਨ ॥੫੫॥ ਦੋਹਰਾ ॥ ਦਾਨ ਕਰਤ ਨਰ ਯਿਉ ਕਹੇ  ਮੁਝ ਤੇ ਕਛੂ ਨ ਹੋਇ ॥ ਦੇਵੈ ਲੇਵੈ ਏਕ ਹਰਿ  ਤਿਸ ਬਿਨ ਅਵਰ ਨ ਕੋਇ ॥੫੬॥ ਦੋਹਰਾ ॥ ਅਹੰਭਾਉ ਕੋ ਦੂਰ ਕਰ  ਐਸਾ ਕਰਤਾ ਦਾਨ ॥ ਸੋ ਦਾਨ ਅਤਿ ਸ੍ਰੇਸਟ ਹੈ  ਤਿਸ ਤੇ ਉਪਜੈ ਗਿਆਂਨ ॥੫੭॥ ਦੋਹਰਾ ॥ ਸਭ ਮੈਂ ਰਵਿਆ ਏਕ ਹਰਿ  ਤਿਸ ਬਿਨ ਅਵਰ ਨ ਕੋਇ ॥ ਤਾਤੇ ਸਭੀ ਪਵਿਤ੍ਰ ਹੈ  ਦੂਸਰ ਹੋਆ ਨ ਹੋਇ ॥੫੮॥ ਦੋਹਰਾ ॥ ਸਮਾਨ ਵਰਤੇ ਤਿਸ ਇਛ ਮੈਂ  ਸਭ ਕੋ ਪਾਵੈ ਸੁਖ ॥ ਤਿਸ ਕੀ ਇਛ ਜੋ ਵਰਤਦਾ  ਤਿਸ ਮੈ ਨਾਹੀ ਦੁਖ ॥੫੯॥ ਦੋਹਰਾ ॥ ਜਾਨੈ ਸਗਲਾ ਬ੍ਰਹਮ ਹੈ  ਖਾਨ ਪੀਨ ਕਛੁ ਨਾਂਹਿ ॥ ਜੋ ਕੋ ਐਸਾ ਜਾਨਤਾ  ਸੋ ਨਿਰਾਹਾਰ ਕਹਾਹਿ ॥੬੦॥ ਦੋਹਰਾ ॥ ਹਰਿ ਸੰਸਾਰ ਏਕ ਰੂਪ ਹੈ  ਤਿਸ ਮੇ ਦੇਨ ਨ ਲੇਇ ॥ ਗੋਬਿੰਦ ਏਕੋ ਪਸਰਿਆ  ਆਪ ਆਪ ਕੋ ਦੇਇ ॥੬੧॥

## ਸ਼੍ਰੀ ਭਗਵਾਨੋਵਾਚ ॥

ਚਉਪਈ ॥ ਈਸਰ ਅਬਿਨਾਸੀ ਕੀ ਬਾਤ ॥ ਅਬ ਤੁਝ ਕਹਿਤਾ ਹੌ ਸੁਨ ਤਾਤ ॥ ਪਰਮ ਬ੍ਰਹਮ ਓਅੰ ਜਬ ਕਹਿਆ ॥ ਤਿਸ ਇਛਿਆ ਤੇਂ ਸਭੁ ਕਛੁ ਭਇਆ ॥੬੨॥ ਉਪਜਾਵਨ ਜਗ ਕਾਰਨ ਭਾਈ ॥ ਬ੍ਰਹਮਾ ਭਇਓ  ਜਿਨ ਜਗ ਉਪਜਾਈ ॥ ਸੰਖਾਰ ਨਮਿਤ ਸੰਸਾਰ ਕੋ ਜਾਨੋ ॥ ਮਹਾਂ ਰੁਦ੍ਰ ਪ੍ਰਗਟ ਪਹਿਚਾਨੋ ॥੬੩॥ ਤਿਨ ਹੀ ਬ੍ਰਹਮ ਇਹ ਸਭ

ਉਪਜਾਏ ॥ ਬ੍ਰਹਮਨ ਬੇਦ ਅਰੁ ਕਰਮ ਬਨਾਏ ॥ ਜਗ ਜੁਗਤ ਸਭ ਬਿਧ ਤਿਨ ਕਰੀ ॥ ਉਪਜਾਇਓ ਦਾਨ ਤਪਸਿਆ ਹਰੀ ॥੬੪॥ ਬ੍ਰਹਮਬੇਤਾ ਜੋ ਪੰਡਿਤ ਆਹੀ ॥ ਐਸਾ ਜਾਨ ਵਰਤੇ ਮਨ ਮਾਹੀ ॥ ਬੇਦ ਪਾਠੀ ਐਸੇ ਪਹਿਚਾਨੇ ॥ ਜੋ ਹੋਇ ਸੋ ਹਰਿ ਤੇ ਮਾਨੇ ॥੬੫॥ ਜਿਨ ਕੋ ਮੁਕਤ ਚਾਹ ਹੈ ਮੀਤ ॥ ਅਜ ਤਨ ਮੁਕਤ ਨ ਰਾਖੈ ਚੀਤ ॥ ਕਹੇ ਬੰਧ ਹੈ ਹਮ ਜਗ ਮਾਹੀ ॥ ਮੁਕਤ ਆਸ ਵਹਿ ਨਿਤ ਕਰਾਹੀ ॥੬੬॥ ਕਰਨ ਤਪਸਿਆ ਅਰ ਜਗ ਦਾਨ ॥ ਐਸਾ ਕਰਨ ਤਿਨ ਕੋ ਪਰਵਾਨ ॥ ਵਹੁ ਬਿਬੇਕੀ ਪੁਰਖ ਕਹਾਹੀ ॥ ਕਿਰਿਆ ਕਰਿ ਤਿਸੁ ਫਲ ਨਹੀ ਚਾਹੀ ॥੬੭॥ ਸਤ ਕਰਮ ਨਿਤ ਵਹਿ ਕਰੇਂ ॥ ਫਲ ਤਿਆਗ ਮੁਕਤ ਮਨ ਧਰੇਂ ॥ ਕਰਮੋ ਤੇ ਜਬ ਮਨ ਸੁਧ ਹੋਇ ॥ ਉਪਜੈ ਨਿਹਚੈ ਗਿਆਂਨ ਗਤਿ ਜੋਇ ॥੬੮॥ ਇਸ ਪ੍ਰਕਾਰ ਕਰਮ ਸਤ ਕਰੇ ॥ ਪ੍ਰਿਥਮੈਂ ਬਾਂਛਾ ਨਾ ਮਨ ਧਰੇ ॥ ਦੁਤੀਐ ਮੁਝ ਕੋ ਸਤ ਸਤ ਜਾਨੈ ॥ ਸਤ ਜਾਨ ਯਹਿ ਮੁਖੌ ਬਖਾਨੈ ॥੬੯॥ ਜੋ ਮੈ ਕਰੌ ਰਾਮ ਸਭ ਜਾਨੈ ॥ ਭਗਤ ਅਪਨੇ ਕੋ ਨਿਤ ਪਹਿਚਾਨੈ ॥ ਭਗਤ ਅਪਨੇਂ ਕਾ ਦੀਆ ਲੇ ॥ ਐਸੇ ਜਾਨ ਮਨ ਮੁਝ ਮੈ ਦੇ ॥੭੦॥ ਸਰਧਾ ਸੰਜੁਗਤ ਮੁਝ ਸਿਮਰਨ ਕਰੇ ॥ ਅਸਤੋਤ੍ਰ ਪਾਠ ਨਿਤ ਮੇਰੇ ਪੜੇ ॥ ਸੋ ਕਰਮ ਪੂਰਨ ਤੁਮ ਜਾਨੌ ॥ ਇਹ ਕਰਮੋ ਤੇ ਮੁਕਤਾ ਮਾਨੌ ॥੭੧॥ ਦਾਨ ਤਪਸਿਆ ਅਰ ਜਗ ਜੋਇ ॥ ਤਿਸ ਕਰਤੇ ਕੀ ਯਹਿ ਬਿਧ ਹੋਇ ॥ ਐਸੇ ਤਿਆਗ ਅਵਰ ਬਿਧ ਕਰੇ ॥ ਔਰ ਫਲ ਤਿਸ ਕਾ ਮਨ ਮੋ ਧਰੇ ॥੭੨॥ ਜੋ ਹੋਮੈ ਬੈਸੰਤਰ ਮਾਹਿ ॥ ਅਰ ਬ੍ਰਹਮਨ ਮਾਹਿ ਜੋ ਦਾਂਨ ਕਰਾਂਹਿ ॥ ਤਪਸਿਆ ਅਰੁ ਕਿਰਿਆ ਜੋ ਧਾਰੇ ॥ ਸੋ ਸਭ ਮਿਥਿਆ ਅਰਜਨ ਪਿਆਰੇ ॥੭੩॥ ਤਿਸ ਕਾ ਫਲ ਵਹੁ ਐਸੇ ਪਾਵੈ ॥ ਦੇਹ ਛਾਡ ਪ੍ਰੇਤ ਹੋ ਜਾਵੈ ॥ ਪ੍ਰੇਤ ਜੋਨ ਮੈ ਸਭ ਫਲ ਭੋਗੇ ॥ ਐਸੀ ਕਿਰਿਆ ਦੁਖ ਅਰ ਰੋਗੇ ॥੭੪॥

## ਟੀਕਾਕਾਰਵਾਚ ॥

ਚਉਪਈ ॥ ਟੀਕਾਕਾਰ ਅਬ ਐਸਾ ਕਹੇ ॥ ਪ੍ਰੇਤ ਅਰਥ ਜਿਉ ਮਨ ਮੋ ਲਹੇ ॥ ਜਿਨ ਜਗ ਦੇਹ ਮਾਨਸ ਕੀ ਪਾਈ ॥ ਅਪਨੇ ਸਰੂਪ ਸੋ ਪ੍ਰੀਤ ਨ ਲਾਈ ॥੭੫॥ ਅਪਨੇ ਆਪ ਕੌ ਮੂਲ ਨ ਜਾਨੈ ॥ ਆਪ ਬਰਨ ਆਸ੍ਰਮ ਵਹੁ ਮਾਨੈ ॥ ਬ੍ਰਹਮ ਅਦ੍ਵੈਤ ਕੋ ਜਾਨੈ ਨਾਹਿ ॥ ਸਦਾ ਪ੍ਰੀਤ ਦੇਹਿ ਸੋ ਆਹਿ ॥੭੬॥ ਸੋਈ ਨਰ ਮਾਨਸ ਪ੍ਰੇਤ ਕਹਾਵੈ ॥ ਦੇਹ ਮਾਹਿ ਪ੍ਰੇਤ ਫਲ ਪਾਵੈ ॥ ਜਿਨ ਜਾਨਿਆ ਹੈ ਅਪਨਾ ਆਪ ॥ ਤਿਸ ਤੇ ਰਹੇ ਦੂਖ ਸੰਤਾਪ ॥੭੭॥ ਜਗ ਮੈ ਸੁਫਲਾ ਤਿਨ ਕਾ ਆਵਨ ॥ ਦੇਹ ਮਾਹਿ ਜੋ ਹਰਿ ਕੋ ਪਾਵਨ ॥ ਪਹਿਚਾਨ ਆਪ ਭਿੰਨ ਦੇਹ ਤੇ ਰਹੈ ॥ ਏਕ ਅਦ੍ਵੈਤ ਸਦਾ ਵਹੁ ਗਹੈ ॥੭੮। ਤਿਨ ਕੋ ਬ੍ਰਹਮ ਰੂਪ ਤੁਮ ਮਾਨੋ ॥ ਪ੍ਰਭ ਅਵਤਾਰ ਤਿਨ ਕੋ ਪਹਿਚਾਨੋ ॥ ਖਾਲਸਾ ਤੁਮ ਭੀ ਐਸੇ ਕਰੋ ॥ ਆਪ ਪਹਿਚਾਨ ਹਰਿ ਮੈ ਚਿਤ ਧਰੋ ॥੭੯॥ ਪ੍ਰੇਤ ਨ ਹੋਵਹੁ ਸਮਝਹੁ ਗਾਥ ॥ ਪਵਿਤ੍ਰ ਪ੍ਰੇਤ ਦੋਊ ਤੁਮ ਹਾਥ ॥ ਸੋਈ ਹੋਵਹੁ ਜਿਸ ਮੋ ਮਨ ਲਾਵੌ ॥ ਜੈਸੀ ਮਤ ਤੈਸੀ ਗਤ ਪਾਵੌ ॥੮੦॥ ਗੁਰ ਉਪਕਾਰ ਯਹੀ ਤੁਮ ਜਾਨੋ ॥ ਗੁਰ ਬਚਨਨ ਕੋ ਕਿਰਪਾ ਮਾਨੋ ॥ ਆਗੇ ਧਾਰਨ ਤੁਮਰੇ ਹਾਥ ॥ ਕਹੀ ਅਮਰ ਗੁਰ ਤੁਮ ਕੋ ਗਾਥ ॥੮੧॥ ਅਪਨੇ ਖਾਏ ਸਭ ਅਘਾਵੈ ॥ ਬਿਨ ਖਾਏ ਕੋ ਨਾ ਤੋਖਾਵੈ ॥ ਅਵਰ ਸਭਿ ਤੁਮ ਆਸ ਤਿਆਗ ॥ ਅਪਨੇ ਆਪ ਮੈ ਨਿਸਦਿਨ ਲਾਗ ॥੮੨॥ ਤਰਨ ਤਾਰਨ ਸਭ ਤੁਮ ਹੀ ਹੋ ॥ ਅਵਰ ਨ ਤਾਰੇ ਤੁਮਕੋ ਕੋ ॥ ਤੁਮ ਸਭ ਬਾਸਦੇਵ ਹੋ ਭਾਈ ॥ ਜੈਸਾ ਧਾਰੋ ਤਿਉ ਹੋ ਜਾਈ ॥੮੩॥ ਸਪਤ ਦਸਵਾਂ ਧਿਆਇ ਪੂਰਨ ਭਇਆ ॥ ਸਰਧਾ ਬਿਭਾਗ ਨਾਮ ਤਿਸ ਲਹਿਆ ॥ ਅਤਿ ਉਤਮ ਹੈ ਇਸ ਮੋ ਬਾਤ ॥ ਜੇ ਕੋ ਸਮਝੈ ਮਨ ਮੈ ਸਾਤ ॥੮੪॥ ਸਮਝ ਬਾਤ ਫਿਰ ਧਾਰੇ ਸੋਇ ॥ ਤਿਸ ਕੋ ਆਵਾਗਵਨ ਨ ਹੋਇ ॥ ਆਵਾਗਵਨ ਭਰਮ ਹੈ ਭਾਈ ॥ ਏਕ ਬ੍ਰਹਮ ਮੈ ਅਵਰ ਨ ਕਾਈ ॥੮੫॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਸ਼੍ਰਧਾਤ੍ਰਯ ਵਿਭਾਗ ਯੋਗੋ ਨਾਮ ਸਤਾਰਵਾਂ ਧਿਆਇ ॥੧੭॥੧੬੪੪॥

## ਆਗੇ ਧਿਆਇ ਅਠਾਰਵਾਂ ਚਲਿਆ ॥

ਅਰਜਨੋਵਾਚ ॥

ਦੋਹਰਾ ॥ ਅਰਜਨ ਮੁਖ ਤੇ ਯਿਉ ਕਹੇ ਹੇ ਠਾਕੁਰ ਪ੍ਰਧਾਨ ॥ ਹੇ ਪ੍ਰਭ ਕੰਸ–ਨਿਸੂਦਨੋ ਹੇ ਗੋਬਿੰਦ ਸੁਜਾਨ ॥੧॥ ਦੋਹਰਾ ॥ ਸੰਸਾਰ ਬੈਰਾਗ ਤਿਆਗ ਜੋ ਸਭੀ ਬਤਾਵਹੁ ਮੋ ॥ ਤੁਮਰੀ ਕਿਰਪਾ ਤੇ ਹੇ ਪ੍ਰਭੂ ਸਭ ਮੈ ਜਾਨੌ ਸੋ ॥੨॥

ਸ਼੍ਰੀ ਭਗਵਾਨੋਵਾਚ ॥

ਦੋਹਰਾ ॥ ਮੁਖ ਸੌ ਕਹੇ ਗੋਬਿੰਦ ਜੀ ਹੇ ਪਾਰਥ ਸੁਨ ਲੇਹ ॥ ਭਿੰਨ ਭਿੰਨ ਸਭ ਤੁਝ ਕੋ ਕਹੋਂ ਸਮਝੋ ਮਨ ਚਿਤ ਦੇਹ ॥੩॥ ਦੋਹਰਾ ॥ ਸੰਸਾਰ ਕਰਮ ਤਿਆਗ ਕਰਿ ਜੋ ਸਰਨੀ ਆਵੈ ਮੋਹਿ ॥ ਮੇਰੀ ਸੇਵਾ ਨਿਤ ਕਰੇ ਬਾਂਛਾ ਧਰੇ ਨ ਕੋਇ ॥੪॥ ਦੋਹਰਾ ॥ ਸਰਬ ਬਿਆਪੀ ਜਾਨ ਕੈ ਮੁਝ ਮੈ ਰਹੈ ਸਮਾਇ ॥ ਯਿਉ ਵਰਤੇ ਜੋ ਜਗਤ ਮੈ ਸੋਈ ਤਿਆਗ ਕਹਾਇ ॥੫॥ ਦੋਹਰਾ ॥ ਏਕ ਸੁਧੀਜਨ ਯਿਉ ਕਹੇ ਸਗਲੇ ਕਰਮ ਤਿਆਗ ॥ ਬੁਰੇ ਭਲੇ ਸਭ ਤਿਆਗ ਕਰਿ ਆਤਮ ਕੇ ਸੰਗ ਲਾਗ ॥੬॥ ਦੋਹਰਾ ॥ ਭਲੇ ਹੈ ਬੇੜੀ ਸੂਰਨ ਕੀ ਬੁਰੇ ਲੋਹ ਕੀ ਜਾਨ ॥ ਦੋਨੋ ਬੰਧਨ ਰੂਪ ਹੈ ਤਿਆਗ ਦੋਊ ਪਰਵਾਂਨ ॥੭॥ ਦੋਹਰਾ ॥ ਅਵਰ ਬਿਬੇਕੀ ਯਿਉ ਕਹੇ ਜਗ ਦਾਨ ਤਪਸਿਆ ਜੋ ॥ ਤਿਨ ਕਾ ਤਿਆਗ ਨ ਕੀਜੀਐ ਅਵਰ ਤਿਆਗ ਜਬ ਹੋਇ ॥੮॥ ਦੋਹਰਾ ॥ ਮੈ ਅਬ ਯਹਿ ਬਿਧ ਭਾਖ ਹੋ ਹੇ ਅਰਜਨ ਪ੍ਰਧਾਨ ॥ ਤਿਆਗ ਤੀਨ ਪ੍ਰਕਾਰ ਕਾ ਅਪਨੇ ਮਨ ਮੈ ਮਾਨ ॥੯॥ ਦੋਹਰਾ ॥ ਜਗ ਤਪਸਿਆ ਦਾਨ ਯਹਿ ਨਹੀ ਤਿਆਗੇ ਮੂਲ ॥ ਬਿਬੇਕੀ ਇਨ ਕੋ ਨਿਤ ਕਰੇ ਜੋ ਤਿਆਗੇ ਸੋ ਭੂਲ ॥੧੦॥ ਦੋਹਰਾ ॥ ਗ੍ਰਿਹ ਗ੍ਰਿਹ ਭੋਜਨ ਜੋ ਪਕੇ ਇਹ ਜਾਨੋ ਸਭ ਕੋਇ ॥ ਦਾਤਾ ਭੁਗਤਾ ਬ੍ਰਹਮ ਹੈ ਆਪ ਕਰੇ ਜਗ ਸੋਇ ॥੧੧॥ ਦੋਹਰਾ ॥ ਸੰਜਮ ਦੁਤੀਏ ਭਾਉ ਤੇ ਨਿਸਦਿਨ ਕਰਤਾ ਜੋਇ ॥ ਬ੍ਰਹਮ ਬਿਨ ਅਵਰ ਨ ਪੇਖਤਾ ਯਹੀ ਤਪਸਿਆ ਹੋਇ ॥੧੨॥ ਦੋਹਰਾ ॥ ਦੇਹ ਭਾਉ ਤਿਆਗ ਕਰਿ ਧਾਰੈ ਨਿਤ ਜੋ ਗਿਆਂਨ ॥ ਸੀਸ ਅਰਪੈ ਭਗਵਾਨ ਪੈ ਉਤਮ ਹੈ ਯਹਿ ਦਾਂਨ ॥੧੩॥

ਟੀਕਾਕਾਰ ॥

ਸੋਰਠਾ ॥ ਤਪਸਿਆ ਜਗ ਅਰ ਦਾਨ ਐਸੇ ਭਾਖਿਓ ਭਗਵਾਨ ਜੀ ॥
ਅਰਜਨ ਰਿਦ ਨਹੀ ਮਾਨ ਤਬ ਮਾਧਵ ਜੀ ਕਹੈ ਅਵਰ ॥੧੪॥

ਸ਼੍ਰੀ ਭਗਵਾਨੋਵਾਚ ॥

ਚੌਪਈ ॥ ਅਰਜਨ ਸੁਨ ਸਾਧੋ ਕਾ ਤਿਆਗ ॥ ਸਤ ਗੁਨ ਮਾਹਿ ਰਹੈ ਵਹੁ ਲਾਗ ॥ ਬ੍ਰਹਮ ਗਿਆਨ ਬਿਨ ਮਨ ਨਹੀ ਆਵੈ ॥ ਅਰ ਮੇਰੀ ਮਹਿਮਾ ਨਿਤ ਵਹੁ ਗਾਵੈ ॥੧੫॥ ਸੋ ਸਭ ਸਤ ਕਰਮੋ ਕੋ ਕਰੈ ॥ ਮੁਝ ਅਰਪੈ ਫਲ ਮਨ ਨਹੀ ਧਰੈ ॥ ਉਤਮ ਤਿਆਗ ਪਾਰਥ ਯਹਿ ਹੋਇ ॥ ਗਿਆਨ ਪਾਵੈ ਇਸ ਤਿਆਗ ਤੇ ਸੋਇ ॥ ਸਾਂਤਕੀ ਤਿਆਗ ਐਸੀ ਬਿਧ ਅਹੈ ॥ ਕਰਮ ਫਲ ਤਿਆਗ ਮੁਕਤ ਕੋ ਲਹੈ ॥੧੬॥ ਰਾਜਸੀ ਤਿਆਗ ॥ ਚੌਪਈ ॥ ਅਬ ਸੁਨ ਰਾਜਸੀ ਤਿਆਗ ਬਤਾਵੌ ॥ ਦੇਹ ਅਭਿਮਾਨੀ ਤਿਸ ਕੌ ਪਾਵੌ ॥ ਦੇਹਿ ਕੇ ਦੁਖ ਤੇ ਵਹੁ ਨਿਤ ਡਰੈ ॥ ਇਸਨਾਨ ਆਦਿ ਕਰਮ ਨਾਂ ਕਰੈ ॥੧੭॥ ਰਾਜਸੀ ਤਿਆਗਿ ਐਸਾ ਹੀ ਹੋਇ ॥ ਬਪ ਕੇ ਸੁਖ ਮੈ ਪ੍ਰੀਤਮ ਸੋਇ ॥ ਅਗਿਆਨ ਅਹੰਕਾਰ ਸੌ ਕਰਮ ਤਿਆਗੈ ॥ ਤਮ ਤਿਆਗ ਮੈ ਵਹੁ ਨਰ ਲਾਗੈ ॥੧੮॥ ਇਸਨਾਨ ਆਦਿ ਲੇ ਕਰਮ ਸਭ ਕਰੇ ॥ ਫਲ ਤਿਨ ਕਾ ਮਨ ਮੌ ਨਹੀ ਧਰੇ ॥ ਐਸਾ ਪੁਰਖ ਬਿਬੇਕੀ ਜੋਇ ॥ ਬਾਛੇ ਨਿਤ ਮੁਕਤ ਕੌ ਸੋਇ ॥੧੯॥ ਭਲੇ ਕਰਮ ਕੀ ਨਿੰਦ ਨਾ ਕਰੈ ॥ ਸਤ ਕਰਮ ਨਿਤ ਮਨ ਮੈ ਧਰੈ ॥ ਫਲ ਤਿਨ ਕਾ ਕਛੁ ਬਾਂਛੈ ਨਾਹਿ ॥ ਕਰਮ ਕਰਿ ਅਰਪੈ ਈਸਰ ਮਾਹਿ ॥੨੦॥ ਨਿਹਕਾਂਮ ਕਰਮ ਤੇ ਗਿਆਨ ਕੋ ਪਾਵੈ ॥ ਗਿਆਨ ਪਾਇ ਸੁਖ ਸਹਜ ਸਮਾਵੈ ॥ ਅਰ ਜੋ ਕਹੈ ਮੈ ਕਰਮ ਤਿਆਗੇ ॥ ਸੋ ਮੂਰਖ ਝੂਠ ਕੋ ਲਾਗੇ ॥੨੧॥ ਵਰਤੇ ਨਹੀ ਦੇਹ ਬਿਨ ਕਰਮ ॥ ਦੇਹੀ ਚਲੈ ਕਰਮ ਕੇ ਧਰਮ ॥ ਇਕ ਪਲ ਦੇਹ ਬਿਨ ਕਰਮ ਨ ਰਹੈ ॥ ਕਰਮ ਬਿਨਾ ਦੇਹੀ ਜੜ ਅਹੈ ॥੨੨॥ ਕਰਮ ਤਿਆਗੈ ਕੋਈ ਨਾਂਹਿ ॥ ਝੂਠ ਤਿਆਗ ਕਹੈ ਮਨ ਮਾਂਹਿ ॥ ਤਾਤੇ ਜਬ ਲਗ ਗਿਆਂਨ ਨ ਹੋਇ

॥ ਨਿਹਕਾਮ ਕਰਮ ਕਰੇ ਨਿਤ ਸੋਇ ॥੨੩॥ ਕਰਮੋ ਕੇ ਫਲ ਤੀਨ ਪ੍ਰਕਾਰ ॥ ਦੁਖਦਾਇਕ ਸੁਖਦਾਇਕ ਯਾਰ ॥ ਸੁਖ ਦੁਖ ਹੋਇ ਦੋਨੋ ਜਿਹ ਮਾਹੀ ॥ ਪ੍ਰਕਾਰ ਤੀਸਰੇ ਪਰ ਸੋ ਆਹੀ ॥੨੪॥ ਸਾਸਤ੍ਰ ਸਾਂਖ ॥ ਅਬ ਸਾਂਖ ਸਾਸਤ੍ਰ ਕਾ ਬੀਚਾਰ ॥ ਸਾਂਖ ਭਗਤ ਜਿਉ ਕਹੇ ਪੁਕਾਰ ॥ ਦੇਹਧਾਰੀ ਮਾਨੁਖ ਜੋ ਆਹਿ ॥ ਬੁਰਾ ਭਲਾ ਜੋ ਕਰਮ ਕਰਾਂਹਿ ॥੨੫॥ ਕਰਤਾ ਤਿਨ ਮੈ ਇੰਦ੍ਰੀ ਅਹੈ ॥ ਬ੍ਰਹਮ ਅਕਰਤਾ ਨਿਸ ਦਿਨ ਰਹੈ ॥ ਪਰਮਾਤਮਾ ਅਲੇਪ ਨਿਤ ਦੇਖੈ ॥ ਸਭੀ ਕਰਮ ਇੰਦ੍ਰੀ ਕੇ ਪੇਖੈ ॥੨੬॥ ਇੰਦ੍ਰੀ ਦੇਹ ਅਨਿਤ ਜੋ ਆਹੀ ॥ ਅਨਿਤ ਕੇ ਕਰਮ ਅਨਿਤ ਕਹਾਹੀ ॥ ਅਰੁ ਆਤਮ ਨਿਤ ਪੂਰਨ ਅਹੈ ॥ ਸੋ ਅਕ੍ਰੈ ਅਲੇਪ ਨਿਤ ਰਹੈ ॥੨੭॥ ਦੇਹਿ ਝੂਠ ਸਭ ਕਰਮ ਤਿਸ ਕੂੜ ॥ ਆਤਮ ਸਤ ਦੇਹ ਪਗ ਧੂੜ ॥ ਜਿਨ ਕੀ ਬੁਧ ਨੇ ਯਹਿ ਗਤ ਜਾਨੀ ॥ ਸੋ ਹੈ ਸਾਂਖ ਸਾਸਤ੍ਰ ਕੇ ਮਾਨੀ ॥੨੮॥ ਬ੍ਰਹਮ ਅਲੇਪ ਅਕ੍ਰੈ ਤਿਨ ਜਾਨ ॥ ਅਦ੍ਵੈ ਸੋ ਤਿਨ ਕਾ ਮਨ ਮਾਂਨ ॥ ਬੁਧ ਅਹੰਕਾਰ ਤਿਸ ਨਰ ਕਾ ਗਇਆ॥ ਹੇ ਅਰਜਨ ਵਹੁ ਬ੍ਰਹਮ ਹੀ ਭਇਆ ॥੨੯॥ ਜੇ ਵਹੁ ਪੁਰਖ ਤ੍ਰਿਲੋਕੀ ਮਾਰੇ ॥ ਤਿਸ ਕੋ ਬੇਦ ਅਲੇਪ ਉਚਾਰੇ ॥ ਤਿਸ ਨੇ ਮਾਰਿਆ ਕੋਈ ਨਾਂਹਿ ॥ ਅਕ੍ਰੈ ਅਲੇਪ ਸੋਈ ਨਰ ਆਹਿ ॥੩੦॥ ਇਹ ਮਤ ਸਾਂਖ ਸਾਸਤ੍ਰ ਕਾ ਭਾਈ ॥ ਜਿਨ ਧਾਰਿਆ ਤਿਨ ਹੀ ਗਤ ਪਾਈ ॥ ਚੌਪਈ ॥ ਅਬ ਤੀਨ ਪ੍ਰਕਾਰ ਗਿਆਂਨ ਧਰ ਚੀਤ ॥ ਤੀਨ ਪ੍ਰਕਾਰ ਤਿਸ ਫਲ ਹੈ ਮੀਤ ॥੩੧॥ ਦੋਹਰਾ ॥ ਪ੍ਰਭ ਸਰਬ ਬਿਆਪੀ ਜਾਨ ਕੇ  ਲੋਕੋ ਸਭ ਸੁਖ ਦੇਹ ॥ ਬੁਰਾ ਨ ਬਾਂਛੇ ਕਿਸੀ ਕਾ  ਗਿਆਂਨ ਸਾਂਤਕ ਹੈ ਏਹ ॥੩੨॥ ਸੋਰਠਾ ॥ ਸਭਹੂੰ ਪ੍ਰਾਨੀਓ ਮਾਂਹਿ  ਭੇਦ ਬੁਧ ਜੋ ਕੀਜੀਐ ॥ ਰਾਜਸ ਗਿਆਂਨ ਯਹਿ ਆਹਿ  ਸਾਧ ਚੋਰ ਜੋ ਮਨ ਧਰੇ ॥੩੩॥ ਦੋਹਰਾ ॥ ਸਭ ਪ੍ਰਾਨੀਓ ਸੌ ਵੈਰ ਭਾਉ  ਬਚਨ ਕਠੋਰ ਜਿਹ ਮਾਂਹਿ ॥ ਬਚਨੋ ਡੰਸੈ ਸਭੀ ਕੌ  ਤਮ ਗਿਆਨ ਹੈ ਤਾਹਿ ॥੩੪॥ ਦੋਹਰਾ ॥ ਫਲ ਬਾਂਛੈ ਨਾ ਕਰਮ ਕਰ  ਹਰਖ ਸੋਗ ਨਹੀ ਕੋਇ ॥ ਨਿਹਕਾਂਮ ਕਰੇ ਨਿਰਮਮ ਸੋ

ਸਾਂਤਕ ਕਹੀਐ ਸੋਇ ॥੩੫॥ ਦੋਹਰਾ ॥ ਫਲ ਬਾਛਾ ਹੋਇ ਰਿਦੈ ਮੈ ਪਾਵੈ ਕਸਟ ਜੁ ਦੇਹਿ ॥ ਐਸੇ ਕਰਮ ਜੋ ਨਰ ਕਰੇ  ਰਾਜਸ ਕਹੀਐ ਏਹਿ ॥੩੬॥ ਦੋਹਰਾ ॥ ਲੋਕੋ ਕੋ ਦੁਖ ਦੇਵਤਾ  ਮਾਇਆ ਗਰਬ ਮੈ ਸੋਇ ॥ ਪ੍ਰਗਟ ਕਰੈ ਬਲ ਲੋਕ ਮੈ  ਤਮ ਗੁਨ ਕਰਮ ਹੈ ਸੋਇ ॥੩੭॥ ਦੋਹਰਾ ॥ ਮੁਖ ਤੇ ਕਹੈ ਮੁਝ ਨਾਹਿ ਕਛੁ  ਸਭੀ ਈਸਰ ਕਾ ਹੋਇ ॥ ਜਗ ਸਿਰਾਧ ਜੋ ਪੁਨ ਕਰੇ  ਫਲ ਬਾਛੈ ਨਹੀ ਕੋਇ ॥੩੮॥ ਦੋਹਰਾ ॥ ਜੋ ਤਿਸ ਜਗ ਕੇ ਕਰਨ ਮੈ  ਹਰਖ ਸੋਗ ਨਹੀ ਪਾਇ ॥ ਅਧਰਮ ਰਹਤ ਜੋ ਨਰ ਕਰੇ  ਸੋ ਸਾਂਤਕ ਮਨ ਲਾਇ ॥੩੯॥ ਦੋਹਰਾ ॥ ਫਲ ਬਾਂਛੈ ਕਰਤੂਤ ਕਾ  ਹਰਖ ਸੋਗ ਮਨ ਧਾਰ ॥ ਦਰਬ ਖਰਚ ਤੇਂ ਦੁਖ ਲਹੈ  ਫਲ ਤਿਹ ਹਰਖ ਬੀਚਾਰ ॥੪੦॥ ਦੋਹਰਾ ॥ ਘਾਤ ਕਰੇ ਜੀਉ ਜਗ ਬਿਖੈ  ਐਸਾ ਕਰਹੈ ਕੋਇ ॥ ਸੋਈ ਜਗ ਹੈ ਰਾਜਸੀ ਤਿਸ ਫਲ ਦੁਖ ਸੁਖ ਹੋਇ ॥੪੧॥ ਦੋਹਰਾ ॥ ਸੀਸ ਨਿਵਾਏ ਨਾਂਹਿ ਵਹੁ  ਅਰ ਬਿਧ ਸਾਸਤ੍ਰ ਨਹੀ ਕੋਇ ॥ ਲੋਕ ਡੰਡ ਮੈ ਜਗ ਕਰੇ  ਸੋ ਤਾਮਸ ਜਗ ਹੋਇ ॥੪੨॥ ਸੋਰਠਾ ॥ ਬੁਧ ਅਬ ਤੀਨ ਪ੍ਰਕਾਰ  ਸੁਨ ਅਰਜਨ ਤੁਝ ਕੋ ਕਹੌ ॥ ਪ੍ਰਿਥਮ ਸਾਤਕੀ ਬੀਚਾਰ  ਤੈਸੇ ਭਾਖੌ ਭਿੰਨ ਭਿੰਨ ॥੪੩॥ ਚਉਪਈ ॥ ਜਿਸ ਨਰ ਕੀ ਐਸੀ ਬੁਧ ਹੋਇ ॥ ਅਥਵਾ ਗ੍ਰਿਹਸਤ ਮਾਹਿ ਹੈ ਸੋਇ ॥ ਨਿਰਲੇਪ ਰਹੇ ਅਰੁ ਸੁਖੀ ਸਰੂਪ ॥ ਸਮ ਕਰ ਜਾਨੈ ਰੰਕ ਅਰੁ ਭੂਪ ॥੪੪॥ ਅਥਵਾ ਬਿਰਕਤ ਹੋਇ ਵਹੁ ਨੀਤ ॥ ਬਿਰਕਤ ਜੁਗਤ ਰਾਖੈ ਵਹੁ ਨੀਤ ॥ ਭਲਾ ਬੁਰਾ ਕਾਰਜ ਸਭ ਜਾਨੈ ॥ ਯਹਿ ਬੀਚਾਰ ਨਿਤ ਮਨ ਮੈ ਆਨੈ ॥੪੫॥ ਐਸੇ ਕਰੇ ਤਿਸ ਮੋ ਭਉ ਨਾਹੀ ॥ ਮੁਕਤ ਬੰਧ ਦੋਨੋ ਸਮਝਾਂਈ ॥ ਯਹਿ ਬਾਤ ਜਿਸ ਕੀ ਬੁਧ ਜਾਂਨੈ ॥ ਸੋ ਬੁਧ ਸਾਤਕ ਬੇਦ ਬਖਾਨੈ ॥੪੬॥ ਰਾਜਸੀ ਬੁਧ ॥ ਚੌਪਈ ॥ ਜਿਸ ਤੇ ਧਰਮ ਕੌ ਮੂਲ ਨ ਜਾਂਨੈਂ ॥ ਅਧਰਮ ਕੋ ਧਰਮ ਮਨ ਮਾਹਿ ਪਹਿਚਾਨੈਂ ॥ ਭਲੇ ਕਾਰਜ ਕੋ ਅਤ ਮੰਦ ਦੇਖੈ ॥ ਐਸੀ ਬਾਤ ਉਲਟੀ ਜੋ ਪੇਖੈ ॥ ਸੋ ਬੁਧ ਰਾਜਸ ਕੀ ਤੁਮ ਜਾਨੌ ॥ ਦੁਖ

ਸੁਖ ਐਸੀ ਬੁਧ ਕੌ ਮਾਨੌ ॥੪੭॥ ਤਾਮਸੀ ਬੁਧ ॥ ਚੌਪਈ ॥ ਪਾਪ ਕੋ ਨਿਹਚੈ ਧਰਮ ਹੀ ਜਾਨੈ ॥ ਅਗਿਆਂਨ ਅਹੰਕਾਰ ਬਿਨ ਅਵਰ ਨ ਮਾਨੈ ॥ ਸੋਈ ਬੁਧ ਤਾਮਸੀ ਹੈ ਮੀਤ ॥ ਨਰਕ ਜੋਨ ਕੀ ਸੋਈ ਰੀਤ ॥੪੮॥ ਦ੍ਰਿੜਤਾ ॥ ਚੌਪਈ ॥ ਤੀਨ ਪ੍ਰਕਾਰ ਦ੍ਰਿੜਤਾ ਤੁਮ ਜਾਨੋ ॥ ਪ੍ਰਿਥਮੈ ਦ੍ਰਿੜਤਾ ਸਾਤਕੀ ਮਾਨੋ ॥ ਮਨ ਬੁਧ ਪ੍ਰਾਨ ਇੰਦ੍ਰੀ ਸਭ ਜੋਇ ॥ ਹਰਿ ਸੋ ਜੋੜੇ ਸਭੀ ਵਹੁ ਸੋਇ ॥੪੯॥ ਬਿਕਾਰ ਮਾਹਿ ਮਨ ਮੂਲ ਨ ਜਾਵੈ ॥ ਅਨਨੁ ਭਗਤ ਵਹੁ ਨਿਤ ਕਮਾਵੈ ॥ ਦੇਹਿ ਹੋਮੈ ਜੋ ਆਤਮ ਮਾਂਹੀ ॥ ਐਸੀ ਦ੍ਰਿੜਤਾ ਸਾਂਤਕੀ ਆਹੀ ॥੫੦॥ ਰਾਜਸੀ ਦ੍ਰਿੜਤਾ ॥ ਜਿਸ ਕਰ ਕੁਲ ਕੇ ਕਰਮ ਸਤ ਮਾਨੈ ॥ ਉਪਜਾਵਨ ਦ੍ਰਬ ਕਾ ਉਦਮ ਜਾਨੈ ॥ ਖਾਵਨ ਪਹਿਰਨ ਇੰਦ੍ਰੀ ਭੋਗ ॥ ਦਾਨ ਪੁੰਨ ਮੈ ਨਿਸਦਿਨ ਹੋਗ ॥੫੧॥ ਫਲ ਮਾਗੈ ਪਹਿਲੇ ਪਾਛੈ ਕਰੇ ॥ ਦੁਖ ਸੁਖ ਮੈ ਨਿਸਦਿਨ ਵਹੁ ਪੜੇ ॥ ਸੋ ਦ੍ਰਿੜਤਾ ਹੈ ਰਾਜਸੀ ਭਾਈ ॥ ਤਿਸ ਤੇ ਆਵਾਗਵਨ ਭ੍ਰਮਾਈ ॥੫੨॥ ਤਾਮਸੀ ਦ੍ਰਿੜਤਾ ॥ ਜੋ ਜਾਗੇ ਤਾ ਚਿੰਤਾ ਲਹੇ ॥ ਨਹੀ ਬੇਸੁਰਤ ਹੋਇ ਸੋ ਰਹੇ ॥ ਲੋਕੋ ਸਾਥ ਕਰੇ ਬਕਬਾਦ ॥ ਦੁਰਬੁਧੀ ਬੋਲੇ ਨਿਤ ਵਾਦ ॥੫੩॥ ਯਹਿ ਜੋ ਆਖੇ ਤੀਨ ਪ੍ਰਕਾਰ ॥ ਆਪੁ ਨ ਲਖੈ ਇਨ ਤੇ ਗਾਵਾਰ ॥ ਸੋ ਦ੍ਰਿੜਤਾ ਤੁਮ ਤਾਂਮਸੀ ਜਾਨੋ ॥ ਨਰਕ ਅਧਿਕਾਰੀ ਤਿਨ ਕੋ ਮਾਨੋ ॥੫੪॥ ਦੋਹਰਾ ॥ ਕੀਰਤਨ ਪੂਜਾ ਅਰ ਕਥਾ ਇਨ ਮੈ ਜਿਸ ਅਭਿਆਸ ॥ ਤਿਸ ਕੇ ਅਘ ਸਭ ਨਾਸ ਹੋਹਿ ਪਰੇ ਨ ਜਮ ਕੀ ਫਾਸ ॥੫੫॥ ਦੋਹਰਾ ॥ ਸਕਲ ਦੁਖ ਤਿਸ ਕੇ ਗਏ ਸੰਸਾ ਰਹਿਓ ਨ ਕੋਇ ॥ ਮੁਝਿ ਅਬਿਨਾਸੀ ਕੇ ਬਿਖੈ ਵਹਿ ਨਰ ਪ੍ਰਾਪਤ ਹੋਇ ॥੫੬॥ ਦੋਹਰਾ ॥ ਤੀਨੋ ਗੁਨ ਅਤੀਤ ਵਹੁ ਜੋ ਸਭ ਜਾਨੈ ਏਕ ॥ ਏਕ ਹੀ ਰੂਪ ਗੋਬਿੰਦ ਹੈ ਦੀਸੈ ਜੋਊ ਅਨੇਕ ॥੫੭॥ ਸਾਂਤਕੀ ਸੁਖ ॥ ਚਉਪਈ ॥ ਪਹਿਲੇ ਕਸਟ ਜਿਸ ਕਰਤੇ ਪਾਇ ॥ ਵਹੁ ਦੁਖ ਬਿਖ ਸਮਾਂਨ ਦਿਖਰਾਇ ॥ ਅੰਮ੍ਰਿਤ ਸਮ ਪੀਛੇ ਸੁਖ ਪਾਵੈ ॥ ਸਦਾ ਪ੍ਰਸੰਨ ਸੁਖ ਮਾਹਿ ਸਮਾਵੈ ॥ ਐਸਾ ਸੁਖ ਸਾਂਤਕੀ ਹੋਇ ॥ ਜਿਸ ਕੌ ਅਹੈ

ਮੁਕਤ ਹੈ ਸੋਇ ॥੫੮॥ ਰਾਜਸੀ ਸੁਖ ॥ ਸੋਰਠਾ ॥ ਪ੍ਰਿਥਮੇ ਅੰਮ੍ਰਿਤ ਤੁਲਿ ਸੁਖ ਕਾਮ ਸੋ ਤੇ ਕੋ ਭੋਗਨਾ ॥ ਤਿਨ ਫਲ ਸੰਤਤ ਦੁਖ ਦਾਤੇ ਸੋਗ ਸਮੁੰਦ੍ਰ ਕੇ ॥੫੯॥ ਸੋਰਠਾ ॥ ਸੰਤਤ ਬੰਧਨ ਰੂਪ ਮੋਹ ਅਗਿਆਨ ਉਪਾਜਾਵਤੇ ॥ ਸੋ ਸੁਖ ਦੁਖ ਸਰੂਪ ਅਰਜਨ ਯਹਿ ਸੁਖ ਰਾਜਸੀ ॥੬੦॥ ਸੋਰਠਾ ॥ ਆਤਮ ਮੋਹਿਆ ਜਾਇ ਪ੍ਰਮਾਦ ਆਲਸ ਅਰ ਨੀਦ ਤੇ ॥ ਮਹਾ ਮੋਹ ਉਪਜਾਇ ਸੋ ਸੁਖ ਤਾਮਸ ਭਾਖੀਐ ॥੬੧॥ ਦੋਹਰਾ ॥ ਬ੍ਰਹਮਨ ਖਤ੍ਰੀ ਸੂਦ ਬੈਸ ਯਹਿ ਚਾਰੋ ਜੋ ਵਰਨ ॥ ਭਿੰਨ ਭਿੰਨ ਆਪਨ ਸੁਭਾਉ ਤੇਂ ਕਰਮ ਸੁਭਾਵਕ ਕਰਨ ॥੬੨॥ ਬ੍ਰਹਮਨ ਸੁਭਾਉ ॥ ਸ੍ਵੈਯਾ ॥ ਇੰਦ੍ਰੀ ਜੀਤਨ ਰਹਤ ਪਵਿਤ੍ਰ ਦ੍ਰਿੜ ਨਿਹਚਾ ਅਰੁ ਖਿਮਾ ਗਿਆਂਨ ॥ ਤਪਸਿਆ ਸਾਧਨ ਕੋਮਲ ਬੋਲਨ ਸਮ ਦਿਸਟੀ ਪੇਖਨ ਬਿਗਿਆਂਨ ॥ ਈਸਰ ਬਿਖੇ ਸਤਿ ਬੁਧਿ ਜਿਨ ਕੀ ਸੋ ਨਰ ਬਰਨ ਬ੍ਰਹਮਨ ਜਾਂਨ ॥ ਮਾਂਨ ਅਪਮਾਂਨ ਦੋਊ ਏਕ ਜਾਨੈ ਬ੍ਰਹਮਨ ਰੂਪ ਕੀ ਹੋਇ ਪਹਿਚਾਨ ॥੬੩॥ ਖਤ੍ਰੀ ਸੁਭਾਉ ॥ ਸ੍ਵੈਯਾ ॥ ਸੂਰਮਾ ਜੁਧ ਤੇ ਭਾਗੈ ਨਾਂਹੀ ਤੇਜਵੰਤ ਬਹੁ ਚਤੁਰ ਸੁਜਾਨ ॥ ਧੀਰਜਵੰਤ ਦਾਨ ਮੈ ਦਾਤਾ ਈਸਰ ਬਿਖੈ ਨਿਤ ਅਰਪੈ ਪ੍ਰਾਂਨ ॥ ਪਰਉਪਕਾਰੀ ਸਭ ਸੁਖ ਦੇਵੈ ਖਤ੍ਰੀ ਬ੍ਰਹਮਨ ਕੋ ਐਸਾ ਜਾਂਨ ॥ ਆਤਮ ਧਰਮ ਮੈ ਨਿਤ ਦ੍ਰਿੜ ਰਹਤਾ ਐਸਾ ਪੁਰਖ ਜਾਨੋ ਪ੍ਰਧਾਂਨ ॥੬੪॥ ਸੂਦ੍ਰ ਬੈਸ ਸੁਭਾਉ ॥ ਸ੍ਵੈਯਾ ॥ ਰਾਖੈ ਗਊਆ ਬੀਜੈ ਖੇਤੀ ਬਨਜ ਬੈਪਾਰ ਮੈ ਚੰਚਲ ਹੋਇ ॥ ਇਹ ਸੁਭਾਉ ਜਿਸ ਨਰ ਮੈ ਵਰਤੇ ਬਰਨ ਬੈਸ ਤੁਮ ਜਾਨੋ ਸੋਇ ॥ ਤੀਨ ਬਰਨ ਕੀ ਟਹਲ ਜੋ ਕਰਤਾ ਤਿਨ ਕੀ ਆਗਿਆ ਮੈ ਨਿਤ ਜੋ ॥ ਯਹਿ ਸੁਭਾਉ ਹੋਵੈ ਜਿਸ ਮਾਹੀ ਸੂਦ੍ਰ ਕਹੈ ਤਿਸ ਕੋ ਸਭ ਕੋ ॥੬੫॥ ਦੋਹਰਾ ॥ ਜੋ ਪ੍ਰਾਨੀ ਅਪ ਬਰਨ ਕੇ ਧਰਮੋ ਮੈ ਦ੍ਰਿੜ ਹੋ ॥ ਤਿਸ ਦ੍ਰਿੜਤਾ ਕੇ ਸੁਭਾਉ ਤੇ ਪਾਵਹਿ ਗਿਆਨ ਨਰ ਸੋ ॥੬੬॥ ਦੋਹਰਾ ॥ ਅਪਨੇ ਸੁਭਾਉ ਕੇ ਕਰਮ ਤੇ ਸਭ ਕੋ ਫਲ ਕੋ ਪਾਹਿ ॥ ਅਪਨੇ ਅਪਨੇ ਧਰਮ ਮੈ ਸੇਵੈ ਹਰਿਪੁਰ ਜਾਂਹਿ

॥੬੭॥ ਸੋਰਠਾ ॥ ਐਸਾ ਪਰਮ ਜੋ ਬ੍ਰਹਮ ਨਾਨਾ ਭਾਂਤ ਜਿਨ ਜਗ ਕੀਆ ॥ ਉਪਜਾਵੈ ਸਭ ਕੋਇ ਅਰੁ ਪ੍ਰਿਤਪਾਲੈ ਸਰਬ ਕੋ ॥੬੮॥ ਸੋਰਠਾ ॥ ਫੇਰ ਸੰਘਾਰੇ ਆਹਿ ਤਿਸ ਕੀ ਆਗਿਆ ਯਿਉ ਭਈ ॥ ਜੋ ਅਪਨਾਂ ਧਰਮ ਕਮਾਇ ਸੋ ਪ੍ਰਾਪਤ ਮੁਝ ਕੋ ਹੋਇਗਾ ॥੬੯॥

ਟੀਕਾਕਾਰਵਾਚ ॥

ਸੋਰਠਾ ॥ ਜਬ ਲਗ ਹੋਇ ਨ ਗਿਆਂਨ ਤਬ ਲਗ ਵਰਨ ਮੈ ਵਰਤੀਐ ॥ ਉਦੈ ਗਿਆਂਨ ਕੋ ਭਾਂਨ ਧਰਮ ਕਰਮ ਕੋ ਤਿਆਗੀਐ ॥੭੦॥ ਦੋਹਰਾ ॥ ਅਪਨੇ ਬਰਨ ਕੇ ਧਰਮ ਮੈ ਗਿਆਂਨ ਪ੍ਰਾਪਤ ਹੋਇ ॥ ਜਬ ਗਿਆਂਨ ਸੂਰ ਪ੍ਰਕਾਸਤਾ ਬ੍ਰਹਮ ਕੋ ਪਾਵੈ ਸੋਇ ॥੭੧॥ ਦੋਹਰਾ ॥ ਬਿਨਾ ਗਿਆਨ ਕੇ ਉਦੇ ਤੇ ਸਭ ਕੋ ਭ੍ਰਮ ਹੈ ਮੀਤ ॥ ਯਿਉ ਨਿਹਚਾ ਕੋ ਨਾ ਕਰੇ ਭ੍ਰਮਤੇ ਫਿਰਤੇ ਨੀਤ ॥੭੨॥ ਦੋਹਰਾ ॥ ਯਹਿ ਜੋ ਬਰਨ ਹੈ ਭਿੰਨ ਭਿੰਨ ਤਿਨ ਕੇ ਭਿੰਨ ਭਿੰਨ ਧਰਮ ॥ ਅਪਨੇ ਕਲਿਆਨ ਨਮਿਤ ਕੋ ਕਰਨ ਬਰਨ ਕੇ ਕਰਮ ॥੭੩। ਦੋਹਰਾ ॥ ਕਲਿਆਂਨ ਕੇ ਦਾਤੇ ਧਰਮ ਹੈ ਅਪਨੇ ਬਰਨ ਕੇ ਮੀਤ ॥ ਦੂਸਰੇ ਬਰਨ ਕੀ ਬਾਤ ਜੋ ਸ੍ਰੇਸਟ ਨ ਰਾਖੈ ਚੀਤ ॥੭੪॥ ਦੋਹਰਾ ॥ ਪਰਾਇਆ ਧਰਮ ਜੋ ਸ੍ਰੇਸਟ ਹੈ ਭੈ ਕਾ ਦਾਤਾ ਸੋਇ ॥ ਅਪਨੇ ਅਪਨੇ ਧਰਮ ਮੈ ਸਭਹੂ ਕੀ ਗਤਿ ਹੋਇ ॥ ੭੫॥ ਸੋਰਠਾ ॥ ਹੇ ਅਰਜਨ ਸੁਨ ਮੀਤ ਸਭ ਜਗ ਵਰਤੈ ਗੁਨੋ ਮੈ ॥ ਬਹੁ ਪ੍ਰਕਾਰ ਤਿਹ ਰੀਤ ਲਛਨ ਭਿੰਨ ਭਿੰਨ ਤੁਝ ਕਹੇ ॥੭੬॥ ਦੋਹਰਾ ॥ ਜਿਸ ਕੋ ਮੇਰੇ ਭਜਨ ਤੇ ਤੀਨੋ ਗੁਨ ਕਟਿ ਜਾਇ ॥ ਹੇ ਅਰਜਨ ਵਹੁ ਅਟਲ ਨਰ ਸਾਂਤ ਪ੍ਰਾਪਤ ਪਾਇ ॥੭੭॥ ਦੋਹਰਾ ॥ ਚਉਥਾ ਪਦ ਹੈ ਸਹਜ ਪਦ ਤੁਰੀਆ ਕਹੀਐ ਸੋਇ ॥ ਚਾਰੋ ਵਰਨ ਜੋ ਜਗਤ ਮੈ ਤਿਸੈ ਪ੍ਰਾਪਤ ਜੋ ਹੋਇ ॥੭੮॥ ਦੋਹਰਾ ॥ ਤਿਸ ਕੋ ਕਰਮ ਤਿਆਗ ਤੇ ਪਾਪ ਨ ਹੋਵੈ ਕੋਇ ॥ ਕਛੂ ਅਰੰਭ ਜੋ ਵਹਿ ਕਰੇ ਤਿਸ ਤੇ ਦੁਖ ਸਭ ਹੋਇ ॥੭੯॥ ਅਰੰਭ ਕਾ ॥ ਕਵਿਤ ॥ ਜੈਸੇ ਧੂਏ ਤੇ ਰਹਤ ਅਗਨ ਨਿਰਮਲ

ਜਲਤ ਹੋਇ ਧੂਏ ਕੀ ਲਕੜੀ ਤਿਨ ਮੈ ਲਿਆ ਮੇਲੀਐ ॥ ਕਾਲੀ ਕੇ ਸੰਗ ਤੇ ਵਿਗੜੇ ਹੈ ਅਗਨ ਵਹੁ ਜੋਤ ਤੇ ਰਹਤ ਹੋਇ ਮੰਦੀ ਕੇ ਕੇਲੀਐ ॥ ਤੈਸੇ ਜੋ ਤੁਰੀਆ ਮੈ ਪ੍ਰਾਪਤ ਭਇਓ ਕੋਈ ਨਰ ਸਾਂਤ ਸੁਖ ਤਿਆਗ ਅਰੰਭ ਬਿਖੇ ਖੇਲੀਐ ॥ ਚਉਥੇ ਪਦ ਵਾਲੇ ਕੋ ਸਭ ਅਰੰਭ ਦੁਖ ਹੈ ਤਿਨ ਕੋ ਬਿਨ ਸਾਂਤ ਪਦ ਕਾਰਜ ਸਭ ਛੇਲੀਐ ॥੮੦॥ ਦੋਹਰਾ ॥ ਤੁਰੀਆ ਪਦ ਜਿਸ ਕੋ ਭਇਓ ਤਿਸ ਕੇ ਲਛਨ ਏਹ ॥ ਹੇ ਅਰਜਨ ਤੁਝ ਅਬ ਕਹੌ ਸੋ ਮਨ ਮੌ ਦ੍ਰਿੜ ਲੇਹ ॥੮੧॥ ਕਵਿਤ ॥ ਕਿਸੀ ਸਾਥ ਮੋਹੁ ਨਾਹੀ ਉਦਾਸ ਰਹੇ ਦੇਹਿ ਮਾਹੀ ਆਸਾ ਕੋ ਤਿਆਗ ਕਰਿ ਅਪਨਾ ਮਨ ਜੀਤ ਹੈ ॥ ਕਰਮੋ ਮੋ ਸੰਨਿਆਸ ਰਹੈ ਆਤਮ ਮੈ ਬਾਸ ਲਹੈ ਬਾਛਾ ਨਾ ਕੋਈ ਕਰੈ ਨਿਸਚਲ ਤਿਹ ਚੀਤ ਹੈ ॥ ਨਿਰਮਲ ਚਿਤ ਭਇਓ ਸੋਇ ਧੀਰਜ ਅਰ ਗਿਆਂਨ ਹੋਇ ਸੁਨੈ ਨਹੀ ਕੋਈ ਬਾਤ ਗਿਆਨ ਮਨ ਪ੍ਰੀਤ ਹੈ ॥ ਇੰਦ੍ਰੀ ਤਿਹ ਸੋਇ ਗਈ ਇਕਾਂਤ ਠਉਰ ਕੋ ਗਈ ਆਤਮ ਕੇ ਮਿਲੇ ਤੇ ਤੂਟੀ ਭ੍ਰਮ ਭੀਤ ਹੈ ॥੮੨॥ ਚਉਪਈ ॥ ਪਾਛੇ ਜੋ ਲਛਨ ਸਭ ਕਹੇ ॥ ਇਹ ਸਭ ਲਛਨ ਸਾਧੁ ਅਹੇ ॥ ਕਿਸੇ ਸਾਥ ਮੋਹੁ ਨਹੀ ਕਰੇ ॥ ਪਰਮ ਸੁਖ ਮੈਂ ਮਨ ਕੋ ਧਰੇ ॥੮੩॥ ਜਗ ਮੈ ਜੀਤੇ ਤੀਨੌ ਬਾਤ ॥ ਜੋ ਅਬ ਭਾਖੌ ਤੁਝ ਕੋ ਤਾਤ ॥ ਪ੍ਰਿਥਮੇ ਐਸੀ ਬਾਤ ਮਨ ਧਰੇ ॥ ਸੰਸਾਰੀ ਨਰ ਕਾ ਸੰਗ ਨ ਕਰੇ ॥੮੪॥ ਤਿਨ ਸੌ ਮੁਖ ਤੇ ਬਾਤ ਨ ਕਰੇ ॥ ਚਿੰਤਾ ਸੰਸਾ ਰਿਦੈ ਨ ਧਰੇ ॥ ਦੇਹਿ ਬਚਨ ਮਨ ਕੀ ਯਹਿ ਬਾਤ ॥ ਤੀਨੋ ਕੋ ਜੀਤੇ ਯਹਿ ਭਾਂਤ ॥੮੫॥ ਮੁਝਿ ਧਿਆਨ ਮੋ ਨਿਸਦਿਨ ਰਹੈ ॥ ਮਮਤਾ ਰਹਤ ਸਾਂਤ ਕੋ ਗਹੈ ॥ ਬੈਰਾਗ ਰਹੈ ਜਗਤ ਕੇ ਮਾਂਹੀ ॥ ਬਲ ਅਹੰਕਾਰਿ ਗਰਬੁ ਤਿਸੁ ਨਾਂਹੀ ॥੮੬॥ ਕਾਮ ਕ੍ਰੋਧ ਅਰ ਲੋਭ ਤਿਆਗੇ ॥ ਬ੍ਰਹਮ ਰੂਪ ਮੁਕਤ ਮੈ ਪਾਗੇ ॥ ਸੋ ਵਹਿ ਮੁਕਤ ਭਇਆ ਹੈ ਮੀਤ ॥ ਬ੍ਰਹਮ ਰੂਪ ਹੋਇ ਤਿਸ ਕੀ ਰੀਤ ॥੮੭॥ ਸਦਾ ਪ੍ਰਸੰਨ ਆਤਮਾ ਮਾਹੀ ॥ ਕਿਸੀ ਵਸਤ ਕੀ ਚਿਤਵਨ ਨਾਹੀ ॥ ਅਨਹੋਤੀ ਵਸਤ ਕੀ ਚਾਹ ਨ ਕਰੇ ॥

ਅੰਮ੍ਰਿਤ ਸਮਤਾ ਮਨ ਮੈ ਧਰੇ ॥੮੮॥ ਜਿਸ ਮੋ ਐਸੇ ਲਛਨ ਹੋਇ ॥ ਬ੍ਰਹਮ ਰੂਪ ਕਹੀਐ ਹੈ ਸੋਇ ॥ ਚਉਥੇ ਪਦ ਮੈ ਪ੍ਰਾਪਤ ਹੋਇ ॥ ਬ੍ਰਹਮ ਰੂਪ ਆਪ ਹੀ ਹੋਇ ॥ ੮੯॥ ਅਥ ਭਗਤ ਬਰਨਨੰ ॥ ਮੇਰੀ ਭਗਤ ਅਬ ਆਗੈ ਜਾਨੋ ॥ ਬ੍ਰਹਮਭੂਤ ਸਭ ਮਾਹਿ ਪਛਾਨੋ ॥ ਜੈਸਾ ਮੁਝ ਪ੍ਰਤਾਪ ਹੈ ਮੀਤ ॥ ਸੋਈ ਭਗਤ ਜਾਨੈ ਸੁਭ ਰੀਤ ॥੯੦॥ ਮੇਰੇ ਜਾਨਨ ਕੇ ਉਪਰਾਂਤ ॥ ਪ੍ਰਾਪਤਿ ਹੋਵੈ ਤਿਸ ਕੋ ਸਾਂਤ ॥ ਮੇਰੇ ਮਾਹਿ ਵਹੁ ਪ੍ਰਾਪਤਿ ਭਇਆ ॥ ਜੈਸਾ ਜਲ ਸੌ ਜਲ ਮਿਲ ਗਇਆ ॥੯੧॥ ਦੋਹਰਾ ॥ ਐਸਾ ਮੇਰਾ ਦ੍ਰਿੜ ਭਗਤ ਰਹੇ ਜਗਤ ਕੇ ਮਾਹਿ ॥ ਮੁਝ ਕੌ ਨਿਸਦਿਨ ਸਿਮਰਤਾ ਕਾਰਜ ਕਿਰਤ ਕਰਾਹਿ ॥੯੨॥ ਦੋਹਰਾ ॥ ਮੇਰੇ ਭਜਨ ਪ੍ਰਸਾਦਿ ਤੇ ਸੋ ਭੀ ਮੁਝ ਮੈ ਆਇ ॥ ਮੇਰੇ ਉਤਮ ਪਦ ਬਿਖੇ ਵਹੁ ਭੀ ਪ੍ਰਾਪਤ ਪਾਇ ॥੯੩॥ ਦੋਹਰਾ ॥ ਹੇ ਅਰਜਨ ਮੈ ਤੁਝ ਕਹੌ ਅਬ ਤੂੰ ਯਿਉ ਕਰਿ ਮੀਤ ॥ ਸੰਸਾਰ ਕੀ ਚਿਤਵਨ ਤਿਆਗ ਕਰਿ ਨਿਹਚਲ ਰਾਖੋ ਚੀਤ ॥੯੪॥ ਦੋਹਰਾ ॥ ਹਰਿ ਬਿਨ ਜੋ ਮਨ ਚਿਤਵਤਾ ਬੁਧ ਸੌ ਪਕੜੋ ਯਾਰ ॥ ਬੁਧ ਸੋ ਮਨ ਪਕੜਾਇ ਕਰਿ ਨਿਤ ਅਨਿਤ ਬੀਚਾਰ ॥੯੫॥ ਦੋਹਰਾ ॥ ਮਨ ਕਾ ਚੇਤਾ ਮੁਝ ਬਿਖੈ ਨਿਸਦਿਨ ਜੋ ਨਰ ਲਾਇ ॥ ਦੁਖ ਸਮੁੰਦ੍ਰ ਸੰਸਾਰ ਜੋ ਤਿਸ ਕੋ ਵਹੁ ਤਰ ਜਾਇ ॥੯੬॥ ਚਉਪਈ ॥ ਜੋ ਮੁਝ ਆਗਿਆ ਤੂੰ ਮਾਨੇ ਨਾਹਿ ॥ ਮਮ ਅਹੰਕਾਰ ਕੋ ਰਿਦੇ ਬਢਾਇ ॥ ਅਪਨਾ ਬਿਨਾਸ ਅਹੰਕਾਰ ਮੈ ਜਾਨੋ ॥ ਆਪਨ ਦੁਖਦਾਈ ਆਪ ਕੋ ਮਾਨੋ ॥੯੭॥ ਜੋ ਤੂੰ ਕਹੈ ਮੈ ਜੁਧ ਨ ਕਰਤਾ ॥ ਯਹੀ ਬਾਤ ਝੂਠਿ ਮਨ ਧਰਤਾ ॥ ਖਤ੍ਰੀ ਦੇਹ ਹੈ ਤੇਰੀ ਭਾਈ ॥ ਸੋ ਸੁਭਾਉ ਤੁਝ ਜੁਧ ਕਰਾਹੀ ॥੯੮॥ ਕਰਾਏ ਵਹੁ ਪ੍ਰਕਿਰਤ ਤੁਝ ਜੁਧ ॥ ਯਹੀ ਬਾਤ ਜਾਨੋ ਤੁਮ ਸੁਧ ॥ ਜੈਸੇ ਸੁਭਾਉ ਹੋਇ ਦੇਹ ਮਾਹੀ ॥ ਤਿਸੀ ਸੁਭਾਉ ਤੇ ਬਪ ਵਰਤਾਹੀ ॥੯੯॥ ਤਿਸ ਕਾਰਨ ਮੈ ਨਿਸਚੈ ਜਾਨੋ ॥ ਜਦਪ ਮੋਹਿਆ ਤੁਝੈ ਪਹਿਚਾਨੋ ॥ ਮੋਹ ਸੋ ਕਹੌ ਜੁਧ ਨ ਕਰੋ ॥ ਕੈਰਵ ਘਾਤ ਨ ਮਨ ਮੋ ਧਰੋ ॥੧੦੦॥ ਸੁਭਾਉ ਖਤ੍ਰੀ ਕਾ ਤੁਝ

ਬਪ ਮਾਹੀ ॥ ਵਹੀ ਸੁਭਾਉ ਤੁਝ ਜੁਧ ਕਰਾਹੀ ॥ ਹੇ ਪਾਰਥ ਅਬ ਅਵਰ ਸੁਨ ਬਾਤ ॥ ਏਕ ਈਸਰ ਸਭ ਘਟ ਮੈ ਤਾਤ ॥੧੦੧॥ ਈਸਰ ਬਸੇ ਰਿਦੇ ਕੇ ਮਾਹਿ ॥ ਮਾਇਆ ਜੰਤ ਪਰ ਦੇਹਿ ਫਿਰਾਹਿ ॥ ਹੇ ਅਰਜਨ ਜੋ ਯਹਿ ਬਿਧ ਈਸਰ ॥ ਤਿਸ ਕੌ ਜਾਨੇ ਸਰਬ ਮੁਨੀਸਰ ॥੧੦੨॥ ਤੂੰ ਭੀ ਤਿਸ ਕੀ ਸਰਨੀ ਜਾਇ ॥ ਤਿਸ ਕਿਰਪਾ ਤੇ ਪਰਮ ਪਦ ਪਾਇ ॥ ਮੇਰਾ ਸਾਂਤ ਪਦ ਉਤਮ ਆਹੀ ॥ ਮੇਰੀ ਸਰਨ ਸਦਾ ਸੁਖ ਪਾਹੀ ॥੧੦੩॥ ਮੁਝ ਭਾਖਿਆ ਜੋ ਸਾਰਾ ਗਿਆਨ ॥ ਸੋ ਗਿਆਨ ਬਿਗਿਆਨ ਪਹਿਚਾਂਨ ॥ ਗੁਹਜ ਤੇ ਗੁਹਜ ਗਿਆਨ ਯਹਿ ਭਾਈ ॥ ਸਭ ਮਾਰਗ ਕੀ ਜੁਗਤ ਬਤਾਈ ॥੧੦੪॥ ਪਟ ਕਰਿ ਕੋ ਮਾਰਗ ਨਹੀ ਰਾਖਾ ॥ ਸਰਬ ਮਾਰਗ ਮੈ ਤੁਝ ਕੋ ਭਾਖਾ ॥ ਜਿਹ ਮਾਰਗ ਮੈ ਰੁਚ ਤੁਝ ਹੋਇ ॥ ਵਹੁ ਮਾਰਗ ਧਾਰੋ ਤੁਮ ਸੋਇ ॥੧੦੫॥ ਇਸ ਤੇ ਗੁਹਜ ਅਵਰ ਇਕ ਗਿਆਂਨ ॥ ਸੋ ਅਰਜਨ ਅਬ ਕਰੌ ਬਖਾਂਨ ॥ ਇਸ ਕਾਰਨ ਮੈ ਤੁਝ ਕੋ ਆਖੋ ॥ ਅਪਨਾਂ ਮਿਤ੍ਰ ਭਗਤ ਤੁਝ ਲਾਖੌ ॥੧੦੬॥ ਤੇਰੀ ਮਤ ਦ੍ਰਿੜ ਹੈ ਮੁਝ ਮਾਂਹੀ ॥ ਇਸ ਕਾਰਨ ਤੇ ਕਹੌ ਤੁਝ ਤਾਹੀ ॥ ਤੇਰੀ ਕਲਿਆਨ ਨਮਿਤ ਅਬ ਕਹੌ ॥ ਤੁਝ ਕੋ ਸਖਾ ਅਤਿ ਪ੍ਰੀਤਮ ਲਹੌ ॥੧੦੭॥ ਮਨ ਕਾ ਚੇਤਾ ਤੂੰ ਮੁਝ ਮੈ ਰਾਖ ॥ ਮੇਰੀ ਭਗਤ ਕਾ ਅੰਮ੍ਰਿਤ ਚਾਖ ॥ ਮੇਰੀ ਪੂਜਾ ਮਨ ਮੈ ਧਰੋ ॥ ਕਰ ਸੌ ਨਮਸਕਾਰ ਮੁਝ ਕਰੋ ॥੧੦੮॥ ਮੇਰਾ ਬਚਨ ਭਗਤੋ ਪੈ ਕਹੈ ॥ ਜੋ ਮਾਨੈ ਮੁਝ ਪਿਆਰਾ ਅਹੈ ॥ ਅਬ ਇਕ ਅਰਥ ਕਹੋ ਤੂੰ ਮਾਨ ॥ ਮੂਲ ਗਿਆਂਨ ਵਹੀ ਪਹਿਚਾਨ ॥੧੦੯॥ ਸਰਬ ਭਰਮ ਕੋ ਤਿਆਗੋ ਮੀਤ ॥ ਕੇਵਲ ਏਕ ਮੁਝ ਰਾਖੋ ਚੀਤ ॥ ਭਰਮ ਤਿਆਗ ਮੁਝ ਸਰਨੀ ਜਾਇ ॥ ਮੁਝ ਕਿਰਪਾ ਤੇ ਮੁਕਤ ਫਲ ਪਾਇ ॥੧੧੦॥ ਸਭਹੂੰ ਬਾਤ ਤੇ ਪਾਵੈ ਮੁਕਤ ॥ ਜੋ ਮੁਝ ਮਿਲੈ ਤੂੰ ਐਸੀ ਜੁਗਤ ॥ ਮਹਾਂ ਅਨੰਦ ਸੁਖ ਪਾਵੈ ਮੀਤਾ ॥ ਪੂਰਨ ਭਇਆ ਸੁਖ ਸਾਸਤ੍ਰ ਗੀਤਾ ॥੧੧੧॥ ਦੋਹਰਾ ॥ ਰਿਖੀਕੇਸ ਐਸੇ ਕਹੇ ਸੁਨਹੋ ਅਰਜਨ ਮੀਤ ॥ ਗੀਤਾ ਅਬ ਪੂਰਨ

ਭਈ ਅਵਰ ਸੁਨੌ ਦੇ ਚੀਤ ॥੧੧੨॥ ਦੋਹਰਾ ॥ ਇਹ ਜੋ ਗਿਆਂਨ ਮੈ ਤੁਝ ਕਹਾ ਸੋ ਅਤਿ ਉਤਮ ਆਹਿ ॥ ਬੇਮੁਖ ਜੋ ਮੁਝ ਭਗਤ ਤੇ ਕਹੋ ਨ ਤਿਨ ਕੇ ਮਾਹਿ ॥੧੧੩॥ ਸੋਰਠਾ ॥ ਅਰ ਜੋ ਤਪਸੀ ਹੋਇ ਭਗਤ ਨਹੀ ਮੁਝ ਰਿਦੇ ਤਿਸ ॥ ਤਿਸੈ ਨ ਕਹੀਐ ਸੋਇ ਐਸਾ ਗਿਆਂਨ ਜੋ ਗੁਹਜ ਹੈ ॥੧੧੪॥ ਦੋਹਰਾ ॥ ਸੁਨਨੈ ਕੀ ਜਿਸ ਪ੍ਰੀਤ ਨਾਹਿ ਤਾਹਿ ਨ ਆਖੋ ਮੀਤ ॥ ਇਤਨਿਓ ਕੋ ਨਹੀ ਆਖਣਾ ਦ੍ਰਿੜ ਕਰਿ ਰਾਖੋ ਚੀਤ ॥੧੧੫॥ ਚਉਪਈ ॥ ਭਗਤੌ ਕੋ ਜੋ ਗਿਆਨ ਸੁਨਾਵੈ ॥ ਸੋ ਮਾਨੁਖ ਮੁਝ ਕੋ ਅਤਿ ਭਾਵੈ ॥ ਤਿਸ ਸਮਾਨ ਮੈ ਅਵਰ ਨ ਕੋਈ ॥ ਮੁਝ ਕੋ ਭਗਤ ਪਿਆਰਾ ਸੋਈ ॥੧੧੬॥ ਪੀਛੇ ਆਗੇ ਅਬ ਜੋ ਮੀਤ ॥ ਤਿਸ ਸਮਾਨ ਰਾਖੌ ਨਾ ਚੀਤ ॥ ਜੋ ਮੇਰੇ ਭਗਤ ਮਾਹਿ ਯਹਿ ਭਾਖੈ ॥ ਸੋ ਅਤਿ ਪਿਆਰਾ ਮੁਝ ਕੋ ਲਾਖੈ ॥੧੧੭॥ ਅਰ ਜੋ ਇਸ ਕਾ ਅਰਥ ਨ ਜਾਨੈ ॥ ਪਾਠ ਮਾਤ੍ਰ ਹੀ ਸਦਾ ਬਖਾਨੈ ॥ ਗੀਤਾ ਸ੍ਰੇਸਟ ਜੁਗਤ ਹੈ ਜੋਇ ॥ ਤਿਸ ਕਰ ਮੁਝ ਅਤਿ ਪੂਜੈ ਸੋਇ ॥੧੧੮॥ ਗੀਤਾ ਪਾਠ ਵਹੁ ਜਬ ਲਗ ਕਰਤਾ ॥ ਤਿਸ ਕੇ ਨਿਕਟਿ ਮੈ ਤਬ ਲਗ ਰਹਤਾ ॥ ਇਸੀ ਭਾਂਤ ਨਿਕਟ ਤਿਸ ਫਿਰੌ ॥ ਬੋਲਾਇਆ ਤਿਸ ਕਾ ਮਨ ਮੈਂ ਧਰੌ ॥੧੧੯॥ ਜੈਸੇ ਕਿਸੈ ਬੁਲਾਵੈ ਕੋਇ ॥ ਤਿਸ ਕੇ ਨਿਕਟਿ ਵਹੁ ਪ੍ਰਾਪਤਿ ਹੋਇ ॥ ਤੈਸੇ ਪੜਿ ਕਰਿ ਮੁਝੇ ਬੁਲਾਵੈ ॥ ਅਪਨੇ ਨਿਕਟਿ ਵਹੁ ਮੁਝ ਕੋ ਪਾਵੈ ॥੧੨੦॥ ਮੇਰੀ ਬਾਤ ਯਹਿ ਨਿਹਚੈ ਜਾਨ ॥ ਜੋ ਸਰਧਾ ਤੇ ਸੁਨ ਕਰਿ ਮਾਨ ॥ ਅਰ ਸਤਿ ਸਤਿ ਮਨ ਅਪਨੇ ਧਰੇ ॥ ਮੇਰੇ ਬਚਨ ਕੀ ਨਿੰਦ ਨ ਕਰੇ ॥੧੨੧॥ ਜੋ ਕੋ ਵਰਤੇ ਇਤ ਪ੍ਰਕਾਰ ॥ ਤਿਸ ਨਰ ਕੌ ਤੂੰ ਮੁਕਤ ਬੀਚਾਰ ॥ ਸੰਸਾਰ ਬੰਧਨ ਸਭ ਕਾਟੈ ਵਹੁ ਜਨ ॥ ਪਾਵੈ ਮੇਰੀ ਭਗਤ ਕਾ ਜੋ ਧਨ ॥ ਸੋ ਮੇਰੇ ਪਦ ਪ੍ਰਾਪਤ ਹੋਇ ॥ ਆਵਾਗਵਨ ਨ ਪਾਵੈ ਸੋਇ ॥੧੨੨॥ ਦੋਹਰਾ ॥ ਗੀਤਾ ਕਾ ਉਪਦੇਸ ਜੋ ਤੁਝ ਕੋ ਭਾਖਿਓ ਮੀਤ ॥ ਇਕਾਗਰ ਮਨ ਤੇ ਸ੍ਰਵਨ ਕਰਿ ਰਾਖਿਓ ਹੈ ਤਿਹ ਚੀਤ ॥੧੨੩॥

ਸੋਰਠਾ ॥ ਹੇ ਅਰਜਨ ਯਹਿ ਗਿਆਂਨ ਜੋ ਤੁਝ ਸੁਨਿਆ ਪ੍ਰੀਤਿ ਕਰ ॥ ਭਇਓ ਨਸਟ ਮੋਹ ਅਗਿਆਂਨ ਨਿਸਚੈ ਕਰਿ ਕੇ ਮੁਝ ਗਹੋ ॥੧੨੪॥ ਅਰਜਨੋਵਾਚ ॥ ਦੋਹਰਾ ॥ ਅਰਜਨ ਕਹੇ ਭਗਵਾਨ ਪੈ ਹੇ ਅਚੁਤ ਅਬਿਨਾਸਿ ॥ ਤੁਮਰੀ ਕਿਰਪਾ ਤੇ ਪ੍ਰਭੂ ਮੋਹ ਭਇਓ ਮੁਝ ਨਾਸਿ ॥੧੨੫॥ ਦੋਹਰਾ ॥ ਗਿਆਨ ਭੀ ਆਇਓ ਮਨ ਬਿਖੈ ਬੁਧ ਪ੍ਰਕਾਸੀ ਮੋਹਿ ॥ ਹੇ ਪ੍ਰਭ ਤੁਮਰੇ ਬਚਨ ਤੇ ਸੰਸਾ ਰਹਿਓ ਨ ਕੋਇ ॥੧੨੬॥ ਦੋਹਰਾ ॥ ਲਾਭ ਅਲਾਭ ਤਿਆਗ ਕੇ ਜੁਧ ਕਰਹੌ ਹੇ ਮੀਤ ॥ ਪਰਮ ਹਰਖ ਸੌ ਬਚਨ ਤੁਮ ਜੋ ਰਾਖਿਓ ਹੈ ਮੀਤ ॥੧੨੭॥ ਸੰਜੈ ਵਾਚ ॥ ਦੋਹਰਾ ॥ ਸੰਜੈ ਕਹੈ ਧ੍ਰਿਤਰਾਸ਼ਟ੍ਰ ਕੋ ਹੇ ਰਾਜਾ ਸੁਭਮੰਤ ॥ ਅਰਜਨ ਪੁਰਖ ਸਰੂਪ ਕੌ ਜਿਉ ਭਾਖਿਓ ਭਗਵੰਤ ॥੧੨੮॥ ਚਉਪਈ ॥ ਬਾਸਦੇਵ ਸ਼੍ਰੀ ਕ੍ਰਿਸਨ ਕ੍ਰਿਪਾਲ ॥ ਕਰੁਣਾਮੈ ਗੋਬਿੰਦ ਦਇਆਲ ॥ ਅਰਜਨ ਨਰ ਸਰੂਪ ਹੈ ਜੋਇ । ਦੋਨੋ ਸੰਬਾਦ ਭਾਖਿਓ ਹੈ ਸੋਇ ॥੧੨੯॥ ਅਧਭੁਤ ਗੋਸਟ ਮਹਾ ਅਨੂਪ ॥ ਤਿਸ ਕੇ ਸੁਨੇ ਮਨ ਹਰਖਿਓ ਭੂਪ ॥ ਹਰਖ ਰੋਮ ਰੋਮ ਮੁਝ ਪਾਇਓ ॥ ਮਹਾਂ ਅਨੰਦ ਮੁਝ ਰਿਦ ਮੈ ਆਇਓ ॥੧੩੦॥ ਬਿਆਸਦੇਵ ਪ੍ਰਭ ਕੇ ਪ੍ਰਸਾਦਿ ॥ ਮੈ ਸੁਨਿਆਂ ਹੈ ਯਹਿ ਸੰਬਾਦਿ ॥ ਐਸੀ ਗੋਸਟਿ ਸੁਨੀ ਹੈ ਮੋਹਿ ॥ ਗੁਹਜ ਤੇ ਗੁਹਜ ਗਿਆਨ ਹੈ ਸੋਇ ॥੧੩੧॥ ਜੋ ਬਾਸਦੇਵ ਅਰਜਨ ਪ੍ਰਤਿ ਕਹਿਓ ॥ ਤਿਨ ਕੋ ਸੁਨਤੇ ਅਤਿ ਸੁਖ ਲਹਿਓ ॥ ਸਿਮਰ ਸਿਮਰ ਬੀਚਾਰੋ ਏਹ ॥ ਮੁਝਿ ਰੋਮ ਰੋਮ ਹਰਖ ਕੋ ਲੇਹ ॥੧੩੨॥ ਜੋ ਬਿਸਰੂਪ ਭਗਵਾਨ ਦਿਖਾਇਓ ॥ ਅਰਜਨ ਤਿਸ ਕਾ ਦਰਸਨ ਪਾਇਓ ॥ ਬਿਸਮ ਭਇਓ ਮੈ ਤਿਸ ਕੋ ਦੇਖ ॥ ਯਹੀ ਬਾਤ ਮੈ ਜਾਨੋ ਸੇਖ ॥੧੩੩॥ ਜਿਸ ਕੀ ਓਰ ਹੈ ਸ਼੍ਰੀ ਭਗਵਾਨ ॥ ਅਰਜਨ ਤਿਨ ਕੇ ਸਿਖ ਪਹਿਚਾਂਨ ॥ ਭਗਤ ਭਗਵੰਤ ਜਿਸਕੇ ਵਲ ਭਈਐ ॥ ਸ਼੍ਰੀ ਲਖਮੀ ਤਿਸੀ ਓਰ ਪਈਐ ॥੧੩੪॥ ਤਿਨ ਧਰਮੀ ਕੀ ਹੋਵੈ ਜੀਤ ॥ ਜਿਨ ਕੀ ਪੁੰਨ ਧਰਮ ਮੈ ਪ੍ਰੀਤ ॥ ਤੇਰੇ ਸੁਤ ਅਧਰਮੀ ਜੋ ॥ ਨਿਸਚੇ

ਕਰ ਹਾਰੈਂਗੇ ਸੋ ॥੧੩੫॥ ਦੁਰਜੋਧਨ ਹਾਰੇਗਾ ਸੁਨ ਰਾਜਾ ॥ ਪਾਂਡਵ ਜੀਤਹਿਗੇ ਸੁਭ ਕਾਜਾ ॥ ਯਹਿ ਨਿਸਚੈ ਮੇਰੇ ਮਨ ਆਈ ॥ ਜੋ ਤੁਝ ਕੋ ਮੈ ਕਹਿਓ ਸੁਨਾਈ ॥੧੩੬॥

ਟੀਕਾਕਾਰਵਾਚ ॥

ਚੌਪਈ ॥ ਅਸਟਾਦਸ ਧਿਆਇ ਗਿਆਂਨ ਜਿਹ ਰੀਤ ॥ ਭਾਖਾ ਤਿਸ ਕੀ ਕੀਤੀ ਮੀਤ ॥ ਅਧਭੁਤ ਬਾਤ ਇਸ ਧਿਆਇ ਮੋ ਅਹੈ ॥ ਜੋ ਕੋ ਮਨ ਮੋ ਐਸੇ ਲਹੈ ॥੧੩੭॥ ਸੋ ਨਰ ਪਰਮ ਗਤਿ ਕੋ ਪਾਵੈ ॥ ਪਰਮਗਤਿ ਪਾਇ ਸੁਖ ਸਹਜ ਸਮਾਵੈ ॥ ਤਿਸ ਉਪਰਾਂਤ ਸੁਖ ਅਵਰ ਨ ਕੋਇ ॥ ਜਿਸ ਨਰ ਪਾਇਓ ਜਾਨੈ ਸੋਇ ॥੧੩੮॥ ਗੀਤਾ ਉਪਦੇਸ ਖਾਲਸੇ ਮਾਂਹਿ ॥ ਸੋ ਖਾਲਸਾ ਇਸ ਮੈ ਵਰਤਾਹਿ ॥ ਤਿਆਗੇ ਸਰਬ ਧਰਮ ਕੋ ਭਾਈ ॥ ਏਕ ਅਕਾਲ ਕੀ ਜਬ ਸਰਨਾਈ ॥੧੩੯॥ ਸਭ ਕਛੁ ਜਾਨੈ ਏਕ ਅਕਾਲ ॥ ਐਸੇ ਜਾਨ ਕੇ ਹੋਇ ਨਿਹਾਲ ॥ ਜਿਨ ਪ੍ਰਭ ਸੰਸਕ੍ਰਿਤ ਮੈ ਭਾਖਿਓ ॥ ਫੇਰ ਤਿਸੀ ਭਾਖਾ ਮੈ ਆਖਿਓ ॥੧੪੦॥ ਬਿਨ ਗੋਬਿੰਦ ਦੂਜਾ ਕੋ ਨਾਹੀ ॥ ਜੋ ਦੀਸੈ ਸੋ ਹਰਿ ਹੀ ਆਹੀ ॥ ਹਰਿ ਜਾਨਨ ਕੀ ਦੋਨੋ ਬਾਤ ॥ ਗੁਰ ਕੇ ਬਚਨ ਸੁਨੇ ਕਰ ਸਾਤ ॥੧੪੧॥ ਯਾ ਅਪਨੀ ਜੋ ਅਨਭੈ ਹੋਇ ॥ ਜਾਨੈ ਏਕ ਗੋਬਿੰਦ ਹੈ ਸੋਇ ॥ ਜਿਉ ਗੋਬਿੰਦ ਆਪ ਕੋ ਪਾਵੈ ॥ ਆਪ ਪਾਇ ਆਪ ਮਾਹਿ ਸਮਾਵੈ ॥੧੪੨॥ ਪਾਵਨ ਖੋਵਨ ਸੁਪਨੇਂ ਮਾਹੀ ॥ ਜਗਨ ਮਾਹਿ ਏਕ ਹੀ ਆਹੀ ॥ ਸੁਪਨ ਮਾਹਿ ਏਤਾ ਕਛੁ ਭਇਆ ॥ ਸੁਪਨ ਮਾਹਿ ਗੁਰ ਸਿਖ ਸਭ ਲਹਿਆ ॥੧੪੩॥ ਪੂਰਨ ਬ੍ਰਹਮ ਸਭੀ ਕਛੁ ਦੇਖੈ ॥ ਸੁਪਨ ਮਾਂਹਿ ਬਾਜੀ ਸਭ ਪੇਖੈ ॥ ਖਾਲਸੇ ਕੋ ਸੁਪਨ ਮਾਹਿ ਯਹਿ ਆਖੋਂ ॥ ਕਹਨ ਸੁਨਨ ਸੁਪਨ ਮੈ ਲਾਖੋ ॥੧੪੪॥ ਜਾਗਨ ਮੈ ਦੋ ਨਾਹੀ ਭਾਈ ॥ ਵਹਦਤ ਕਸਰਤ ਤਹਾਂ ਨ ਕਾਈ ॥ ਤਬ ਵਹੁ ਏਕ ਆਪ ਹੀ ਰਹੈ ॥ ਏਕ ਕਹਨ ਭੀ ਕਹਨ ਮਨ ਨਹੀ ਚਹੈ ॥੧੪੫॥ ਏਕ ਤੇ ਅਨੇਕ ਹੋਇ ਆਵੈ ॥ ਬਾਜੀ ਸਾਜ ਫਿਰ ਖੇਲ ਰਚਾਵੈ ॥ ਅਬਾਚ ਦਿਸਾ ਮੋਨ ਹੈ

ਭਾਈ ॥ ਸਭ ਕਛੁ ਆਪ ਆਪ ਦਿਸਟਾਈ ॥੧੪੬॥ ਦੋਹਰਾ ॥ ਗੀਤਾ ਸਰੂਪ ਕੀ ਭਾਖਿਆ ਅਨੰਦਗੜ ਮੈਂ ਕੀਨ ॥ ਖਾਲਸੇ ਕੇ ਉਪਦੇਸ ਕੋ ਕਹੀ ਕ੍ਰਿਸਨ ਪ੍ਰਬੀਨ ॥੧੪੭॥ ਦੋਹਰਾ ॥ ਬੇਦ ਪੁਰਾਨ ਕਿਤਾਬ ਸਭ ਭਾਖਾ ਦੇਖੀ ਮੋ ॥ ਸਭ ਮੈ ਯਹਿ ਕਛੁ ਦੇਖਤਾ ਏਕੋ ਗੋਬਿੰਦ ਸੋ ॥੧੪੮॥ ਚਉਪਈ ॥ ਸਹੰਸਕ੍ਰਿਤ ਭਾਖਾ ਅਰ ਅਰਬੀ ॥ ਏਕ ਗੋਬਿੰਦ ਕੀ ਬੋਲੀ ਸਰਬੀ ॥ ਸਤ ਅਸਤ ਜੋ ਦਿਸਟੀ ਆਵੈ ॥ ਸੋ ਭੀ ਸਭੀ ਗੋਬਿੰਦ ਕਹਾਵੈ ॥੧੪੯॥ ਦਿਸਟ ਅਦਿਸਟ ਜੇਤਾ ਕਛੁ ਆਹਿ ॥ ਸੋ ਸਭ ਏਕ ਗੋਬਿੰਦ ਵਰਤਾਹਿ ॥ ਸਭ ਮਜਬ ਜਗਤ ਮੈ ਜੋ ॥ ਸੋ ਸਭ ਏਕ ਗੋਬਿੰਦ ਹੈ ਸੋ ॥੧੫੦॥ ਵੈਰ ਪ੍ਰੀਤ ਜਿਤਨੀ ਹੈ ਭਾਈ ॥ ਸੋ ਸਭ ਏਕ ਗੋਬਿੰਦ ਕਹਾਈ ॥ ਜੇਤੇ ਨਾਮ ਦ੍ਰਿਸਟ ਮੈ ਲਹੇ ॥ ਸੋ ਸਭ ਨਾਮ ਗੋਬਿੰਦ ਕੇ ਕਹੇ ॥੧੫੧॥ ਸੰਸਾਰ ਰੂਪ ਗੋਬਿੰਦ ਕੋ ਜਾਨੋ ॥ ਸਰਗੁਨ ਤੇ ਨਿਰਗੁਨ ਪਹਿਚਾਨੋ ॥ ਸਭੀ ਨਾਮ ਅਨਾਂਮ ਕੇ ਜਾਂਨੋ ॥ ਗੋਬਿੰਦ ਬਿਨਾ ਕਛੁ ਅਵਰ ਨ ਮਾਂਨੋ ॥੧੫੨॥ ਜਬ ਗੋਬਿੰਦ ਨਿਰਗੁਨ ਮੈਂ ਆਵੈ ॥ ਜੋ ਦੀਸੈ ਸੋ ਸਗਲ ਛਪਾਵੈ ॥ ਜਬ ਸਰਗੁਨ ਕੋ ਧਾਰੇ ਰੂਪ ॥ ਯਹਿ ਸਭ ਜਗ ਹੈ ਤਿਸੀ ਸਰੂਪ ॥੧੫੩॥ ਸੁਰਗੁਨ ਨਿਰਗੁਨ ਕਹੀਐ ਜੋਇ ॥ ਦੋ ਜਾਮੈ ਗੋਬਿੰਦ ਕੇ ਹੋਇ ॥ ਪਹਿਰੇ ਨਿਰਗੁਨ ਕਾ ਜਬ ਜਾਮਾ ॥ ਪਾਵੈ ਆਪ ਮਾਹਿ ਬਿਸ੍ਰਾਮਾ ॥੧੫੪॥ ਸੁਰਗੁਨ ਜਾਮਾ ਜਬ ਵਹੁ ਪਹਿਰੇ ॥ ਸਭ ਸੰਸਾਰ ਆਪ ਹੋ ਠਹਿਰੇ ॥ ਕਿਆ ਕਹੌਂ ਕਛੁ ਕਹਿਆ ਨ ਜਾਇ ॥ ਏਕ ਗੋਬਿੰਦ ਸਭ ਰਹਿਆ ਸਮਾਇ ॥੧੫੫॥ ਏਕ ਕਹਾ ਭੀ ਅਵਰ ਨ ਭਾਖੌਂ ॥ ਏਕੋ ਅਪਨੇ ਮਾਹਿ ਨਿਤ ਰਾਖੌਂ ॥ ਫਿਰ ਨਿਰਵਾਚ ਦਿਸਾ ਕੋ ਗਹੋ ॥ ਅਪਨੇ ਸੁਖ ਮੈ ਆਪ ਹੀ ਰਹੋ ॥੧੫੬॥ ਅਠਾਰਹ ਧਿਆਇ ਸੰਪੂਰਨ ਭਏ ॥ ਸੁਨੇ ਪੜੇ ਤੇ ਸਭ ਪਾਤਕ ਗਏ ॥ ਜੇ ਕੋ ਧਾਰੈ ਮਨ ਕੇ ਮਾਹਿ ॥ ਤਾਤਕਾਲ ਵਹੁ ਸਭ ਫਲ ਪਾਇ ॥ ੧੫੭॥

ਇਤਿ ਸ਼੍ਰੀਮਦ ਭਗਵਤ ਗੀਤਾ ਸੂਪਨਿਸ਼ਤ੍ਸੂ ਬ੍ਰਹਮ ਵਿਦਿਆਯਾਂ ਯੋਗ ਸ਼ਾਸਤ੍ਰੇ ਸ਼੍ਰੀ ਕ੍ਰਿਸ਼ਨ ਅਰਜਨ ਸੰਵਾਦੇ ਪਦਮ ਪੁਰਾਣੇ ਸਤੀ ਈਸਰ ਸੰਵਾਦੇ ਉਤਰਖੰਡੇ ਗੋਬਿੰਦ ਸਿੰਘ ਕ੍ਰਿਤੇਮੋਕਸ਼ ਸੰਨਿਆਸ ਯੋਗੋ ਨਾਮ ਅਠਾਰਵਾਂ ਧਿਆਇ ॥੧੮॥੧੮੦੧॥